Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ ਪੰਜਾਬੀ ਪੋਸਟ
Award winning newspaper | Canadian Punjabi Post
Vol 18 *Issue 101 | Monday, May 27, 2019 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper
THE ONLY DAILY PUNJABI NEWS
ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Advertising space available
MORE INFORMATION

# ਸਖ਼ਤ ਮਿਹਨਤ ਕਰਨ ਬਦਲੇ ਜੋਬਨਦੀਪ ਸੰਧੂ ਨੂੰ ਕੀਤਾ ਜਾਵੇਗਾ ਡੀਪੋਰਟ ?

## ਸੰਧੂ ਦੀ ਡੀਪੋਰਟੇਸ਼ਨ ਰੋਕਣ ਲਈ ਹਜ਼ਾਰਾਂ ਲੋਕਾਂ ਨੇ ਪਟੀਸ਼ਨ ਉੱਤੇ ਕੀਤੇ ਦਸਤਖ਼ਤ



ਟੋਰਾਂਟੋ, 26 ਮਈ (ਪੋਸਟ ਬਿਊਰੋ) : ਆਪਣੀ ਗ੍ਰੈਜੁਏਸ਼ਨ ਮੁਕੰਮਲ ਹੋਣ ਤੋਂ ਪਹਿਲਾਂ ਕਈ ਘੰਟੇ ਤੱਕ ਲਗਾਤਾਰ ਕੰਮ ਕਰਨ ਦੇ ਸਬੰਧ ਵਿੱਚ ਇੱਕ ਕੌਮਾਤਰੀ ਵਿਦਿਆਰਥੀ ਨੂੰ ਗ੍ਰਿਫਤਾਰ ਕਰਕੇ ਡੀਪੋਰਟ ਕਰਨ ਦੀ ਕੀਤੀ ਜਾ ਰਹੀ ਤਿਆਰੀ ਨੂੰ ਰੋਕਣ ਲਈ ਹਜ਼ਾਰਾਂ ਲੋਕਾਂ ਵੱਲੋਂ ਪਟੀਸ਼ਨ ਉੱਤੇ ਦਸਤਖ਼ਤ ਕੀਤੇ ਗਏ ਹਨ।

ਗੱਲ ਦਸੰਬਰ 2017 ਦੀ ਹੈ ਜਦੋਂ 22 ਸਾਲਾ ਜੋਬਨਦੀਪ ਸਿੰਘ ਸੰਧੂ ਨੂੰ ਟਰੱਕ ਚਲਾ ਕੇ ਮਾਂਟਰੀਅਲ ਤੋਂ ਵਾਪਿਸ ਟੋਰਾਂਟੋ ਆਉਂਦਿਆਂ ਰੋਕ ਕੇ ਗ੍ਰਿਫਤਾਰ ਕਰ ਲਿਆ ਗਿਆ। ਮੂਲ ਰੂਪ ਵਿੱਚ ਭਾਰਤ ਨਾਲ ਸਬੰਧਤ ਸੰਧੂ ਮਿਸੀਸਾਗਾ, ਓਨਟਾਰੀਓ ਦੇ ਕੈਨਾਡੋਰ ਕਾਲਜ ਵਿੱਚ ਮਕੈਨੀਕਲ ਇੰਜੀਨੀਅਰਿੰਗ ਦੀ ਪੜ੍ਹਾਈ ਕਰ ਰਿਹਾ ਸੀ ਤੇ ਜਦੋਂ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਵੱਲੋਂ ਉਸ ਨੂੰ ਰੋਕਿਆ ਗਿਆ ਤਾਂ ਉਸ ਨੂੰ ਡਿਪਲੋਮਾ ਮਿਲਣ ਵਿੱਚ ਸਿਰਫ 10 ਦਿਨ ਬਾਕੀ ਰਹਿ ਗਏ ਸਨ।

ਉਸ ਨੂੰ ਹਥਕੜੀਆਂ ਲਾ ਕੇ ਇਮੀਗ੍ਰੇਸ਼ਨ ਅਧਿਕਾਰੀਆਂ ਹਵਾਲੇ ਕਰ ਦਿੱਤਾ ਗਿਆ, ਜਿਨ੍ਹਾਂ ਨੇ ਇਹ ਤੈਅ ਕੀਤਾ ਕਿ ਉਸ ਨੂੰ ਕੈਂਪਸ ਵਿੱਚ ਪੜ੍ਹਾਈ ਕਰਨ ਦੇ ਨਾਲ ਨਾਲ ਸਿਰਫ 20 ਘੰਟੇ ਕੰਮ ਕਰਨ ਦੀ ਇਜਾਜ਼ਤ ਸੀ ਪਰ ਉਹ ਆਪਣੀ ਕੰਮ ਕਰਨ ਦੀ ਸਮਾਂ ਸੀਮਾਂ ਨਾਲੋਂ ਵੱਧ ਕੰਮ ਕਰ ਰਿਹਾ ਸੀ। ...ਬਾਕੀ ਪੰਨਾ 6 'ਤੇ

# 600 ਮਿਲੀਅਨ ਡਾਲਰ ਦੇ ਮੀਡੀਆ ਫੰਡ ਲਈ ਆਊਟਲੈੱਟਸ ਚੁਣਨ ਦੀ ਪ੍ਰਕਿਰਿਆ ਬਿਲਕੁਲ ਪਾਰਦਰਸ਼ੀ : ਰੌਡਰਿੱਗਜ਼



ਓਟਵਾ, 26 ਮਈ (ਪੋਸਟ ਬਿਊਰੋ) : 600 ਮਿਲੀਅਨ ਡਾਲਰ ਦੀਆਂ ਸਬਸਿਡੀਜ਼ ਦੇਣ ਲਈ ਮੀਡੀਆ ਆਊਟਲੈੱਟਸ ਦੀ ਚੋਣ ਕਰਨ ਲਈ ਜ਼ਿੰਮੇਵਾਰ ਮੰਤਰੀ ਦਾ ਕਹਿਣਾ ਹੈ ਕਿ ਇਸ ਸਬੰਧੀ ਫੈਸਲਾ ਕਰਨ ਦੀ ਪ੍ਰਕਿਰਿਆ ਬਹੁਤ ਹੀ ਪਾਰਦਰਸ਼ੀ ਹੈ।

ਕੈਨੇਡੀਅਨ ਹੈਰੀਟੇਜ ਮਨਿਸਟਰ ਪਾਬਲੋ ਰੌਡਰਿਗਜ਼ ਨੇ ਇੱਕ ਇੰਟਰਵਿਊ ਵਿੱਚ ਆਖਿਆ ਕਿ ਇਸ ਸਬੰਧੀ ਸਾਰੀ ਪ੍ਰਕਿਰਿਆ ਨੂੰ ਜਨਤਕ ਕੀਤਾ ਜਾਵੇਗਾ। ਕੈਨੇਡਾ ਵਿੱਚ ਸੱਭ ਤੋਂ ਵੱਡੀ ਪ੍ਰਾਈਵੇਟ ਸੈਕਟਰ ਯੂਨੀਅਨ ਯੂਨੀਫੌਰ ਦੇ ਨੁਮਾਇੰਦਿਆਂ ਨੂੰ ਉਸ ਪੈਨਲ ਵਿੱਚ ਸ਼ਾਮਲ ਕਰਨ, ਜਿਹੜਾ ਇਹ ਚੋਣ ਕਰੇਗਾ ਕਿ ਫੈਡਰਲ ਡਾਲਰਜ਼ (ਸਬਸਿਡੀਜ਼) ਲਈ ਕਿਹੜੇ ਮੀਡੀਆ ਆਊਟਲੈੱਟਸ ਠੀਕ ਰਹਿਣਗੇ, ਦੇ ਫੈਸਲੇ ਕਾਰਨ ਨਵਾਂ ਵਿਵਾਦ ਖੜ੍ਹਾ ਹੋ ਗਿਆ ਹੈ। ਮੰਤਰੀ ਵੱਲੋਂ ਇਸ ਫੈਸਲੇ ਦੇ ਹੱਕ ਵਿੱਚ ਹੀ ਉਕਤ ਟਿੱਪਣੀ ਕੀਤੀ ਗਈ।

ਪਿਛਲੇ ਕੁੱਝ ਸਾਲਾਂ ਵਿੱਚ ਲਿਬਰਲਾਂ ਨੇ ਨਿਊਜ਼ ਇੰਡਸਟਰੀ ਨੂੰ ਬਚਾਉਣ ਜਾਂ ਇਸ ਦਾ ਸਮਰਥਨ ਕਰਨ ਲਈ ਦਖਲ ਦੇਣ ਦੇ ਆਪਣੇ ਇਰਾਦੇ ਦਾ ਸੰਕੇਤ ਦੇਣਾ ਸ਼ੁਰੂ ਕੀਤਾ ਸੀ। ਜ਼ਿਕਰਯੋਗ ਹੈ ਕਿ ਪਿਛਲੇ ਦਹਾਕੇ ਦੌਰਾਨ ਨਿਊਜ਼ ਇੰਡਸਟਰੀ ਨਾਲ ਜੁੜੇ ਕਈ ਆਪਰੇਸ਼ਨ ਬੰਦ ਕੀਤੇ ਜਾ ਚੁੱਕੇ ਹਨ ਤੇ ਕਈ ਨੌਕਰੀਆਂ ਖ਼ਤਮ ਕੀਤੀਆਂ ਜਾ ਚੁੱਕੀਆਂ ਹਨ। 2019 ਦੇ ਬਜਟ ਵਿੱਚ ਸਰਕਾਰ ਨੇ ਕੈਨੇਡੀਅਨ ਜਰਨਲਿਜ਼ਮ ਦਾ ਸਮਰਥਨ ਕਰਨ ਦੀ ਆਪਣੀ ਯੋਜਨਾ ਬਾਰੇ ਦੱਸਿਆ। ...ਬਾਕੀ ਪੰਨਾ 6 'ਤੇ

# ਜੇਸਨ ਕੈਨੀ ਅਰਪਨ ਖੰਨਾ ਦੀ ਹਿਮਾਇਤ ਲਈ ਪਹੁੰਚੇ ਬਰੈਂਪਟਨ





ਬਰੈਂਪਟਨ, 26 ਮਈ (ਪੋਸਟ ਬਿਊਰੋ)- ਬਰੈਂਪਟਨ ਨਾਰਥ ਤੋਂ ਕੰਜ਼ਰਵੇਟਿਵ ਪਾਰਟੀ ਦੇ ਮੈਂਬਰ ਅਰਪਨ ਖੰਨਾ ਦੇ ਕੰਪੇਨ ਨੂੰ ਕੱਲ੍ਹ ਉਸ ਸਮੇਂ ਵੱਡਾ ਹੁੰਗਾਰਾ ਮਿਲਿਆ, ਜਦੋਂ ਅਲਬਰਟਾ ਦੇ ਪ੍ਰੀਮੀਅਰ ਅਤੇ ਸਾਬਕਾ ਇਮੀਗ੍ਰੇਸ਼ਨ ਮੰਤਰੀ ਜੇਸਨ ਕੈਨੀ ਉਸ ਦੀ ਹਿਮਾਇਤ ਲਈ ਫੰਡ ਰੇਜ਼ ਕਰਨ ਲਈ ਬਰੈਂਪਟਨ ਪਹੁੰਚੇ। ਇਸ ਫੰਡ ਰੇਜ਼ਿੰਗ ਲੰਚ ਦੌਰਾਨ 200 ਦੇ ਕਰੀਬ ਲੋਕਾਂ ਨੇ ਸ਼ਿਰਕਤ ਕੀਤੀ। ਜਿਨ੍ਹਾਂ ਵਿਚ ਬਰੈਂਪਟਨ ਨਾਰਥ ਅਤੇ ਆਸਪਾਸ ਦੇ ਇਲਾਕੇ 'ਚੋਂ ਕੰਜ਼ਰਵੇਟਿਵ ਸਮਰਥਕ ਸ਼ਾਮਲ ਸਨ। ਅਰਪਨ ਖੰਨਾ ਨੇ ਆਏ ਮਹਿਮਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬਰੈਂਪਟਨ ਦੇ ਮੈਂਬਰ ਪਾਰਲੀਮੈਂਟ ਬਰੈਂਪਟਨ ਨੂੰ ਫੇਅਰ ਸ਼ੇਅਰ ਦਿਵਾਉਣ ਵਿਚ ਅਸਮਰਥ ਰਹੇ ਹਨ। ਇਸ ਲਈ ਬਰੈਂਪਟਨ ਨੂੰ ਇਕ ਮਜਬੂਤ, ਦਿਨ-ਰਾਤ ਕੰਮ ਕਰਨ ਵਾਲਾ ਐਮਪੀ ਅਤੇ ਵਧੀਆ ਨੀਤੀਆਂ ਵਾਲੀ ਸਰਕਾਰ ਚਾਹੀਦੀ ਹੈ। ਉਨ੍ਹਾ ਕਿਹਾ ਮੈਂ ਵਾਅਦਾ ਕਰਦਾ ਹਾਂ ਕਿ ਮੈਂ ਬਰੈਂਪਟਨ ਨੂੰ ਨੈਸ਼ਨਲ ਸਿਆਸਤ ਦੇ ਉਨ੍ਹਾਂ ਲੋਕਾਂ ਦੀਆ ਨਜ਼ਰਾਂ ਵਿਚ ਲੈ ਆਵਾਂਗਾ, ਜਿਹੜੇ ਨੀਤੀਆਂ ਘੜਦੇ ਹਨ ਅਤੇ ਫੰਡਿੰਗ ਕਰਦੇ ਹਨ। ...ਬਾਕੀ ਪੰਨਾ 3 'ਤੇ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇਨ੍ਹੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

ALLKIND INSURANCE
NOW HIRING !!!
LIFE INSURANCE • SUPER VISA INSURANCE • CRITICAL ILLNESS INS • MORTGAGE INSURANCE • TRAVEL & VISITOR INS • DISABILITY INSURANCE • RESP & TFSA & RRSP • FUNERAL INSURANCE
SIMRAN SAINI 416.994.7272
www.allkindinsurance.com

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B
416-213-8600

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

INSURANCE
Home Auto
Business Trucking
R.E.S.P Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
Open Saturday
4515 Ebenezer Rd, Suite 211, Brampton, Ontario L6P2K7
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000407)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration • Real Estate
Family Law • Business Closing
Corporate • Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਹਲਫੀਆ ਬਿਆਨ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਸੰਪਰਕ ਕਰੋ।
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

ਕੀ ਤੁਸੀ ਕਾਕਰੋਚ, ਚੁੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ੍ਹ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets
Legal Basement
Completely Furnished
Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

Advertising Space Available!
647-767-8921
CONTACT US

CN Forklift Training Center
Counterbalance All Types • Walkie pallet Low Lift • Electric Motor Narrow Aisle Reach • Cherry Order Picker
Canadian National Forklift Safety Group
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

ਕੀ ਤੁਸੀ ਕਿੜੇ-ਮੁਕੌੜਿਆਂ ਤੋਂ ਪਰੇਸ਼ਾਨ ਹੋਂ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator
647.990.3205

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# AMAN TRAVEL
# ਅਮਨ ਟਰੈਵਲ

SPECIAL FARES TO DELHI & AMRITSAR

TICO # 50022741



LAST MINUTE DEALS AVAILABLE

GAURAV GUPTA
905.796.3535

ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ

218 KINGKNOLL DR., BRAMPTON, ON L6Y 4X4

# ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

Minimum 1 year experience & Trained mechanic

- 6 ਦਿਨ ਕੰਮ ਸੋਮਵਾਰ ਤੋਂ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ



Also need Body Shop Mechanic

ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.533.1100/416.278.7181 (9am to 6pm)

ਸਾਡੇ ਕੋਲ Brampton ਵਿਚ ਬਿਲਡਰ ਦੇ ਨਵੇਂ ਬਣੇ ਕੁੱਝ ਘਰ Sale ਲਈ ਹਨ। 90 ਦਿਨ ਦੀ Closing.



25 Picasso Dr

## HOUSE FOR SALE IN CASTLEMORE

ਬਰੈਂਪਟਨ ਦੇ ਕੈਸਲਮੋਅਰ ਏਰੀਆ ਵਿਚ 3000sqft ਦਾ ਅਪਗ੍ਰੇਡ ਕੀਤਾ ਗਿਆ ਘਰ। ਇਸ ਵਿੱਚ 5+2 ਬੈੱਡਰੂਮ ਅਤੇ 6 ਬਾਥਰੂਮ ਹਨ। Seperate Entry ਨਾਲ ਬੇਸਮੈਂਟ ਪੂਰੀ ਤਰ੍ਹਾਂ ਤਿਆਰ ਹੈ। ਸਾਰੇ ਘਰ ਵਿਚ ਹਾਰਡਵੁੱਡ ਪਈ ਹੈ। Front ਤੇ ਨਵੀਂ ਸਟੋਨ ਅਤੇ Stucco ਕੀਤੀ ਗਈ ਹੈ। ਨਵੀਆਂ ਗੈਰਾਜ ਡੋਰਾਂ। ਵੱਡੀ ਕਿਚਨ। ਬੈਕ ਤੇ ਵੱਡਾ ਡੈੱਕ ਅਤੇ Patio. ਸਾਰੇ ਘਰ ਦੇ ਦੁਆਲੇ ਸਟੈਂਪ ਕੰਕਰੀਟ ਹੈ। 4 ਕਾਰ ਦਾ Driveway ਬਿਨਾਂ ਸਾਈਡ ਵਾਕ ਤੋਂ। ਬੇਸਮੈਂਟ ਵਿੱਚ ਅਲੱਗ 2 ਹਿੱਸੇ ਬਣੇ ਹੋਏ ਹਨ। ਸਾਰੇ ਗ੍ਰੇਡ ਦੇ ਸਕੂਲਾਂ ਦੇ ਨੇੜੇ। Hwy 50 & Cottrelle Intersection. 45x92 ਫੁੱਟ ਦਾ ਪਲਾਟ। ਸਿਰਫ 6 ਸਾਲ ਨਵੇਂ ਘਰ ਨੂੰ ਦੇਖਣ ਲਈ ਅੱਜ ਹੀ ਕਾਲ ਕਰੋ।।

HURRY ! Limited Time

$1.99 Million



15 Harry Parker Pl, Everett

**Custom Bungalow** In Everett-Estates on a 1.61 Acre Lot., 3+2 Bedrooms & 4 Washrooms. 3 Garages. Alliston City ਦੇ ਬਿਲਕੁਲ ਨਾਲ. Pool & Cabanas. Fully Upgraded Worth of $150K In Upgrades. Brampton ਤੋਂ ਸਿਰਫ 40 ਮਿੰਟ ਦੀ ਦੂਰੀ ਤੇ ਸਥਿਤ ਇਸ ਵਧੀਆ ਬੰਗਲੋ ਨੂੰ ਦੇਖਣ ਲਈ ਅੱਜ ਹੀ ਕਾਲ ਕਰੋ।



Jagraj Sekhon
Sales Representative
Dir: 416-562-1176

Century 21 People's Choice Realty Inc, Brokerage



Dhanwant Gosal
Broker
Dir: 416-277-4153

TOTAL HOME Windows & Doors

ਮੰਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਢੇਰ ਸਾਰੀ ਬਚਤ ਪਾਓ!

## WINTER & SPRING SPECIAL SALE

- WINDOWS
- FIBERGLASS DOORS
- STEEL DOORS
- SLIDING PATIO DOORS

Guaranteed lowest Price up to 50% OFF

- Honest & fair prices
- Professional installation
- High quality products
- First class service



For 5 Stars Reviews Online & Testimonial visit:
https://thwindowsdoors.com/testimonials/

Phone: 416-661-6666 | Toll Free: 1-855-550-0610

7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com

# Data everywhere. No surprise charges anywhere.

NEW

NATION-WIDE. NO ZONES.
TALK, TEXT & DATA PLANS
$35/MO.

chatr™ AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

# ਜੇਸਨ ਕੈਨੀ ਅਰਪਨ ਖੰਨਾ ਦੀ ਹਿਮਾਇਤ ਲਈ ਪਹੁੰਚੇ ਬਰੈਂਪਟਨ

## ਅੱਜ ਨਾਮਾ

ਏਧਰ ਦਿੱਲੀ ਵਿੱਚ ਜਿੱਤ ਦੇ ਜਸ਼ਨ ਚੱਲਣ,
ਓਧਰ ਚੜ੍ਹ ਗਿਆ ਨਵਾਂ ਕੋਈ ਚੰਦ ਮੀਆਂ।
ਆਦਮੀ ਫੇਰ ਦੋ ਥਾਪੜ ’ਤੇ ਗਊ ਭਗਤਾਂ,
ਬਕਿਆ ਔਰਤ ਨੂੰ ਬਹੁਤ ਹੈ ਗੰਦ ਮੀਆਂ।
ਜਦੋਂ ਤੀਕ ਨਹੀਂ ਵੀਡੀਓ ਹੋਈ ਵਾਇਰਲ,
ਦਰਵਾਜ਼ਾ ਪੁਲਸ ਵੀ ਰੱਖਿਆ ਬੰਦ ਮੀਆਂ।
ਜਿਹੜੇ ਕਿਸੇ ਨੇ ਵੀਡੀਓ ਵੇਖ ਲਈ ਉਹ,
ਉਸ ਦੇ ਜੁੜੇ ਸਨ ਰਹਿ ਗਏ ਦੰਦ ਮੀਆਂ।
ਫੜਿਆ ਗਊ ਦਾ ਮਾਸ ਤਾਂ ਪੁਲਸ ਫੜਦੀ,
ਲਾਉਂਦੀ ਧਾਰਾ ਉਹ ਸਾਰੀਆਂ ਜੋੜ ਮੀਆਂ।
ਕਰਨੀ ਮਰਜ਼ੀ ਜੇ ਇੰਜ ਹੀ ਗਊ-ਭਗਤਾਂ,
ਕਾਹਦੀ ਪੁਲਸ ਦੀ ਰਹੂ ਫਿਰ ਲੋੜ ਮੀਆਂ।

ਤੀਸ ਮਾਰ ਖਾਂ

...ਪੰਨਾ 1 ਦਾ ਬਾਕੀ

ਅਲਬਰਟਾ ਦੇ ਪ੍ਰੀਮੀਅਰ ਜੇਸਨ ਕੈਨੀ ਨੇ ਟਰੂਡੋ ਸਰਕਾਰ ਉਤੇ ਤਿੱਖੇ ਹਮਲੇ ਕੀਤੇ ਅਤੇ ਦੱਸਿਆ ਕਿ ਕਿਸ ਤਰ੍ਹਾਂ ਟਰੂਡੋ ਸਰਕਾਰ ਕਰਪੋਰੇਟ ਅਦਾਰਿਆਂ ਨੂੰ ਬਾਹਰ ਜਾਣ ਲਈ ਮਜਬੂਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਟਰੂਡੋ ਸਰਕਾਰ ਨੇ ਤੇਲ ਦੀਆਂ ਪਾਇਪ ਲਾਈਨਾਂ ਨੂੰ ਵਿਛਾਉਣ ਵਿਚ ਅਸਮਰਥ ਰਹਿਣ ਉਤੇ ਅਲਬਰਟਾ ਤੇ ਕੈਨੇਡਾ ਦੀ ਆਰਥਿਕਤਾ ਨੂੰ ਵੱਡਾ ਘਾਟਾ ਪਾਇਆ ਹੈ। ਉਨ੍ਹਾਂ ਕਿਹਾ ਕਿ ਸਾਨੂੰ ਸਖਤ ਮਿਹਨਤ ਕਰਨ ਦੀ ਲੋੜ ਹੈ ਤਾਂ ਜੋ ਅਕਤੂਬਰ ਦੀਆਂ ਚੋਣਾਂ ਦੌਰਾਨ ਅਸੀਂ ਐਂਡ੍ਰਿਊ ਸ਼ੀਅਰ ਨੂੰ ਪ੍ਰਧਾਨ ਮੰਤਰੀ ਅਤੇ ਅਰਪਨ ਖੰਨਾ ਨੂੰ ਇਲੈਕਟਡ ਐਮਪੀ ਦੇਖ ਸਕੀਏ। ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰਾਂ ਵਿਚੋਂ ਕਿਸੇ ਵੀ ਉਮੀਦਵਾਰ




ਲਈ ਇਹ ਹੁਣ ਤੱਕ ਦਾ ਸਭ ਤੋਂ ਵੱਡਾ ਫੰਡ ਰੇਜ਼ਿੰਗ ਈਵੈਂਟ ਸੀ। ਇਸ ਤੋ ਪਹਿਲਾਂ ਈਟੋਬੀਕੋ ਨਾਰਥ ਤੋਂ ਸਰਬਜੀਤ ਕੌਰ ਦੇ ਫੰਡ ਰੇਜ਼ਿੰਗ ਈਵੈਂਟ ਵਿਚ ਡੱਗ ਫੋਰਡ ਸ਼ਿਰਕਤ ਕਰ ਚੁੱਕੇ ਹਨ।

# ਚੋਣਾਂ ਦੇ ਨਤੀਜੇ ਨਾਲ ਜਲੰਧਰ ਨਗਰ ਨਿਗਮ ਦੇ ਹਾਲਾਤ ਬਦਲਣਗੇ

ਜਲੰਧਰ, 26 ਮਈ (ਪੋਸਟ ਬਿਊਰੋ)- ਪੰਜਾਬ ਵਿੱਚ ਪਿਛਲੇ ਦੋ ਸਾਲ ਤੇ ਜਲੰਧਰ ਨਗਰ ਨਿਗਮ 'ਤੇ ਪਿਛਲੇ ਕਰੀਬ ਸਵਾ ਸਾਲ ਤੋਂ ਕਾਂਗਰਸ ਦੀ ਜਕੜ ਹੈ, ਪਰ ਲੋਕ ਸਭਾ ਚੋਣਾਂ ਦੇ ਨਤੀਜੇ ਨਾਲ ਜਿਸ ਤਰ੍ਹਾਂ ਅਕਾਲੀ-ਭਾਜਪਾ ਦੇ ਉਮੀਦਵਾਰ ਨੂੰ ਜਲੰਧਰ ਨਾਰਥ ਅਤੇ ਜਲੰਧਰ ਸੈਂਟਰਲ ਵਿਧਾਨ ਸਭਾ ਖੇਤਰ ਵਿੱਚ ਬੜ੍ਹਤ ਮਿਲੀ ਹੈ, ਉਸ ਨਾਲ ਨਗਰ ਨਿਗਮ ਬਾਰੇ ਕਈ ਸਵਾਲ ਖੜ੍ਹੇ ਹੋ ਗਏ ਹਨ ਅਤੇ ਮੰਨਿਆ ਜਾ ਰਿਹਾ ਹੈ ਕਿ ਚੋਣ ਨਤੀਜਿਆਂ ਨਾਲ ਹਾਲਾਤ ਬਦਲਣਗੇ।

ਵਰਣਨ ਯੋਗ ਹੈ ਕਿ ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਉਮੀਦਵਾਰ ਚੌਧਰੀ ਸੰਤੋਖ ਸਿੰਘ ਨੂੰ ਜਲੰਧਰ ਛਾਉਣੀ ਅਤੇ ਜਲੰਧਰ ਵੈਸਟ ਤੋਂ ਬੜ੍ਹਤ ਮਿਲੀ, ਪਰ ਉਹ ਜਲੰਧਰ ਨਾਰਥ ਅਤੇ ਜਲੰਧਰ ਸੈਂਟਰਲ ਤੋਂ ਪਿਛੜ ਗਏ ਹਨ। ਹੈਰਾਨੀ ਦੀ ਗੱਲ ਹੈ ਕਿ ਜਲੰਧਰ ਛਾਉਣੀ ਅਤੇ ਜਲੰਧਰ ਵੈਸਟ ਦੇ ਵਿਧਾਇਕ ਨਗਰ ਨਿਗਮ ਜਲੰਧਰ ਦੀ ਕਾਰਜ ਪ੍ਰਣਾਲੀ ਤੋਂ ਖੁਸ਼ ਨਹੀਂ ਹਨ ਅਤੇ ਕਈ ਵਾਰ ਜਨਤਕ ਰੂਪ ਵਿੱਚ ਰੋਸ ਪ੍ਰਗਟ ਕਰ ਚੁੱਕੇ ਹਨ। ਦੂਜੇ ਪਾਸੇ ਨਾਰਥ ਤੇ ਸੈਂਟਰਲ ਦੋਵਾਂ ਖੇਤਰਾਂ ਦੇ ਵਿਧਾਇਕ ਬਾਵਾ ਹੈਨਰੀ ਅਤੇ ਰਾਜਿੰਦਰ ਬੇਰੀ ਨਿਗਮ ਦੇ ਮੇਅਰ ਜਗਦੀਸ਼ ਰਾਜਾ ਦੇ ਕਰੀਬੀ ਮੰਨੇ ਜਾਂਦੇ ਤੇ ਉਨ੍ਹਾਂ ਦੇ ਸਮਰਥਕ ਹਨ। ਨਿਗਮ ਦੇ ਖੇਤਰਾਂ ਵਿੱਚ ਇਹ ਦੋਸ਼ ਲੱਗਦਾ ਹੈ ਕਿ ਵੈਸਟ ਅਤੇ ਛਾਉਣੀ ਖੇਤਰ ਨੂੰ ਵਿਕਾਸ ਦੇ ਕੰਮ ਵਿੱਚ ਅਣਦੇਖਿਆ ਕੀਤਾ ਜਾਂਦਾ ਹੈ ਅਤੇ ਨਿਗਮ ਵੱਲੋਂ ਸੈਂਟਰਲ ਅਤੇ ਨਾਰਥ ਦੇ ਵਿਕਾਸ ਕੰਮ ਪਹਿਲ ਦੇ ਆਧਾਰ 'ਤੇ ਕਰਵਾਏ ਜਾਂਦੇ ਹਨ। ਇਸ ਚਰਚਾ ਦੇ ਬਾਵਜੂਦ ਨਾਰਥ ਅਤੇ ਸੈਂਟਰਲ ਖੇਤਰ ਵਿੱਚ ਕਾਂਗਰਸ ਪਿਛੜੀ ਅਤੇ ਬਾਕੀ ਦੋ ਖੇਤਰਾਂ ਵਿੱਚ ਸਥਿਤੀ ਦੇ ਕਈ ਅਨੁਮਾਨ ਲਾਏ ਜਾ ਰਹੇ ਹਨ।

ਦੂਜੇ ਪਾਸੇ ਜਿਵੇਂ ਸ਼ਹਿਰ ਦੇ ਭਾਜਪਾ-ਅਕਾਲੀ ਸਮੱਰਥਕ ਆਪਣੇ ਉਮੀਦਵਾਰ ਦੇ ਹੱਕ ਵਿੱਚ ਭੁਗਤੇ ਹਨ, ਉਸ ਤੋਂ ਅੰਦਾਜ਼ੇ ਲੱਗ ਰਹੇ ਹਨ ਕਿ ਅਗਲੀਆਂ ਵਿਧਾਨ ਸਭਾ ਚੋਣਾਂ ਮੌਕੇ ਕਾਂਗਰਸ ਉਮੀਦਵਾਰਾਂ ਲਈ ਮੁਸ਼ਕਲ ਹੋ ਸਕਦੀ ਹੈ।

# ਸਿੱਖ ਮੋਟਰਸਾਈਕਲ ਕਲੱਬ ਨੇ ਡਾਇਆਬੀਟੀਜ਼ ਲਈ ਕੀਤਾ 15 ਹਜ਼ਾਰ ਡਾਲਰ ਇਕੱਤਰ




ਬਰੈਪਟਨ, 26 ਮਈ (ਪੋਸਟ ਬਿਊਰੋ)- ਕੱਲ੍ਹ ਸਿੱਖ ਮੋਟਰਸਾਈਕਲ ਕਲੱਬ ਵਲੋਂ ਰਾਈਡ ਅਗੇਨਸਟ ਡਾਇਆਬੀਟੀਜ਼ ਰਾਹੀਂ ਡਾਇਆਬੀਟੀਜ਼ ਕੈਨੇਡਾ ਲਈ 15 ਹਜ਼ਾਰ ਡਾਲਰ ਇਕੱਤਰ ਕੀਤੇ। ਸਿੱਖ ਮੋਟਰਸਾਈਕਲ ਕਲੱਬ ਵਲੋਂ ਇਹ ਰਾਈਡ ਓਂਟਾਰੀਓ ਖਾਲਸਾ ਦਰਬਾਰ ਤੋਂ ਸ਼ੁਰੂ ਕੀਤੀ ਗਈ, ਫੇਰ ਡਨਵਿਨ ਮਿਸੀਸਾਗਾ ਗੁਰਦੁਆਰਾ ਸਾਹਿਬ ਵਿਖੇ ਗਏ। ਉਸ ਤੋਂ ਬਾਅਦ ਸਿੱਖ ਸਪਿਰਚੁਅਲ ਸੈਂਟਰ ਵਿਖੇ ਪਹੁੰਚੇ। ਇਸ ਤੋਂ ਬਾਅਦ ਓਂਟਾਰੀਓ ਖਾਲਸਾ ਦਰਬਾਰ ਵਿਖੇ ਇਸ ਰਾਈਡ ਨੂੰ ਸਮਾਪਤ ਕੀਤਾ। ਇਸ ਰਾਈਡ ਵਿਚ 40 ਦੇ ਕਰੀਬ ਮੋਟਰਸਾਈਕਲ ਸਵਾਰਾਂ ਨੇ ਹਿੱਸਾ ਲਿਆ ਤੇ ਹਰ ਮੈਂਬਰ ਨੇ ਆਪਣੇ ਵਲੋਂ 200 ਡਾਲਰ ਪਾ ਕੇ 15 ਹਜ਼ਾਰ ਡਾਲਰ ਇਕੱਤਰ ਕੀਤੇ। ਮਿਸੀਸਾਗਾ, ਸਿੱਖ ਸਪਿਰਚੁਅਲ ਸੈਂਟਰ ਅਤੇ ਡਿਕਸੀ ਗੁਰਦੁਆਰਾ ਸਾਹਿਬ ਦੀਆਂ ਕਮੇਟੀਆਂ ਵਲੋਂ ਰਾਈਡ ਦੇ ਗੁਰੂ ਘਰਾਂ ਵਿਚ ਪਹੁੰਚਣ ਉਤੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ ਤੇ ਇਸ ਸਵਾਗਤ ਲਈ ਸਿੱਖ ਮੋਟਰਸਾਈਕਲ ਕਲੱਬ ਨੇ ਕਮੇਟੀਆਂ ਦਾ ਧੰਨਵਾਦ ਕੀਤਾ।

## ਸਹੁਰਿਆਂ ਨੇ ਜਵਾਈ ਦਾ ਕਤਲ ਕਰ ਛੱਡਿਆ

ਲੁਧਿਆਣਾ, 26 ਮਈ (ਪੋਸਟ ਬਿਊਰੋ)- ਬਾਬਾ ਮੁੰਦਰਾ ਵਾਲੀ ਕਲੋਨੀ, ਸਾਹਨੇਵਾਲ ਵਿੱਚ ਘਰੇਲੂ ਕਲੇਸ਼ ਕਾਰਨ ਸਹੁਰੇ ਪਰਵਾਰ ਨੇ ਜਬਰਦਸਤੀ ਘਰ ਵਿੱਚ ਵੜ ਕੇ ਜਵਾਈ ਦਾ ਕਤਲ ਕਰ ਦਿੱਤਾ। ਕੱਲ੍ਹ ਸਵੇਰੇ ਮ੍ਰਿਤਕ ਦੀ ਲਾਸ਼ ਖੂਨ ਨਾਲ ਲੱਥਪੱਥ ਗੇਟ ਕੋਲ ਪਈ ਮਿਲੀ। ਸੂਚਨਾ ਮਿਲਦੇ ਹੀ ਥਾਣਾ ਕੂੰਮਕਲਾਂ ਦੀ ਪੁਲਸ ਮੌਕੇ 'ਤੇ ਪੁੱਜੀ। ਇੰਸਪੈਕਟਰ ਦਵਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ ਵਕੀਲ ਚੰਦ (45) ਵਜੋਂ ਹੋਈ ਹੈ। ਉਹ ਕੱਪੜੇ ਦੀ ਦੁਕਾਨ ਉੱਤੇ ਨੌਕਰੀ ਕਰਦਾ ਸੀ। ਪੁਲਸ ਨੇ ਮ੍ਰਿਤਕ ਦੀ ਮਾਂ ਮਾਇਆਵਤੀ ਦੇ ਬਿਆਨ ਉਤੇ ਉਸ ਦੀ ਪਤਨੀ ਨਿਸ਼ਾ, ਗੋਬਿੰਦਗੜ੍ਹ ਵਾਸੀ ਸੱਸ ਤਾਰਾਵੰਤੀ, ਸਾਲੇ ਨੀਲਾ ਅਤੇ ਸ਼ੰਭੂ ਖਿਲਾਫ ਕਤਲ ਦਾ ਕੇਸ ਦਰਜ ਕਰ ਲਿਆ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated

19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਕਾਰੋਬਾਰੀ ਦੇ ਨਾਂ ਉੱਤੇ ਖਾਤਾ ਖੋਲ੍ਹ ਕੇ ਤਿੰਨ ਸਾਲ ਲੱਖਾਂ ਰੁਪਏ ਦੀ ਟਰਾਂਜ਼ੈਕਸ਼ਨ ਹੁੰਦੀ ਰਹੀ

ਲੁਧਿਆਣਾ, 26 ਮਈ (ਪੋਸਟ ਬਿਊਰੋ)- ਦਿੱਲੀ ਦੇ ਜਨਕਪੁਰੀ ਇਲਾਕੇ ਵਿਚ ਨੌਸਰਬਾਜ਼ ਨੇ ਲੁਧਿਆਣਾ ਦੇ ਕਾਰੋਬਾਰੀ ਦੇ ਨਾਂ ਉੱਤੇ ਖਾਤਾ ਖੋਲ੍ਹ ਕੇ ਕਈ ਸਾਲ ਉਸ ਵਿਚ ਲੱਖਾਂ ਰੁਪਏ ਦੀ ਟਰਾਂਜ਼ੈਕਸ਼ਨ ਕੀਤੀ। ਇਸ ਦਾ ਕਾਰੋਬਾਰੀ ਸੋਨੂੰ ਤਨੇਜਾ ਨੂੰ ਓਦੋਂ ਪਤਾ ਲੱਗਾ, ਜਦੋਂ ਇਨਕਮ ਟੈਕਸ ਦਾ ਨੋਟਿਸ ਆਇਆ। ਥਾਣਾ ਡਵੀਜ਼ਨ ਨੰਬਰ ਪੰਜ ਦੀ ਪੁਲਿਸ ਨੇ ਸੋਨੂੰ ਤਨੇਜਾ ਦੇ ਬਿਆਨਾਂ ਉੱਤੇ ਇਸ ਬਾਰੇ ਅਣਪਛਾਤੇ ਨੌਸਰਬਾਜ਼ ਦੇ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਸੋਨੂੰ ਤਨੇਜਾ ਦੇ ਮੁਤਾਬਕ ਉਨ੍ਹਾਂ ਦਾ ਮੈਰਿਜ ਡੈਕੋਰੇਸ਼ਨ ਦਾ ਕੰਮ ਹੈ। ਕੁਝ ਦਿਨ ਪਹਿਲਾਂ ਇਨਕਮ ਟੈਕਸ ਵਿਭਾਗ ਤੋਂ ਆਏ ਨੋਟਿਸ ਨੇ ਚਿੰਤਾ ਲਾ ਦਿੱਤੀ। ਵਿਭਾਗ ਨੇ ਦੱਸਿਆ ਕਿ ਉਨ੍ਹਾਂ ਦੇ ਐੱਚ ਡੀ ਐੱਫ ਸੀ ਬੈਂਕ ਦੇ ਖਾਤੇ ਵਿੱਚੋਂ ਸਾਲ 2009 ਤੋਂ ਸਾਲ 2011 ਤਕ ਲੱਖਾਂ ਰੁਪਏ ਟਰਾਂਜ਼ੈਕਸ਼ਨ ਹੋਈ ਹੈ। ਤਨੇਜਾ ਨੇ ਦੱਸਿਆ ਕਿ ਹੈਰਾਨੀ ਦੀ ਗੱਲ ਸੀ ਕਿ ਉਨ੍ਹਾਂ ਦਾ ਐੱਚ ਡੀ ਐੱਫ ਸੀ ਬੈਂਕ ਵਿਚ ਕੋਈ ਖਾਤਾ ਹੀ ਨਹੀਂ ਸੀ। ਸੋਨੂੰ ਨੇ ਬੈਂਕ ਤੋਂ ਪੁੱਛਿਆ ਤਾਂ ਪਤਾ ਲੱਗਾ ਕਿ ਸਾਲ 2009 ਵਿਚ ਲੁਧਿਆਣਾ ਵਿੱਚ ਅਣਪਛਾਤੇ ਵਿਅਕਤੀ ਨੇ ਉਨ੍ਹਾਂ ਦੇ ਨਾਂ ਦਾ ਖਾਤਾ ਖੁੱਲ੍ਹਵਾਇਆ ਤੇ ਸਾਲ 2011 ਵਿਚ ਬੰਦ ਕਰਵਾ ਦਿੱਤਾ ਸੀ।

PROPERTIES FOR SALE

5018 Eighth Line (Erin/Georgetown)
Country lot. Detached Bungalow. Close to town. Finished basement. Separate entrance Outbuildings. 3 + 1 bedroom 2 bathrooms

47 Eldomar, Brampton
Detached home. Good area Walking distance to everything Finished Basement.Separate entrance 3 bedrooms 2 bathrooms. Good Parking.

Angela MEYER
Sales Representative
Ipro Realty Ltd. Brokerage
905-691-0672
www.angelameyer.ca
RealEstateToAsk4@gmail.com

# ਬੱਚੇ ਨੂੰ ਮੋਟਰਸਾਈਕਲ ਨਾਲ ਟੱਕਰ ਮਾਰਨ ਵਾਲੇ 2 ਵਿਅਕਤੀਆਂ ਦੀ ਭਾਲ ਕਰ ਰਹੀ ਹੈ ਟੋਰਾਂਟੋ ਪੁਲਿਸ

ਟੋਰਾਂਟੋ, 26 ਮਈ (ਪੋਸਟ ਬਿਊਰੋ) : ਚਾਰ ਸਾਲਾ ਬੱਚੇ ਨੂੰ ਟੱਕਰ ਮਾਰਨ ਦੇ ਸਬੰਧ ਵਿਚ ਟੋਰਾਂਟੋ ਪੁਲਿਸ ਮੋਟਰਸਾਈਕਲ ਦੇ ਡਰਾਈਵਰ ਤੇ ਉਸ ਦੀ ਮਹਿਲਾ ਸਾਥੀ ਦੀ ਭਾਲ ਕਰ ਰਹੀ ਹੈ। ਪੁਲਿਸ ਵੱਲੋਂ ਪਹਿਲਾਂ ਦਿੱਤੇ ਬਿਆਨ ਵਿਚ ਆਖਿਆ ਗਿਆ ਕਿ ਬੱਚੇ ਦੀ ਹਸਪਤਾਲ ਵਿਚ ਮੌਤ ਹੋ ਗਈ। ਬਾਅਦ ਵਿਚ ਸਾਰਜੈਂਟ ਬ੍ਰੈਂਟ ਮੂਰੇ ਨੇ ਸਪਸ਼ਟ ਕੀਤਾ ਕਿ ਬੱਚਾ ਜੀਵਤ ਹੈ ਤੇ ਉਸ ਦਾ ਇਲਾਜ ਹਾਸਪਿਟਲ ਫੌਰ ਸਿੱਕ ਚਿਲਡਰਨ ਵਿਚ ਕੀਤਾ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਉਹ ਬੱਚੇ ਦੀ ਸਥਿਤੀ ਦੇ ਸਬੰਧ ਵਿਚ ਅੱਗੇ ਕੋਈ ਟਿੱਪਣੀ ਨਹੀਂ ਕਰ ਸਕਦੇ।



ਸਾਰਜੈਂਟ ਮੂਰੇ ਨੇ ਦੱਸਿਆ ਕਿ ਐਤਵਾਰ ਨੂੰ ਦੁਪਹਿਰੇ 1:30 ਵਜੇ ਵਿਕਟੋਰੀਆ ਪਾਰਕ ਐਵਨਿਊ ਤੇ ਸੇਂਟ ਕਲੇਅਰ ਐਵਨਿਊ ਈਸਟ ਨੇੜੇ ਟੱਕਰ ਮਾਰੀ ਗਈ। ਉਨ੍ਹਾਂ ਦੱਸਿਆ ਕਿ ਬੱਚਾ ਭੱਜਦਾ ਹੋਇਆ ਸੜਕ ਉੱਤੇ ਜਾ ਪਹੁੰਚਿਆ ਤੇ ਮੋਟਰਸਾਈਕਲ ਦੀ ਲਪੇਟ ਵਿਚ ਆ ਗਿਆ। ਪਰ ਡਰਾਈਵਰ ਰੁਕਿਆ ਹੀ ਨਹੀਂ। ਬਾਈਕ ਆਰੇਂਜ ਜਾਂ ਲਾਲ ਰੰਗ ਦੀ ਕਰੂਜ਼ਰ ਟਾਈਪ ਹਾਰਲੇਅ ਡੇਵਿਡਸਨ ਦੱਸੀ ਜਾਂਦੀ ਹੈ। ਹਾਦਸੇ ਸਮੇਂ ਮੋਟਰਸਾਈਕਲ ਸਵਾਰ ਵਿਕਟੋਰੀਆ ਪਾਰਕ ਲਾਗਿਓਂ ਉੱਤਰ ਵੱਲ ਜਾ ਰਹੇ ਸਨ। ਡਰਾਈਵਰ ਚੰਗੀ ਕੱਦ ਕਾਠੀ ਵਾਲਾ ਗੋਰੀ ਨਸਲ ਦਾ ਵਿਅਕਤੀ ਦੱਸਿਆ ਜਾਂਦਾ ਹੈ, ਜੋ ਕਿ ਆਪਣੇ 40ਵਿਆਂ ਵਿੱਚ ਹੋ ਸਕਦਾ ਹੈ। ਆਖਰੀ ਵਾਰੀ ਉਸ ਨੂੰ ਕਾਲੇ ਰੰਗ ਦੇ ਕੱਪੜੇ ਤੇ ਚਿੱਟੇ ਰੰਗ ਦੇ ਰਨਿੰਗ ਸੂਜ਼ ਵਿੱਚ ਦੇਖਿਆ ਗਿਆ ਸੀ। ਪੁਲਿਸ ਨੇ ਦੱਸਿਆ ਕਿ ਉਸ ਵਿਅਕਤੀ ਦੇ ਨਾਲ ਜਿਹੜੀ ਮਹਿਲਾ ਸੀ ਉਹ ਪੈਦਲ ਹੀ ਉੱਥੋਂ ਚਲੀ ਗਈ। ਉਸ ਬਾਰੇ ਦਿੱਤੀ ਗਈ ਜਾਣਕਾਰੀ ਅਨੁਸਾਰ ਉਹ ਵੀ ਗੋਰੀ ਨਸਲ ਦੀ 20 ਸਾਲਾਂ ਦੀ ਮਹਿਲਾ ਸੀ ਜਿਸ ਦੇ ਮੋਢਿਆਂ ਤੱਕ ਕੱਕੇ-ਭੂਰੇ ਵਾਲ ਸਨ ਤੇ ਉਸ ਨੇ ਨੀਲੇ ਰੰਗ ਦੀ ਰਿੱਪਡ ਜੀਨਜ਼ ਤੇ ਕਾਲੀ ਟੀ-ਸ਼ਰਟ ਤੇ ਰਨਿੰਗ ਸੂਜ਼ ਪਾਏ ਹੋਏ ਸਨ।

UK TRUCK TRAINING CENTRE
ukttc
PCC #179958
Registered as a Private Careers College
Forklift $79 Recertification


Kuldip Singh Grewal
647.894.8590
Automatic & Manual Trucks
1:1 Training
Air Brake Classes Sat-Sun 8am to 4pm
Forklift Training

Counterbalance
Reach Truck

17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2


LIVER CIRRHOSIS, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਸ਼ਰਾਬ ਛਡੱਣ ਦਾ ਸੋਖਾ ਤੇ ਸ਼ਰਤੀਆ ਇਲਾਜ਼
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
Heart Problems, Arteries blockage, ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ। ਜੇਕਰ ਤੁਸੀਂ stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਕਿਡਨੀ ਦੀ ਪਥਰੀ ਤੇ ਪਿਤੇ ਦੀ ਪਥਰੀ 7 ਤੋਂ 15 ਦਿਨਾਂ ਵਿੱਚ ਖਤਮ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, 13 ਤੋਂ 19 ਸਾਲ ਦੇ ਬਚਿਆਂ ਦਾ ਸੁਭਆ ਵਿੱਚ ਤਬਦੀਲੀ ਤੇ ਪੜ੍ਹਾਈ ਵਿੱਚ ਮੰਨ ਨਾ ਲਗਣਾ ਤੇ ਮਾਂ-ਬਾਪ ਨਾਲ ਚੰਗੀ ਤਰ੍ਹਾਂ ਗੱਲ ਨਾ ਕਰਣਾ ਤੇ ਖਾਣਾ ਪੀਣਾ ਬੰਦ ਕਰ ਦੇਣ ਦੇ ਪੱਕੇ ਇਲਾਜ ਲਈ ਸੰਪਰਕ ਕਰੋ।
ਲੇਡੀਜ਼ ਨੂੰ ਮਾਈਗਰੇਨ, ਸਿਰ ਦਰਦ ਤੇ ਜਿੱਦੀ ਛਾਈਆਂ ਵਰਗੀ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ ਤੇ ਆਪਣੇ ਚਿਹਰੇ ਦੀ ਖੁਬਸੂਰਤੀ ਨੂੰ ਵਧਾਓ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ, ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
100% Natural Cure | No Side Effect | ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

ShereGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)

Phone : 905-790-3636

Emergency Contact:
416.910.5676
www.shergilllawfirm.ca
2565 Steeles Ave E Unit #20,
Brampton, ON L6T 4L6

ਰਾਜਾ ਵੜਿੰਗ ਦਾ ਨਵਾਂ ਦਬਕਾ

# ਕਾਂਗਰਸੀਆਂ ਦੇ ਕੰਮ ਨਾ ਕਰਨ ਵਾਲੇ ਅਫਸਰਾਂ ਨੂੰ ਪੰਜ ਮਿੰਟ ਵਿੱਚ ਸਿੱਧਾ ਕਰ ਦਿਆਂਗੇ

ਬਠਿੰਡਾ, 26 ਮਈ, (ਪੋਸਟ ਬਿਊਰੋ)- ਇਸ ਪਾਰਲੀਮੈਂਟ ਹਲਕੇ ਤੋਂ ਤਾਜ਼ਾ-ਤਾਜ਼ਾ ਚੋਣ ਹਾਰੇ ਅਤੇ ਸਦਾ ਵਿਵਾਦਾਂ ਵਿੱਚ ਰਹਿਣ ਵਾਲੇ ਗਿੱਦੜਬਾਹਾ ਦੇ ਕਾਂਗਰਸੀ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਅੱਜ ਨਵਾਂ ਵਿਵਾਦਤ ਬਿਆਨ ਦੇ ਦਿੱਤਾ ਹੈ ਕਿ ਜਿਹੜਾ ਥਾਣੇਦਾਰ ਲੋਕਾਂ ਦੀ ਗੱਲ ਨਾ ਸੁਣੇਗਾ, ਉਸ ਨੂੰ ਪੰਜਾਂ ਮਿੰਟਾਂ ਵਿੱਚ ਸਿੱਧਾ ਕਰ ਦੇਣਗੇ। ਐਸਾ ਕਿਹੜਾ ਅਫਸਰ ਹੈ, ਜਿਸ ਨੂੰ ਅਸੀਂ ਬਾਂਹ ਤੋਂ ਫੜ ਕੇ ਬਾਹਰ ਨਹੀਂ ਕਰ ਸਕਦੇ? ਉਨ੍ਹਾਂ ਲੰਬੀ ਦੇ ਕਾਂਗਰਸੀਆਂ ਨੂੰ ਕੰਮ ਕਰਾਉਣ ਲਈ ਵੱਟਸਐਪ ਗਰੁੱਪ ਬਣਾਉਣ ਤੇ ਕਿਸੇ ਵੀ ਦਫ਼ਤਰ ਜਾਣ ਤੋਂ ਪਹਿਲਾਂ ਇਸ ਗਰੁੱਪ ਵਿੱਚ ਮੈਸਿਜ ਪਾਉਣ ਲਈ ਕਿਹਾ ਹੈ। ਉਂਜ ਉਨ੍ਹਾਂ ਤੋਂ ਪਹਿਲਾਂ ਸਟੇਜ ਤੋਂ ਕਈ ਕਾਂਗਰਸੀ ਸਰਪੰਚਾਂ ਨੇ ਵੀ ਭੜਾਸ ਕੱਢੀ ਹੈ।



ਪਤਾ ਲੱਗਾ ਹੈ ਕਿ ਲੋਕ ਸਭਾ ਚੋਣ ਹਾਰਨ ਪਿੱਛੋਂ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਜਦੋਂ ਧੰਨਵਾਦੀ ਦੌਰਾ ਕਰਨ ਲਈ ਲੰਬੀ ਦੇ ਹਲਕੇ ਵਿੱਚ ਗਏ ਤਾਂ ਉਨ੍ਹਾਂ ਦੇ ਪਹੁੰਚਣ ਤੋਂ ਪਹਿਲਾਂ ਪਿੰਡ ਵੜਿੰਗ ਖੇੜਾ ਦੇ ਸਰਪੰਚ ਦਰਸ਼ਨ ਸਿੰਘ, ਭੀਟੀਵਾਲਾ ਦੇ ਸਰਪੰਚ ਤੇ ਹੋਰ ਆਗੂਆਂ ਨੇ ਜ਼ਿਲ੍ਹਾ ਕਾਂਗਰਸ ਪ੍ਰਧਾਨ ਹਰਚਰਨ ਸਿੰਘ ਬਰਾੜ ਦੀ ਹਾਜ਼ਰੀ ਵਿੱਚ ਸਟੇਜ ਤੋਂ ਆਪਣੀ ਹੀ ਪਾਰਟੀ ਦੀ ਰਾਜ ਸਰਕਾਰ ਦੇ ਖਿਲਾਫ ਰੱਜਵੀਂ ਭੜਾਸ ਕੱਢੀ ਤੇ ਕਿਹਾ ਕਿ ਉਨ੍ਹਾਂ ਦੀ ਕਿਸੇ ਵੀ ਦਫ਼ਤਰ ਵਿੱਚ ਕੋਈ ਸੁਣਵਾਈ ਨਹੀਂ ਹੁੰਦੀ। ਕਈ ਸਰਪੰਚਾਂ ਨੇ ਇਥੋਂ ਤੱਕ ਕਿਹਾ ਕਿ ਉਹ ਆਪਣੇ ਲੀਡਰਾਂ ਦੇ ਦਰਾਂ ਅੱਗੇ ਦਰੀ ਵਿਛਾ ਕੇ ਬੈਠਣ ਨੂੰ ਮਜਬੂਰ ਹੋ ਜਾਣਗੇ। ਰੋਸ ਕਰਨ ਵਾਲਿਆਂ ਵਿੱਚ ਕਾਂਗਰਸ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਖੁੱਡੀਆਂ ਵੀ ਸ਼ਾਮਲ ਹੋ ਗਏ ਅਤੇ ਉਨ੍ਹਾਂ ਕਿਹਾ ਕਿ ਜਦ ਵੀ ਲੰਬੀ ਹਲਕੇ ਦਾ ਕੋਈ ਕਾਂਗਰਸੀ ਲੀਡਰ ਬੇਨਤੀ ਲੈ ਕੇ ਜਾਵੇ ਤਾਂ ਉਸ ਦੀ ਸੁਣਵਾਈ ਨਹੀਂ ਹੁੰਦੀ, ਇਸ ਲਈ ਪਾਰਟੀ ਵਰਕਰਾਂ ਵਿੱਚ ਨਾਰਾਜ਼ਗੀ ਹੈ।

ਮੀਟਿੰਗ ਦਾ ਮਾਹੌਲ ਉਦੋਂ ਭਖ ਪਿਆ, ਜਦੋਂ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਕੋਈ ਵੱਡਾ ਅਫ਼ਸਰ ਵੀ ਉਨ੍ਹਾਂ ਦੀ ਜਾਇਜ਼ ਗੱਲ ਨਾ ਸੁਣੇ ਤਾਂ ਉਸ ਦੇ ਨੱਕ ਵਿੱਚ ਦਮ ਕਰਨਾ ਉਨ੍ਹਾਂ ਨੂੰ ਆਉਂਦਾ ਹੈ। ਵੜਿੰਗ ਨੇ ਕਿਹਾ ਕਿ ਇੱਕ ਵੱਟਸਐਪ ਗਰੁੱਪ ਬਣਾ ਕੇ ਉਨ੍ਹਾਂ ਨੂੰ ਵੀ ਐਡ ਕਰ ਲਓ, ਜੋ ਕੰਮ ਹੋਏਗਾ, ਉਸ ਬਾਰੇ ਮੈਸੇਜ ਇਸ ਗਰੁੱਪ ਵਿੱਚ ਪਾਇਆ ਜਾਏਗਾ। ਜੇ ਕੋਈ ਥਾਣਾ ਮੁਖੀ ਜਾਂ ਹੋਰ ਅਫਸਰ ਕੰਮ ਨਾ ਕਰੇਗਾ ਤਾਂ ਉਸ ਨੂੰ ਜਾਣਾ ਪਵੇਗਾ, ਕਿਉਂਕਿ ਉਹ ਖੁਦ ਜਾ ਕੇ ਮੁੱਖ ਮੰਤਰੀ ਨੂੰ ਉਸ ਦੀ ਸ਼ਿਕਾਇਤ ਕਰ ਕੇ ਤਬਾਦਲਾ ਕਰਵਾ ਦੇਣਗੇ। ਰਾਜਾ ਵੜਿੰਗ ਨੇ ਕਿਹਾ, 'ਐਸਾ ਕਿਹੜਾ ਅਫ਼ਸਰ ਹੈ, ਜਿਸ ਨੂੰ ਆਪਾਂ ਬਾਂਹੋਂ ਫੜ ਕੇ ਬਾਹਰ ਨਹੀਂ ਕਰ ਸਕਦੇ!' ਉਨ੍ਹਾਂ ਕਿਹਾ ਕਿ ਇਸ ਤਰਾਂ ਜਿਹੜਾ ਥਾਣਾ ਮੁਖੀ ਤੁਹਾਡੀ ਗੱਲ ਨਹੀਂ ਸੁਣਦਾ, ਪੰਜਾਂ ਮਿਟਾਂ ਵਿੱਚ ਸਿੱਧਾ ਹੋ ਜਾਊਗਾ। ਜੇ ਕਾਂਗਰਸੀ ਵਰਕਰ ਇਕੱਠੇ ਹੋਣ ਤਾਂ ਕਿਸੇ ਅਫ਼ਸਰ ਦੀ ਕੋਈ ਤਾਕਤ ਨਹੀਂ। ਉਨ੍ਹਾਂ ਕਿਹਾ ਕਿ ਜੇ ਕੋਈ ਅਫ਼ਸਰ ਕਿਸੇ ਕਾਂਗਰਸੀ ਆਗੂ ਦਾ ਸਤਿਕਾਰ ਨਹੀਂ ਕਰੇਗਾ, 5 ਘੰਟੇ ਵਿੱਚ ਉਸ ਦੀ ਬਦਲੀ ਕਰਵਾ ਦਿੱਤੀ ਜਾਏਗੀ।

# ਸ਼ਾਰਦਾ ਚਿੱਟ ਫੰਡ ਕੇਸ: ਮਮਤਾ ਦੇ ਨੇੜੂ ਸਾਬਕਾ ਕਮਿਸ਼ਨਰ ਨੂੰ ਫੜਨ ਲਈ ਸੀ ਬੀ ਆਈ ਉਸ ਦੇ ਘਰ ਪਹੁੰਚੀ

## * 2,500 ਕਰੋੜ ਦੇ ਘਪਲੇ ਨਾਲ ਸਬੰਧਤ ਦੋਸ਼ੀ ਨਹੀਂ ਮਿਲਿਆ



ਨਵੀਂ ਦਿੱਲੀ, 26 ਮਈ, (ਪੋਸਟ ਬਿਊਰੋ)- ਕੋਲਕਾਤਾ ਦੇ ਸਾਬਕਾ ਪੁਲਸ ਕਮਿਸ਼ਨਰ ਰਾਜੀਵ ਕੁਮਾਰ, ਜਿਨ੍ਹਾਂ ਦੇ ਖ਼ਿਲਾਫ਼ ਸੀ ਬੀ ਆਈ ਨੇ ਪਹਿਲਾਂ ਤੋਂ ਲੁਕਆਊਟ ਨੋਟਿਸ ਕੱਢਿਆ ਹੋਇਆ ਹੈ, ਨੂੰ ਗ੍ਰਿਫਤਾਰ ਕਰਨ ਲਈ ਅੱਜ ਐਤਵਾਰ ਸ਼ਾਮ ਜਾਂਚ ਏਜੰਸੀ ਦੀ ਟੀਮ ਕੋਲਕਾਤਾ ਵਿੱਚ ਉਸ ਦੇ ਘਰ ਗਈ। ਅਧਿਕਾਰੀਆਂ ਨੇ ਦੱਸਿਆ ਕਿ ਸਾਰੇ ਹਵਾਈ ਅੱਡਿਆਂ ਉੱਤੇ ਰਾਜੀਵ ਕੁਮਾਰ ਦੇ ਖਿਲਾਫ ਅਲਰਟ ਜਾਰੀ ਕੀਤਾ ਗਿਆ ਹੈ, ਕਿਉਂਕਿ ਏਜੰਸੀ ਨੂੰ ਸ਼ੱਕ ਹੈ ਕਿ ਉਹ ਦੇਸ਼ ਛੱਡ ਕੇ ਵਿਦੇਸ਼ ਦੌੜ ਸਕਦੇ ਹਨ। ਇਸ ਲਈ ਇਮੀਗ੍ਰੇਸ਼ਨ ਏਜੰਸੀਆਂ ਨੂੰ ਵੀ ਚੌਕੰਨੇ ਰਹਿਣ ਲਈ ਕਿਹਾ ਗਿਆ ਹੈ।

ਵਰਨਣ ਯੋਗ ਹੈ ਕਿ ਰਾਜੀਵ ਕੁਮਾਰ 1989 ਬੈਚ ਦੇ ਅਫਸਰ ਹਨ ਤੇ ਕਰੀਬ 2,500 ਕਰੋੜ ਰੁਪਏ ਦੇ ਸ਼ਾਰਦਾ ਚਿਟ ਫੰਡ ਘਪਲੇ ਦੀ ਜਾਂਚ ਲਈ ਸਾਲ 2013 ਵਿੱਚ ਜਿਹੜੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਬਣਾਈ ਸੀ, ਉਨ੍ਹਾਂ ਨੂੰ ਇਸ ਦਾ ਮੁਖੀ ਲਾਇਆ ਗਿਆ ਸੀ। ਰਾਜੀਵ ਕੁਮਾਰ ਉੱਤੇ ਸਬੂਤਾਂ ਨਾਲ ਛੇੜਛਾੜ ਕਰਨ ਦੇ ਦੋਸ਼ ਲੱਗੇ ਹਨ। ਸ਼ਾਰਦਾ ਘਪਲੇ ਦੀ ਜਾਂਚ ਨਾਲ ਸਬੰਧਤ ਕੁਝ ਅਹਿਮ ਫਾਈਲਾਂ ਤੇ ਦਸਤਾਵੇਜ਼ ਗਾਇਬ ਹੋਣ ਦੀ ਗੱਲ ਵੀ ਕਹੀ ਜਾ ਰਹੀ ਹੈ। ਇਸੇ ਸੰਬੰਧ ਵਿੱਚ ਸੀ ਬੀ ਆਈ ਰਾਜੀਵ ਕੁਮਾਰ ਤੋਂ ਪੁੱਛਗਿੱਛ ਕਰਨਾ ਚਾਹੁੰਦੀ ਹੈ। ਉਨ੍ਹਾਂ ਨੂੰ ਸੁਪਰੀਮ ਕੋਰਟ ਨੇ ਗ੍ਰਿਫਤਾਰੀ ਤੋਂ ਛੋਟ ਮਿਲੀ ਹੋਈ ਸੀ, ਜਿਹੜੀ ਦੋ ਦਿਨ ਪਹਿਲਾਂ ਖਤਮ ਹੋ ਗਈ ਸੀ। ਅੱਜ ਸੀ ਬੀ ਆਈ ਟੀਮ ਜਦੋਂ ਉਨ੍ਹਾਂ ਦੇ ਘਰ ਗਈ ਤਾਂ ਰਾਜੀਵ ਕੁਮਾਰ ਓਥੇ ਨਹੀਂ ਮਿਲੇ ਅਤੇ ਸ਼ੱਕ ਕੀਤਾ ਜਾਂਦਾ ਹੈ ਕਿ ਉਹ ਵਿਦੇਸ਼ ਦੌੜ ਸਕਦੇ ਹਨ।

ਇਸ ਤੋਂ ਪਹਿਲਾਂ ਸੀ ਬੀ ਆਈ ਦੀ ਟੀਮ 3 ਫਰਵਰੀ ਨੂੰ ਜਦੋਂ ਕੁਮਾਰ ਦੇ ਘਰ ਪੁੱਛਗਿੱਛ ਲਈ ਗਈ ਸੀ ਤਾਂ ਉਸ ਸਮੇਂ ਕੋਲਕਾਤਾ ਪੁਲਿਸ ਨੇ ਸੀ ਬੀ ਆਈ ਟੀਮ ਨੂੰ ਹਿਰਾਸਤ ਵਿੱਚ ਲੈ ਲਿਆ ਸੀ ਅਤੇ ਮੁੱਖ ਮੰਤਰੀ ਮਮਤਾ ਬੈਨਰਜੀ ਖੁਦ ਪੁਲਸ ਕਮਿਸ਼ਨਰ ਰਾਜੀਵ ਕੁਮਾਰ ਦੀ ਹਮਾਇਤ ਵਿੱਚ ਅਤੇ ਸੀ ਬੀ ਆਈ ਦੀ ਕਾਰਵਾਈ ਦੇ ਵਿਰੋਧ ਵਿੱਚ ਧਰਨੇ ਉੱਤੇ ਜਾ ਬੈਠੇ ਸਨ। ਇਸ ਦੇ ਬਾਅਦ ਸੀ ਬੀ ਆਈ ਨੇ ਸੁਪਰੀਮ ਕੋਰਟ ਵਿੱਚ ਅਰਜ਼ੀ ਦਿੱਤੀ ਤਾਂ ਕੋਰਟ ਨੇ ਰਾਜੀਵ ਕੁਮਾਰ ਨੂੰ ਸੀ ਬੀ ਆਈ ਸਾਹਮਣੇ ਪੇਸ਼ ਹੋਣ ਤੇ ਇਮਾਨਦਾਰੀ ਨਾਲ ਜਾਂਚ ਵਿੱਚ ਸਹਿਯੋਗ ਦੇਣ ਦਾ ਹੁਕਮ ਦਿੱਤਾ ਸੀ।

# ਆਮ ਆਦਮੀ ਪਾਰਟੀ ਦੀ ਵਿਧਾਇਕ ਅਲਕਾ ਲਾਂਬਾ ਵੱਲੋਂ ਪਾਰਟੀ ਛੱਡਣ ਦਾ ਐਲਾਨ

ਨਵੀਂ ਦਿੱਲੀ, 26 ਮਈ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੀ ਨਾਰਾਜ਼ ਚੱਲ ਰਹੀ ਵਿਧਾਇਕਾ ਅਲਕਾ ਲਾਂਬਾ ਨੇ ਅਗਲੇ ਸਾਲ ਇਸ ਪਾਰਟੀ ਦਾ ਸਾਥ ਛੱਡਣ ਦਾ ਐਲਾਨ ਕਰ ਦਿੱਤਾ ਹੈ।

ਇਸ ਸੰਬੰਧ ਵਿੱਚ ਚਾਂਦਨੀ ਚੌਕ ਤੋਂ ਵਿਧਾਇਕ ਅਲਕਾ ਲਾਂਬਾ ਨੇ ਟਵੀਟ ਕੀਤਾ ਕਿ '2013 ਵਿਚ ਆਮ ਆਦਮੀ ਪਾਰਟੀ ਨਾਲ ਸ਼ੁਰੂ ਹੋਇਆ ਮੇਰਾ ਸਫ਼ਰ 2020 ਵਿਚ ਖਤਮ ਹੋ ਜਾਵੇਗਾ। ਮੇਰੀਆਂ ਦੁਆਵਾਂ ਇਸ ਪਾਰਟੀ ਦੇ ਨਾਲ ਸਦਾ ਰਹਿਣਗੀਆਂ। ਆਸ ਕਰਦੀ ਹਾਂ ਕਿ ਇਹ ਪਾਰਟੀ ਦਿੱਲੀ ਵਿਚ ਇਕ ਮਜ਼ਬੂਤ ਬਦਲ ਬਣਾਈ ਰੱਖੇਗੀ।' ਉਨ੍ਹਾਂ ਲਿਖਿਆ ਹੈ ਕਿ ਇਸ ਪਾਰਟੀ ਨਾਲ ਪਿਛਲੇ 6 ਸਾਲ ਯਾਦਗਾਰ ਰਹੇ ਅਤੇ ਇਸ ਤੋਂ ਬਹੁਤ ਕੁਝ ਸਿਖਣ ਨੂੰ ਮਿਲਿਆ ਹੈ। ਉਨ੍ਹਾਂਨੇ ਇਹ ਨਹੀਂ ਦੱਸਿਆ ਕਿ ਉਹ ਅਗਲੇ ਸਾਲ ਦਿੱਲੀ ਵਿਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪਾਰਟੀ ਛੱਡਣਗੇ ਜਾਂ ਉਸ ਦੇ ਬਾਅਦ ਛੱਡਣਗੇ। ਇੰਜ ਹੀ ਕੁਝ ਹੋਰ ਸਵਾਲ ਅਣਸੁਲਝੇ ਰਹਿਣ ਦਿੱਤੇ ਗਏ ਹਨ।



ਅਲਕਾ ਲਾਂਬਾ ਦੇ ਆਪਣੀ ਪਾਰਟੀ ਨਾਲ ਸੰਬੰਧ ਕੁਝ ਸਮੇਂ ਤੋਂ ਚੰਗੇ ਨਹੀਂ ਸਨ ਚਲ ਰਹੇ। ਬੀਤੇ ਸ਼ਨੀਵਾਰ ਨੂੰ ਉਸ ਨੇ ਕੌਮੀ ਰਾਜਧਾਨੀ ਦਿੱਲੀ ਦੀਆਂ ਸਭ ਸੀਟਾਂ ਉੱਤੇ ਆਮ ਆਦਮੀ ਪਾਰਟੀ ਦੀ ਕਰਾਰੀ ਹਾਰ ਪਿੱਛੋਂ ਇਸ ਲਈ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਦੀ ਜਵਾਬਦੇਹੀ ਤੈਅ ਕਰਨ ਦੀ ਮੰਗ ਕੀਤੀ ਸੀ, ਜਿਸ ਪਿੱਛੋਂ ਪਾਰਟੀ ਨੇ ਆਪਣੇ ਵਿਧਾਇਕਾਂ ਦੇ ਵਟਸਐਪ ਗਰੁੱਪ ਵਿੱਚੋਂ ਉਸ ਨੂੰ ਬਾਹਰ ਕਰ ਦਿੱਤਾ ਸੀ। ਇਹ ਦੂਜੀ ਵਾਰ ਹੋਇਆ ਸੀ ਕਿ ਅਲਕਾ ਲਾਂਬਾ ਨੂੰ ਗਰੁੱਪ ਤੋਂਕੱਢਿਆ ਗਿਆ। ਪਹਿਲਾਂ ਉਸ ਨੂੰ ਪਿਛਲੇ ਸਾਲ ਦਸੰਬਰ ਵਿਚ ਗਰੁੱਪ ਤੋਂ ਕੱਢਿਆ ਗਿਆ ਸੀ। ਓਦੋਂ ਉਸ ਨੇ ਰਾਜੀਵ ਗਾਂਧੀ ਤੋਂ 'ਭਾਰਤ ਰਤਨ' ਵਾਪਸ ਲੈਣ ਬਾਰੇਪਾਰਟੀ ਦੇ ਮਤੇ ਉੱਤੇ ਇਤਰਾਜ਼ ਕੀਤਾ ਸੀ। ਫਿਰ ਉਸ ਨੂੰ ਲੋਕ ਸਭਾ ਚੋਣਾਂ ਤੋਂ ਪਹਿਲਾਂ ਗਰੁੱਪ ਨਾਲ ਦੁਬਾਰਾ ਜੋੜਿਆ ਗਿਆ ਤੇ ਉਸ ਤੋਂ ਪਾਰਟੀ ਲਈ ਪ੍ਰਚਾਰ ਕਰਨ ਦੀ ਆਸ ਕੀਤੀ ਗਈ ਸੀ, ਪਰ ਅਲਕਾ ਲਾਂਬਾ ਨੇ ਪਾਰਟੀ ਲਈ ਪ੍ਰਚਾਰ ਨਹੀਂ ਕੀਤਾ ਸੀ ਤੇ ਕੇਜਰੀਵਾਲ ਦੇ ਰੋਡ ਸ਼ੋਅ ਵਿਚ ਹਿੱਸਾ ਲੈਣ ਤੋਂ ਪਰਹੇਜ਼ ਕੀਤਾ ਸੀ, ਕਿਉਂਕਿ ਅਲਕਾ ਨੂੰ ਕੇਜਰੀਵਾਲ ਦੀ ਕਾਰ ਦੇ ਪਿੱਛੇ ਚੱਲਣ ਨੂੰ ਕਿਹਾ ਗਿਆ ਸੀ।

# ਸਾਈਬਰ ਹਮਲੇ ਨਾਲ ਅਮਰੀਕਾ ਦੇ ਬਾਲਟੀਮੋਰ ਵਿੱਚ ਇੰਟਰਨੈੱਟ ਠੱਪ



ਸਾਨ ਫਰਾਂਸਿਸਕੋ, 26 ਮਈ, (ਪੋਸਟ ਬਿਊਰੋ)- ਸੰਸਾਰ ਭਰ ਵਿੱਚ ਬਦਨਾਮ ਹੈਕਰਸ ਨੇ ਫਿਰੌਤੀ ਲੈਣ ਲਈ ਸਾਈਬਰ ਹਮਲਾ ਕਰ ਕੇ ਅਮਰੀਕਾ ਦੇ ਬਾਲਟੀਮੋਰ ਸ਼ਹਿਰ ਦਾ ਇੰਟਰਨੈੱਟ ਠੱਪ ਕਰ ਦਿੱਤਾ ਹੈ। ਸੱਤ ਮਈ ਨੂੰ ਹੋਏ ਰੈਨਸਮਵੇਅਰ ਹਮਲੇ ਨਾਲ ਇਸ ਸ਼ਹਿਰ ਦੇ ਸਾਰੇ ਕੰਪਿਊਟਰ ਸਿਸਟਮ ਪ੍ਰਭਾਵਿਤ ਹਨ। ਈ-ਮੇਲ ਨਾਲ ਆਨਲਾਈਨ ਪੈਮੈਂਟ ਪਲੇਟਫਾਰਮ ਵੀ ਕੰਮ ਨਹੀਂ ਕਰ ਰਹੇ। ਹੈਕਰਸ ਨੇ ਕੰਪਿਊਟਰ ਸਿਸਟਮ ਨੂੰ ਰੈਨਸਮਵੇਅਰ ਵਾਇਰਸ ਤੋਂਕੱਢਣ ਲਈ ਬਿਟਕੁਆਇਨ ਵਿਚ 76,280 ਡਾਲਰ ਮੰਗੇ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਫਿਰੌਤੀ ਨਹੀਂ ਦੇਣਗੇ।

ਦੱਸਿਆ ਗਿਆ ਹੈ ਕਿ ਇਹ ਸਾਈਬਰ ਹਮਲਾ ਕਰਨ ਲਈ ਹੈਕਰਸ ਨੇ 'ਇੰਟਰਨਲ ਬਲੂ' ਟੂਲ ਦੀ ਵਰਤੋਂ ਕੀਤੀ ਹੈ। ਅਮਰੀਕਾ ਦੀ ਨੈਸ਼ਨਲ ਸਕਿਓਰਿਟੀ ਏਜੰਸੀ ਨੇ ਇਹ ਟੂਲ ਬਣਾਇਆ ਸੀ, ਪਰ ਇਸ ਟੂਲ ਨੂੰ ਅਪ੍ਰੈਲ 2017 ਵਿਚ ਸ਼ੈਡੋ ਬ੍ਰੋਕਰ ਨਾਂਅ ਵਾਲੇ ਹੈਕਿੰਗ ਗਰੁੱਪ ਨੇ ਲੀਕ ਕਰ ਦਿੱਤਾ ਸੀ। ਇਸ ਪਿੱਛੋਂ ਮਈ 2017 ਵਿਚ ਵਿਸ਼ਵ ਭਰ ਵਿੱਚ ਹੋਏ ਰੈਨਮਸਵੇਅਰ ਹਮਲੇ ਵਿਚ ਇਸੇ ਟੂਲ ਦੀ ਵਰਤੋਂ ਕੀਤੀ ਗਈ ਸੀ। ਓਦੋਂ ਦੇ ਹਮਲੇ ਨੂੰ ਬਨਾਕ੍ਰਾਏ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਕ ਮੀਡੀਆ ਰਿਪੋਰਟ ਅਨੁਸਾਰ ਤਾਜ਼ਾ ਹਮਲੇ ਵਿਚ ਹੈਕਰਸ ਨੇ ਵਿੰਡੋ ਐਕਸਪੀ ਅਤੇ ਵਿਸਟਾ ਸਿਸਟਮ ਨੂੰ ਨਿਸ਼ਾਨਾ ਬਣਾਇਆ ਹੈ ਅਤੇ ਵਾਇਰਸ ਤੋਂ ਪ੍ਰਭਾਵਿਤ ਕੰਪਿਊਟਰਸ ਉੱਤੇ ਨੋਟ ਵੀ ਛੱਡਿਆ ਹੈ, ਜਿਸ ਵਿਚ ਲਿਖਿਆ ਹੈ, 'ਅਸੀਂ ਕੋਈ ਗੱਲ ਨਹੀਂ ਕਰਾਂਗੇ, ਸਾਨੂੰ ਸਿਰਫ਼ ਪੈਸਾ ਚਾਹੀਦਾ ਹੈ'।

ਵਰਨਣ ਯੋਗ ਹੈ ਕਿ ਰੈਨਸਮਵੇਅਰ ਹਮਲੇ ਵਿਚ ਕੰਪਿਊਟਰ ਵਾਇਰਸ ਸਿਸਟਮ ਨੂੰ ਬਲਾਕ ਜਾਂ ਉਸ ਵਿਚ ਮੌਜੂਦ ਫਾਈਲਾਂ ਨੂੰ ਇਨਕ੍ਰਿਪਟ ਕਰ ਦਿੱਤਾ ਜਾਂਦਾ ਹੈ ਤੇ ਇਸ ਹਮਲੇ ਤੋਂ ਕੰਪਿਊਟਰ ਨੂੰ ਬਚਾਉਣ ਲਈ ਫਿਰੌਤੀ ਮੰਗੀ ਜਾਂਦੀ ਹੈ। ਮਿਥੇ ਸਮੇਂ ਅੰਦਰ ਫਿਰੌਤੀ ਨਾ ਦੇਣ ਉੱਤੇ ਹੈਕਰ ਸਾਰੀਆਂ ਫਾਈਲਾਂ ਨੂੰ ਨਸ਼ਟ ਕਰਨ ਦੀ ਧਮਕੀ ਦਿੰਦਾ ਹੈ।

# ਰਾਫੇਲ ਸੌਦੇ ਬਾਰੇ ਪਰਚਾ ਦਰਜ ਕਰਨ ਜਾਂ ਸੀ ਬੀ ਆਈ ਜਾਂਚ ਦਾ ਸਵਾਲ ਹੀ ਨਹੀਂ

## ਸਰਕਾਰ ਦਾ ਦੋ ਟੁੱਕ ਜਵਾਬ

ਨਵੀਂ ਦਿੱਲੀ, 26 ਮਈ, (ਪੋਸਟ ਬਿਊਰੋ)-ਭਾਰਤ ਦੀ ਨਰਿੰਦਰ ਮੋਦੀ ਸਰਕਾਰ ਨੇ ਰਾਫੇਲ ਜਹਾਜ਼ ਸੌਦੇ ਬਾਰੇ ਸੁਪਰੀਮ ਕੋਰਟ ਨੂੰ ਦਿੱਤੇ ਜਵਾਬ ਵਿਚ ਸਾਫ ਕਹਿ ਦਿੱਤਾ ਹੈ ਕਿ ਇਸ ਦੇ ਸੰਬੰਧ ਵਿੱਚਕੋਈ ਵੀ ਬਾਕਾਇਦਾ ਕੇਸ (ਐੱਫਆਈਆਰ) ਦਰਜ ਕਰਨ ਜਾਂ ਸੀ ਬੀ ਆਈ ਜਾਂਚ ਕਰਾਉਣ ਦਾ ਸਵਾਲ ਹੀ ਨਹੀਂ, ਕਿਉਂਕਿ ਸੁਪਰੀਮ ਕੋਰਟ ਪਹਿਲਾਂ ਸਰਕਾਰ ਨੂੰ ਕਲੀਨ ਚਿੱਟ ਦੇ ਚੁੱਕੀ ਹੈ। ਸਰਕਾਰ ਨੇ ਸੁਪਰੀਮ ਕੋਰਟ ਦੇ ਚੌਦਾਂ ਦਸੰਬਰ ਦੇ ਫ਼ੈਸਲੇ ਵਿਰੁੱਧ ਦਾਇਰ ਹੋਈਰਿਵੀਊ ਪਟੀਸ਼ਨ ਨੂੰ ਰੱਦ ਕਰਨ ਦੀ ਮੰਗ ਕਰਦੇ ਹੋਏ ਕਿਹਾ ਕਿ ਇਸ ਪਟੀਸ਼ਨ ਵਿਚ ਲੜਾਕੂ ਜਹਾਜ਼ ਦੀ ਵੱਧ ਕੀਮਤ ਦੀ ਜਿਹੜੀ ਦਲੀਲ ਦਿੱਤੀ ਗਈ ਹੈ, ਉਸ ਨੂੰ ਕੈਗ ਰਿਪੋਰਟ ਨੇ ਗ਼ਲਤ ਸਾਬਤ ਕਰ ਦਿੱਤਾ ਹੈ।



ਵਰਨਣ ਯੋਗ ਹੈ ਕਿ ਸੁਪਰੀਮ ਕੋਰਟ ਨੇ 14 ਦਸੰਬਰ ਦੇ ਆਪਣੇ ਫ਼ੈਸਲੇ ਵਿਚ 36 ਰਾਫੇਲ ਜਹਾਜ਼ ਖ਼ਰੀਦਣ ਲਈ ਫਰਾਂਸ ਦੀ ਦਾਸੋ ਕੰਪਨੀ ਨਾਲ ਹੋਏ ਸੌਦੇ ਵਿੱਚ ਕੇਂਦਰ ਸਰਕਾਰ ਨੂੰ ਕਲੀਨ ਚਿੱਟ ਦੇ ਦਿੱਤੀ ਸੀ। ਕੋਰਟ ਦੇ ਇਸ ਫੈਸਲੇ ਨੂੰ ਚੁਣੌਤੀ ਦੇਣ ਵਾਲੀ ਰਿਵੀਊ ਪਟੀਸ਼ਨ ਉੱਤੇ ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਹੇਠਲੇ ਬੈਂਚ ਨੇ 10 ਮਈ ਨੂੰ ਸਾਰੀ ਸੁਣਵਾਈ ਪਿੱਛੋਂ ਆਪਣਾ ਫ਼ੈਸਲਾ ਰਾਖਵਾਂਰੱਖ ਲਿਆ ਸੀ। ਸਾਬਕਾ ਕੇਂਦਰੀ ਮੰਤਰੀਆਂ ਯਸ਼ਵੰਤ ਸਿਨਹਾ ਤੇ ਅਰੁਣ ਸ਼ੌਰੀ ਅਤੇ ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਨ ਨੇ ਰਿਵੀਊ ਪਟੀਸ਼ਨ ਦਾਇਰ ਕੀਤੀ ਹੋਈ ਹੈ।ਕੇਂਦਰ ਸਰਕਾਰ ਨੇ ਕਿਹਾ ਕਿ ਪਟੀਸ਼ਨਕਰਤਾਵਾਂ ਨੇ ਸੁਪਰੀਮ ਕੋਰਟ ਦੇ 14 ਦਸੰਬਰ ਦੇ ਫ਼ੈਸਲੇ ਉੱਤੇ ਮੁੜ ਵਿਚਾਰ ਕਰਨ ਦੇ ਹੱਕ ਵਿੱਚ ਕੋਈ ਠੋਸ ਤੇ ਢੁਕਵੇਂ ਸਬੂਤ ਨਹੀਂ ਪੇਸ਼ ਕੀਤੇ ਤੇ ਸਿਰਫ ਗ਼ਲਤ ਢੰਗ ਨਾਲ ਪ੍ਰਾਪਤ ਕੀਤੇ ਦਸਤਾਵੇਜ਼ਾਂ ਦੇ ਆਧਾਰ ਉੱਤੇ ਅਖ਼ਬਾਰ ਵਿਚ ਛਪੀਆਂ ਖ਼ਬਰਾਂ ਨੂੰ ਆਪਣੀ ਰਿਵੀਊ ਪਟੀਸ਼ਨ ਦਾ ਆਧਾਰ ਬਣਾਇਆ ਹੈ।

ਇਸ ਸੰਬੰਧ ਵਿੱਚ ਸੁਪਰੀਮ ਕੋਰਟ ਨੂੰਪੇਸ਼ ਕੀਤੇ ਗਏ 39 ਸਫ਼ਿਆਂ ਦੇ ਆਪਣੇ ਜਵਾਬ ਵਿਚ ਕੇਂਦਰ ਸਰਕਾਰ ਨੇ ਕਿਹਾ ਹੈ ਕਿ ਫ਼ੈਸਲਾ ਲੈਣ ਦੀ ਪ੍ਰਕਿਰਿਆ, ਮੁੱਲ ਤੈਅ ਕਰਨਅਤੇ ਭਾਰਤੀ ਆਫਸੈੱਟ ਭਾਈਵਾਲ ਦੀ ਚੋਣ ਦੇ ਸੰਬੰਧ ਵਿੱਚ ਸੁਪਰੀਮ ਕੋਰਟ ਪਹਿਲਾਂ ਹੀ ਕਹਿ ਚੁੱਕੀ ਹੈ ਕਿ ਇਸ ਵਿਚ ਉਸ ਦੇ ਦਖ਼ਲ ਦੇਣ ਦਾ ਕੋਈ ਕਾਰਨ ਨਹੀਂ ਹੈ। ਇਸ ਦੇ ਨਾਲ ਇਸ ਸੌਦੇ ਬਾਰੇ ਕੋਈ ਕੇਸ ਦਰਜ ਕਰਨ ਜਾਂ ਇਸ ਦੀ ਸੀ ਬੀ ਆਈ ਜਾਂਚ ਕਰਵਾਉਣ ਦਾ ਕੋਈ ਸਵਾਲ ਹੀ ਨਹੀਂ ਉੱਠ ਸਕਦਾ। ਚੇਤੇ ਰੱਖਣ ਯੋਗ ਹੈ ਕਿ ਸੁਪਰੀਮ ਕੋਰਟ ਨੇ ਦਸੰਬਰ ਦੇ ਆਪਣੇ ਫ਼ੈਸਲੇ ਵਿਚ 58,000 ਕਰੋੜ ਰੁਪਏ ਦੇ ਇਸ ਜਹਾਜ਼ ਸੌਦੇ ਦੀ ਜਾਂਚ ਦੀ ਮੰਗ ਕਰਨ ਵਾਲੀ ਪਟੀਸ਼ਨ ਨੂੰ ਰੱਦ ਕਰ ਦਿੱਤਾ ਸੀ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.
Seema Bhayana
ICCRC

Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

"Quality is our strength."

SKYDOME GROUP OF COMPANIES
MINISTRY APPROVED SALVAGE INSPECTION STATION
WE DEAL WITH ALL INSURANCE COMPANIES
Body Centre
Daljit Singh
308 Rutherford Road Brampton
905-874-9878
Inderjit Singh
Skydome Emission & Allignment Centre Inc.
210 Rutherford Rd., Brampton
905-450-9878
STAFFORD TRUCK CENTRE
30 Stafford Dr., Brampton, Tel: 905-460-1414
HEAD OFFICE: 905-874-9878
Toll Free: 1-877-799-9878, www.skydomeauto.ca

Paramjit Deol Broker
CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

Your neighborhood broker, Call Paramjit Deol Today

TORONTO $6.99/Sq Ft
22 Arrow Rd 1: Rear Freestanding Building, Approx. 7,000 Sq Ft, Zoning Allows For Industrial, Retail & Outside Storage. Currently Operating As A Furniture Store. Located In High Demand Area.

Chatham-Kent $85,000
2 Chittim Rd 408 : Excellent Opportunity For Investors & 1st Time Buyers, Excellent Location, Low Maintenance, Close To Downtown & To Hwy 401, Currently Tenanted Property, Low Maintenance Fee.

TORONTO $140,000
45 Four Winds Dr : Pizza Store For Sale In A Busy Mall Steps To York University, Tons Of Foot Traffic, Walking Distance From Kids Schools, Residential Apartments/ Condos Minutes Away.

BRAMPTON $169,900
Photo Not Available
537 Van Kirk Dr 110 : Turn Key Operation, Well-Established Pets Pizzeria, No Franchise Fees Or Royalty, Low Rent Of $2,700. Situated In A good Neighborhood, Sales Of $30,000 Per Month.

BRAMPTON $195,900
Photo Not Available
2070 Steeles Ave 18: Turn Key Operation, Well Established Truck Repair Shop, Located In Brampton. Be Your Own Boss Today. Situated On A Very Busy Street With Tons Of Trucks Passing By Daily, Great Clientele, Sales Are $55,000 Per Month As Per Seller.

BRAMPTON $199,900
Photo Not Available
8770 The Gore Rd 6 : Turn Key Operation, Well Established Sri Lankan & South Indian Restaurant, Be Your Own Boss Today, Situated In A Very Busy Plaza, Surrounded By Thousands Of Homes, High Traffic Flow.

BRAMPTON $199,000
25 Cherrycrest Dr: Excellent Chance To Be Your Own Boss. Well Established Pizza Fresh, Lots Of $$ Spent On Upgrades, Great Location, Very Low Rent. Developing Area With Lots Of Money Making Opportunity, Sales Are $55,000 Per Month

BRAMPTON $369,000
15 Brisdale Dr 7&8 : ਹੱਥੋ ਲੰਘ ਗਿਆ ਸਮਾਂ ਵਾਪਿਸ ਨਹੀ ਆਉਣਾ, ਅੱਜ ਹੀ ਆਪਣਾ ਕਾਰੋਬਾਰ ਸੁਰੂ ਕਰੋ,ਬਹੁਤ ਹੀ ਵਧੀਆ ਚਲ ਰਹੀ ਬਾਰ/ਪੱਬ ਵਿਕਾਊ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $70,000/ਮਹੀਨਾ, ਆਦਿ।

TORONTO $309,000
320 Dixon Rd 1715: Oversized Large Spacious 3 Bedroom Apartment With 2 Washrooms Beautifully Maintained. Many Upgrades To The Common Elements Of This Building , Very Desirable Neighbourhood To Live In Or Invest.

BRAMPTON $349,000
SUBWAY eat fresh.
3024 Hurontario St G7 : Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.

BRAMPTON $449,000
315 Royal West Dr F & G : Be Your Own Boss Today! Opportunity To Own A Known Fitness Franchise "Anytime Fitness" Located In Brampton West, Newer Plaza, 750 Members & Growing, All New Equipment. Sales Are $30,000/Month,

MISSISSAUGA $469,000
Photo Not Available
349 Rathburn Rd W 1601: First Time Buyers & Investors Assignment Sale New Condo Project Located Just Few Minutes From Square One, Sheridan College, Movie Theater, Go Bus Terminal, Hey 403, Library, Restaurants And Many More Amenities.

BRAMPTON $469,000
Photo Not Available
537 Van Kirk Dr 110: For sale Please call 905-405-8484

BRANTFORD $525,000
118&120 Morrell St: Great Investment With Great Income!!! Located In Brantford , Total Space Of 4,000 Sq Ft. 2,000 Sq Ft Of Storefront & 4 One Bedroom Apartments. All Are Currently Leased.

MISSISSAUGA $629,000
Photo Not Available
7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

BRAMPTON $779,000
9 Loftsmoor Dr: Immaculate Semidetached Corner Lot With Lots Of Sunshine All Year Around, Plus An Over Sized Backyard, Gleaming Hardwood Floors & Upgraded Washrooms. Must See

*Canadian punjabi post assumes no responsibility for the accuracy of any information shown. Copyright Ppost 2019

# ‘ਗੁੱਡ ਮੋਰਨਿੰਗ ਕਲੱਬ ਮੁਕਤਸਰ’ ਦਾ ਸ਼ਾਨਦਾਰ ਪ੍ਰਦਰਸ਼ਨ

## ਸੰਨੀ ਧਵਨ ਨੇ ਮੁਕਤਸਰ ਟੀਮ ’ਚੋਂ 21 ਕਿਲੋਮੀਟਰ ’ਚ ਪਹਿਲਾ ਸਥਾਨ ਕੀਤਾ



ਲੁਧਿਆਣਾ, 26 ਮਈ (ਗਿਆਨ ਸਿੰਘ): ਲੁਧਿਆਣਾ ਵਿਖੇ ਹੋਈ ਪ੍ਰਦੂਸ਼ਣ ਮੁਕਤ ਪੰਜਾਬ ਸਬੰਧਿਤ ‘ਹਾਫ ਮੈਰਾਥਨ’ ’ਚ ਗੁੱਡ ਮੋਰਨਿੰਗ ਕਲੱਬ ਮੁਕਤਸਰ ਦੇ ਤਕਰੀਬਨ 20 ਮੈਂਬਰਾਂ ਨੇ ਭਾਗ ਲਿਆ, ਹਰ ਵਾਰ ਦੀ ਤਰਾਂ ਇਸ ਵਾਰ ਵੀ ਸਾਰੇ ਮੈਂਬਰਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਕਲੱਬ ਦੇ ਮੈਂਬਰਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 10 ਕਿਲੋਮੀਟਰ ਦੀ ਦੌੜ ਨੂੰ ਨਵਦੀਪ ਦੀਪ ਨੇ ਤਕਰੀਬਨ 55 ਮਿੰਟ, ਲੱਕੀ 59 ਮਿੰਟ, ਸ਼ਾਲੂ ਖੁਰਮੀ ਅਤੇ ਹਰਿੰਦਰ ਸਿੰਘ ਰਿੱਕੀ ਨੇ 60 ਮਿੰਟਾਂ ’ਚ ਪੂਰਾ ਕੀਤਾ, ਸੰਨੀ ਧਵਨ ਨੇ 21 ਕਿਲੋਮੀਟਰ ਦੌੜ ਨੂੰ 120 ਮਿੰਟਾਂ ’ਚ ਪੂਰਾ ਕੀਤਾ । ਕਲੱਬ ਦੇ ਸਕੱਤਰ ਹਰਿੰਦਰ ਸਿੰਘ ਰਿੱਕੀ (ਕਿਸਾਨ ਟਾਇਰ) ਨੇ ਲੁਧਿਆਣਾ ਮੈਰਾਥਨ ਪ੍ਰਬੰਧਕਾਂ ਅਤੇ ਜੇਤੂ ਵੀਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਮੁੱਚੇ ਦੇਸ਼ ’ਚ ਮੈਰਾਥਨ ਵੱਧ ਤੋਂ ਵੱਧ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਤੰਦਰੁਸਤ ਸਮਾਜ ਦੀ ਸਿਰਜਣਾ ਹੋ ਸਕੇ । ਉਨਾਂ ਕਿਹਾ ਕਿ ਨੌਜਵਾਨ ਨਸ਼ੇ, ਡਿਪ੍ਰੈਸ਼ਨ, ਪੈਸੇ ਦੀ ਦੌੜ ਦੇ ਸ਼ਿਕਾਰ ਨੇ ਅਤੇ ਫਾਸਟ ਫੂਡ ਨੂੰ ਤਰਜੀਹ ਦੇ ਕੇ ਸਿਹਤ ਦਾ ਨੁਕਸਾਨ ਕਰ ਰਹੇ ਹਨ। ਨੌਜਵਾਨਾਂ ਬੱਚਿਆਂ ਬਜ਼ੁਰਗਾਂ ਨੂੰ ਇਹੋ ਜੇ ਪ੍ਰੋਗਰਾਮਾ ’ਚ ਵੱਧ ਤੋਂ ਵੱਧ ਹਿੱਸਾ ਲੈਣਾ ਚਾਹੀਦਾ ਹੈ । ਕੱਲਬ ਦੇ ਪ੍ਰਧਾਨ ਦਲੀਪ ਸਿੰਘ ਸਚਦੇਵਾ ਨੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਰੇ ਮੈਂਬਰ ਹੋਣ ਵਾਲੀ ਸ਼ੇਰ ਏ ਪੰਜਾਬ ਮੈਰਾਥਨ ਵਿਚ ਵੀ ਵਧੀਆ ਪ੍ਰਦਰਸ਼ਨ ਕਰਨਗੇ। ਇਸ ਮੌਕੇ ਕਲੱਬ ਦੇ ਮੈਂਬਰ ਹੈਪੀ ਬਾਹੀਆ, ਅਰੁਣ ਯਾਦਵ, ਐਡਵੋਕੇਟ ਦਵਿੰਦਰ ਖਿੱਚੀ, ਪ੍ਰਿਤਪਾਲ ਸਿੰਘ, ਗੁਰਮੀਤ ਖੁਰਮੀ, ਗੁਰਦੀਪ ਸਿੰਘ, ਟੀਟੂ ਯਾਦਵ ਆਦਿ ਵੀ ਹਾਜਿਰ ਸਨ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ 50 ਕਲੀਨੀਕਲ ਲੈਬਾਰਟਰੀਆਂ ਖੋਲ੍ਹਣ ਦਾ ਟੀਚਾ

## ਸ਼ਹਿਰਾਂ ’ਚ ਜਲਦ ਖੁੱਲ੍ਹਣਗੀਆਂ ਦਵਾਈਆਂ ਦੀਆਂ ਕਫਾਇਤੀ ਦੁਕਾਨਾਂ ਤੇ ਮਿਲੇਗੀ ਮੁਫ਼ਤ ਐਂਬੂਲੈਂਸ ਸੇਵਾ : ਡਾ. ਓਬਰਾਏ

ਅੰਮ੍ਰਿਤਸਰ, 26 ਮਈ (ਗਿਆਨ ਸਿੰਘ): ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਗੁਰਪੁਰਬ ਨੂੰ ਸਮਰਪਿਤ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਪੰਜਾਬ ਸਮੇਤ ਹੋਰਨਾਂ ਰਾਜਾਂ ‘ਚ ਪਹਿਲੇ ਪੜਾਅ ਤਹਿਤ 50 ਕਲੀਨਿਕਲ ਲੈਬਾਰਟਰੀਆਂ ਤੇ ਡਾਗਿਨੋਸਟਿਕ ਸੈਂਟਰ ਖੋਲ੍ਹੇ ਜਾ ਰਹੇ ਹਨ ।

ਅੰਮ੍ਰਿਤਸਰ ਵਿਖੇ ਇਹ ਜਾਣਕਾਰੀ ਸਾਂਝੀ ਕਰਦਿਆਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਤੇ ਉੱਘੇ ਸਮਾਜ ਸੇਵੀ ਡਾ.ਐਸ.ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਗੁਰਪੁਰਬ ਨੂੰ ਸਮਰਪਿਤ ਪੰਜਾਬ ਵਿੱਚ 30, ਹਰਿਆਣਾ ‘ਚ 6, ਹਿਮਾਚਲ ‘ਚ 6 ਜਦ ਕਿ ਰਾਜਸਥਾਨ ‘ਚ 8 ਸੰਨੀ ਓਬਰਾਏ ਕਲੀਨਿਕਲ ਲੈਬਾਰਟਰੀਆਂ ਤੇ ਡਾਗਿਨੋਸਟਿਕ ਸੈਂਟਰਾਂ ਦੀ ਦੀ ਸਥਾਪਨਾ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਹੁਣ ਤੱਕ ਕਰੀਬ 10 ਲੈਬਾਰਟਰੀਆਂ ਖੁੱਲ ਚੁੱਕੀਆਂ ਹਨ ਜਦ ਕੇ ਬਾਕੀ 20 ਲੈਬਾਰਟਰੀਆਂ ਦੀ ਸਥਾਪਨਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਇਤਿਹਾਸਕ ਗੁਰਦੁਆਰਿਆਂ ਅੰਦਰ ਟਰੱਸਟ ਆਪਣੇ ਖਰਚੇ ਤੇ ਕਰੇਗੀ । ਇਸ ਲੜੀ ਤਹਿਤ ਅੰਮ੍ਰਿਤਸਰ ਵਿਖੇ ਜਲਦ ਹੀ ਸ਼੍ਰੀ ਹਰਿਮੰਦਰ ਸਾਹਿਬ ਅਤੇ ਗੁਰਦੁਆਰਾ ਸ਼ਹੀਦਾਂ ਸਾਹਿਬ ਵਿਖੇ ਇਹ ਲੈਬਾਰਟਰੀਆਂ ਸਥਾਪਿਤ ਕੀਤੀਆਂ ਜਾਣਗੀਆਂ । ਸ. ਸਰਦਾਰ ਓਬਰਾਏ ਨੇ ਦੱਸਿਆ ਕਿ ਇਨ੍ਹਾਂ ਲੈਬਾਰਟਰੀਆਂ ਅੰਦਰ ਜਿੱਥੇ ਮੁੱਢਲੇ ਟੈਸਟ ਬਿਲਕੁਲ ਮੁਫ਼ਤ ਕੀਤੇ ਜਾਣਗੇ ਉੱਥੇ ਹੀ ਬਾਕੀ ਟੈਸਟ ਕੇਵਲ ਲਾਗਤ ਮੁੱਲ (ਨਾ ਮਾਤਰ) ਤੇ ਹੀ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਜਿਹੜੇ ਕੁੱਝ ਟੈਸਟ ਟਰੱਸਟ ਦੀ ਲੈਬ ਵਿੱਚ ਉਪਲਬਧ



ਜਾਣਕਾਰੀ ਦੇਣ ਮੌਕੇ ਟਰੱਸਟ ਦੇ ਬਾਨੀ ਡਾ. ਐੱਸ.ਪੀ. ਸਿੰਘ ਓਬਰਾਏ ਨਾਲ ਸੁਖਜਿੰਦਰ ਸਿੰਘ ਹੇਰ, ਮਨਪ੍ਰੀਤ ਸਿੰਘ ਸੰਧੂ।

ਨਹੀਂ ਹੋਣਗੇ ਉਹ ਟੈਸਟ ਟਰੱਸਟ ਵਲੋਂ ਹੋਰਨਾਂ ਮਿਆਰੀ ਲੈਬਾਂ ਤੋਂ ਆਪਣੇ ਪੱਧਰ ਤੇ ਮਰੀਜ਼ ਨੂੰ ਅੱਧੀ ਕੀਮਤ ਤੇ ਕਰਵਾ ਕੇ ਦਿੱਤੇ ਜਾਣਗੇ । ਜਿਸ ਦਾ ਆਮ ਲੋਕਾਂ ਨੂੰ ਬਹੁਤ ਵੱਡਾ ਫਾਇਦਾ ਹੋਵੇਗਾ ।

ਸ. ਓਬਰਾਏ ਨੇ ਇਹ ਵੀ ਦੱਸਿਆ ਕਿ ਟਰੱਸਟ ਵੱਲੋਂ ਆਉਂਦੇ ਦਿਨਾਂ ‘ਚ ਪੰਜਾਬ ਸਮੇਤ ਹੋਰਨਾਂ ਰਾਜਾਂ ਅੰਦਰ ਵੱਡੇ ਪੱਧਰ ਤੇ ਦਵਾਈ ਦੀਆਂ ਕਫਾਇਤੀ ਦੁਕਾਨਾਂ ਵੀ ਖੋਲ੍ਹੀਆਂ ਜਾ ਰਹੀਆਂ ਹਨ,ਜਿਨ੍ਹਾਂ ਤੋਂ ਲੋੜਵੰਦ ਮਰੀਜ਼ਾਂ ਨੂੰ ਬਹੁਤ ਹੀ ਘੱਟ ਭਾਅ ਤੇ ਦਵਾਈਆਂ ਦਿੱਤੀਆਂ ਜਾਣਗੀਆਂ । ਉਨ੍ਹਾਂ ਦੱਸਿਆ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸਿੱਖਿਆ ਤੇ ਹੋਰਨਾਂ ਖੇਤਰਾਂ ‘ਚ ਕੀਤੇ ਜਾ ਰਹੇ ਹਜ਼ਾਰਾਂ ਕੰਮਾਂ ਤੋਂ ਇਲਾਵਾ ਸੈਂਕੜੇ ਕੈਂਸਰ ਦੇ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ ਜਦ ਕਿ ਹੁਣ ਤੱਕ ਗੁਰਦਿਆਂ ਦੀ ਬਿਮਾਰੀ ਤੋਂ ਪੀੜਤ ਮਰੀਜ਼ਾਂ ਲਈ 176 ਕਫਾਇਤੀ ਡਾਇਲਸੈੱਸ ਕੇਂਦਰ ਖੋਲ੍ਹੇ ਜਾ ਚੁੱਕੇ ਹਨ, ਜਿਨ੍ਹਾਂ ਚੋਂ ਪੰਜਾਬ ਅੰਦਰ 90 ਜਦ ਕਿ ਇਕੱਲੇ ਚੰਡੀਗੜ੍ਹ ਅੰਦਰ ਹੀ 12 ਸੈਂਟਰ ਚੱਲ ਰਹੇ ਹਨ । ਜਿਨ੍ਹਾਂ ਅੰਦਰ 250 ਰੁਪਏ ਤੋਂ ਲੈ ਕੇ 700 ਰੁਪਏ ਤੱਕ ਹਰ ਰੋਜ਼ ਸੈਕੜੇ ਮਰੀਜ਼ਾਂ ਦੇ ਡਾਇਲਸੈੱਸ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਟਰੱਸਟ ਵੱਲੋਂ ਪਹਿਲੇ ਪੜਾਅ ‘ਚ ਵੱਖ-ਵੱਖ ਸ਼ਹਿਰਾਂ ਨੂੰ ਵਧੀਆ ਕੁਆਲਿਟੀ ਦੀਆਂ 20 ਐਂਬੂਲੈਂਸ ਗੱਡੀਆਂ ਦਾਨ ਦੇਣ ਦਾ ਟੀਚਾ ਵੀ ਮਿੱਥਿਆ ਗਿਆ ਹੈ, ਜਿਸ ਅਧੀਨ 7 ਗੱਡੀਆਂ ਦਿੱਤੀਆਂ ਵੀ ਜਾ ਚੁੱਕੀਆਂ ਹਨ । ਸ. ਓਬਰਾਏ ਨੇ ਦੱਸਿਆ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵਲੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਰਿਆਦਾ ਨੂੰ ਮੁੱਖ ਰੱਖਦਿਆਂ ਹੋਇਆਂ ਵੱਖ-ਵੱਖ ਥਾਵਾਂ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਲਈ ਪਹਿਲੇ ਪੜਾਅ ਤਹਿਤ 20 ਵਿਸ਼ੇਸ਼ ਸਵਾਰੀ ਵੈਨਾਂ ਵੀ ਦਿੱਤੀਆਂ ਜਾ ਰਹੀਆਂ ਹਨ ।

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਡਾ. ਐੱਸ. ਪੀ. ਸਿੰਘ ਓਬਰਾਏ ਨੇ ਸਮੂਹ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਟਰੱਸਟ ਵੱਲੋਂ ਦਿੱਤੀਆਂ ਜਾ ਰਹੀ ਹੈ ਸਿਹਤ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਲੈਣ ਲਈ ਆਪਣੇ ਜ਼ਿਲ੍ਹੇ ਅੰਦਰ ਸਥਾਪਿਤ ਟਰੱਸਟ ਦੀਆਂ ਇਕਾਈਆਂ ਦੇ ਮੈਂਬਰਾਂ ਨਾਲ ਸੰਪਰਕ ਕਰ ਸਕਦੇ ਹਨ ਜਦ ਕਿ ਇਸ ਸਬੰਧੀ ਸਾਰੀ ਜਾਣਕਾਰੀ ਨੈੱਟ ਉੱਤੇ ਵੀ ਉਪਲੱਬਧ ਹੋਵੇਗੀ । ਉਨ੍ਹਾਂ ਇਹ ਵੀ ਦੱਸਿਆ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਗੁਰ-ਪੁਰਬ ਨੂੰ ਸਮਰਪਿਤ ਵਿੱਢੇ ਗਏ ਇਹ ਸਾਰੇ ਕਾਰਜ ਇਸ ਸਾਲ ਦੇ ਅੰਤ ਤੱਕ ਮੁਕੰਮਲ ਹੋ ਜਾਣਗੇ ।

ਇਸ ਮੌਕੇ ਉਨ੍ਹਾਂ ਨਾਲ ਟਰੱਸਟ ਦੇ ਮੀਡੀਆ ਇੰਚਾਰਜ ਰਵਿੰਦਰ ਸਿੰਘ ਰੋਬਿਨ,ਮਾਝਾ ਜ਼ੋਨ ਦੇ ਪ੍ਰਧਾਨ ਸੁਖਜਿੰਦਰ ਸਿੰਘ ਹੇਰ,ਸੁਖਦੀਪ ਸਿੰਘ ਸਿੱਧੂ,ਮਨਪ੍ਰੀਤ ਸਿੰਘ ਸੰਧੂ,ਨਵਜੀਤ ਸਿੰਘ ਘਈ, ਸਿਸ਼ਪਾਲ ਸਿੰਘ ਲਾਡੀ, ਜਗਦੇਵ ਸਿੰਘ ਛੀਨਾ, ਸ਼ਿਵਦੇਵ ਸਿੰਘ ਬੱਲ, ਹਰਜਿੰਦਰ ਸਿੰਘ ਹੇਰ, ਹਰਜਿੰਦਰ ਸਿੰਘ ਮੁੱਧ, ਪਲਵਿੰਦਰ ਸਿੰਘ ਸਰਹਾਲਾ, ਬਲਵਿੰਦਰ ਕੌਰ, ਆਸ਼ਾ ਤਿਵਾੜੀ ਆਦਿ ਟਰੱਸਟ ਮੈਂਬਰ ਵੀ ਮੌਜੂਦ ਸਨ।

# ਆਮ ਆਦਮੀ ਪਾਰਟੀ ਦਾ ਵੋਟ ਕਾਂਗਰਸ, ਅਕਾਲੀਆਂ ਵਿੱਚ ਵੰਡ ਗਿਆ, ਬਸਪਾ ਨੇ ਹੈਰਾਨ ਕੀਤਾ

ਚੰਡੀਗੜ੍ਹ, 26 ਮਈ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਪੁਰਾਣੇ ਵੋਟ ਬੈਂਕ ਵਿੱਚ ਇਸ ਵਾਰ ਪੰਜਾਬ ਦੀਆਂ ਸਾਰੀਆਂ ਪਾਰਟੀਆਂ ਨੇ ਸੰਨ੍ਹ ਲਾਈ ਹੈ। ਕਾਂਗਰਸ ਦਾ ਵੋਟ ਸ਼ੇਅਰ ਸਭ ਤੋਂ ਵੱਧ 7.10 ਫੀਸਦੀ ਵਧਿਆ ਤੇ ਆਮ ਆਦਮੀ ਪਾਰਟੀ ਆਪਣਾ 17.03 ਫੀਸਦੀ ਵੋਟ ਸ਼ੇਅਰ ਗੁਆਇਆ ਹੈ। ਇਸ ਦੌਰਾਨ ਪੰਜਾਬ ਵਿੱਚ ਬਹੁਜਨ ਸਮਾਜ ਪਾਰਟੀ ਨੇ ਕਾਂਗਰਸ ਨੂੰ ਹੈਰਾਨ ਕੀਤਾ ਹੈ। ਬਸਪਾ ਨੇ ਪੰਜਾਬ ਵਿੱਚ ਪੰਜਾਬ ਡੈਮੋਕ੍ਰੇਟਿਕ ਅਲਾਇੰਸ ਦਾ ਹਿੱਸਾ ਬਣ ਕੇ ਸ੍ਰੀ ਆਨੰਦਪੁਰ ਸਾਹਿਬ, ਜਲੰਧਰ ਅਤੇ ਹੁਸ਼ਿਆਰਪੁਰ ਸੀਟ 'ਤੇ ਚੋਣ ਲੜੀ ਅਤੇ 2014 ਦੇ ਮੁਕਾਬਲੇ ਬਸਪਾ ਦਾ ਵੋਟ ਸ਼ੇਅਰ ਦੁੱਗਣੇ ਤੋਂ ਵੱਧ ਹੋ ਗਿਆ ਹੈ, ਕਾਂਗਰਸ ਦੀ ਚਿੰਤਾ ਇਹੀ ਹੈ।



ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਹ ਮੰਨਦੇ ਹਨ ਕਿ ਬਸਪਾ ਦਾ ਵੋਟ ਸ਼ੇਅਰ ਵਧਣਾ ਕਾਂਗਰਸ ਦੀ ਚਿੰਤਾ ਦੀ ਗੱਲ ਹੈ। ਇਸ ਕਾਰਨ ਹੀ ਹੁਸ਼ਿਆਰਪੁਰ ਦੀ ਸੀਟ ਤੋਂ ਕਾਂਗਰਸ ਹਾਰ ਗਈ ਹੈ। ਕਾਂਗਰਸ ਦੀ ਚਿੰਤਾ ਇਹ ਵੀ ਹੈ ਕਿ ਬਸਪਾ ਦੀ ਜੇ ਇਹੀ ਚਾਲ ਰਹੀ ਤਾਂ ਉਨ੍ਹਾਂ ਦੇ ਲਈ 2022 ਵਿੱਚ ਪ੍ਰੇਸ਼ਾਨੀ ਖੜ੍ਹੀ ਹੋ ਸਕਦੀ ਹੈ।

ਸਾਲ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਬਸਪਾ ਨੇ 1.5 ਫੀਸਦੀ ਵੋਟ ਲਏ ਸਨ, 2019 ਵਿੱਚ ਇਹ ਸ਼ੇਅਰ ਵਧ ਕੇ 3.49 ਫੀਸਦੀ ਹੋ ਗਿਆ। ਆਨੰਦਪੁਰ ਸਾਹਿਬ ਤੋਂ ਬਸਪਾ ਉਮੀਦਵਾਰ ਵਿਕਰਮ ਸਿੰਘ ਸੋਢੀ ਨੂੰ 1,46,077, ਹੁਸ਼ਿਆਰਪੁਰ ਤੋਂ ਖੁਸ਼ੀ ਰਾਮ ਨੂੰ 1.28 ਅਤੇ ਜਲੰਧਰ ਤੋਂ ਬਲਵਿੰਦਰ ਕੁਮਾਰ ਨੂੰ 2.04 ਲੱਖ ਵੋਟ ਮਿਲੇ।

ਦੂਸਰੇ ਪਾਸੇ ਪਿਛਲੀ ਵਾਰੀ 24.40 ਫੀਸਦੀ ਵੋਟ ਸ਼ੇਅਰ ਲੈ ਕੇ 2014 ਵਿੱਚ ਸਭ ਨੂੰ ਹੈਰਾਨ ਕਰਨ ਵਾਲੀ ਆਮ ਆਦਮੀ ਪਾਰਟੀ ਦਾ ਵੋਟ ਬੈਂਕ ਖਿਲਰ ਗਿਆ ਹੈ। ਤਾਜ਼ਾ ਚੋਣਾਂ ਵਿੱਚ ਉਸ ਦਾ ਇਹ ਸ਼ੇਅਰ ਸਿਰਫ 7.36 ਫੀਸਦੀ ਰਹਿ ਗਿਆ ਅਤੇ ਇਸ ਦਾ ਵੋਟ ਸ਼ੇਅਰ ਘਟਣ ਦਾ ਸਭ ਤੋਂ ਵੱਧ ਲਾਭ ਕਾਂਗਰਸ ਨੂੰ ਮਿਲਿਆ। ਉਸ ਦਾ ਵੋਟ ਸ਼ੇਅਰ 33.10 ਤੋਂ ਵਧ ਕੇ 40 ਫੀਸਦੀ ਤੋਂ ਉਪਰ ਚਲਾ ਗਿਆ। ਭਾਜਪਾ ਅਤੇ ਅਕਾਲੀ ਦਲ ਦੇ ਵੋਟ ਸ਼ੇਅਰ ਵਿੱਚ ਮਾਮੂਲੀ ਅਸਰ ਦੇਖਣ ਨੂੰ ਮਿਲਿਆ ਹੈ। ਭਾਜਪਾ 8.70 ਦੇ ਮੁਕਾਬਲੇ 9.56 ਫੀਸਦੀ ਵੋਟ ਸ਼ੇਅਰ ਲੈਣ ਵਿੱਚ ਕਾਮਯਾਬ ਰਹੀ ਅਤੇ ਅਕਾਲੀ ਦਲ 26.30 ਤੋਂ ਵਧ ਕੇ 27.5 ਫੀਸਦੀ 'ਤੇ ਪਹੁੰਚ ਗਿਆ ਹੈ। ਚੋਣਾਂ ਤੋਂ ਪਹਿਲਾਂ ਬਣੇ ਨਵੀਂ ਬਣੀ ਪੰਜਾਬ ਏਕਤਾ ਪਾਰਟੀ ਤੇ ਅਕਾਲੀ ਦਲ ਟਕਸਾਲੀ ਚੋਣਾਂ ਵਿੱਚ ਅਸਰ ਛੱਡਣ ਵਿੱਚ ਕਾਮਯਾਬ ਨਹੀਂ ਹੋਏ। ਸੁਖਪਾਲ ਸਿੰਘ ਖਹਿਰਾ ਬਠਿੰਡਾ ਤੋਂ ਸਿਰਫ 38,199 ਵੋਟਾਂ ਤੱਕ ਰਹਿ ਗਏ। ਉਸੇ ਪਾਰਟੀ ਦੀ ਖਡੂਰ ਸਾਹਿਬ ਤੋਂ ਚੋਣ ਲੜ ਰਹੀ ਪਰਮਜੀਤ ਕੌਰ ਖਲਾੜਾ ਜ਼ਰੂਰ 2.14 ਲੱਖ ਵੋਟ ਲੈਣ ਵਿੱਚ ਕਾਮਯਾਬ ਰਹੀ।

ਚੋਣਾਂ ਵਿੱਚ ਸਭ ਤੋਂ ਰੌਚਕ ਪਹਿਲੂ ਇਹ ਵੀ ਰਿਹਾ ਕਿ ਦੋ ਉਮੀਦਵਾਰ ਅਜਿਹੇ ਸਨ, ਜੋ 2017 ਦੀਆਂ ਵਿਧਾਨ ਸਭਾ ਚੋਣਾਂ ਹਾਰ ਗਏ ਸਨ, ਪਰ ਲੋਕ ਸਭਾ ਚੋਣਾਂ ਜਿੱਤ ਗਏ। ਫਰੀਦਕੋਟ ਤੋਂ ਜੇਤੂ ਰਹੇ ਕਾਂਗਰਸ ਦੇ ਮੁਹੰਮਦ ਸਦੀਕ 2017 ਵਿੱਚ ਜੈਤੋ ਵਿਧਾਨ ਸਭਾ ਸੀਟ ਤੋਂ ਚੋਣ ਲੜੇ, ਪਰ ਹਾਰ ਗਏ। ਇਸੇ ਪ੍ਰਕਾਰ ਫਤਿਹਗੜ੍ਹ ਸਾਹਿਬ ਤੋਂ ਜੇਤੂ ਰਹੇ ਕਾਂਗਰਸ ਦੇ ਡਾਕਟਰ ਅਮਰ ਸਿੰਘ 2017 ਦੀਆਂ ਵਿਧਾਨ ਸਭਾ ਚੋਣਾਂ ਰਾਏਕੋਟ ਤੋਂ ਹਾਰ ਗਏ ਸਨ। ਫਤਿਹਗੜ੍ਹ ਸਾਹਿਬ ਦੇ ਪਾਰਲੀਮੈਂਟ ਮੈਂਬਰ ਬਣੇ ਡਾਕਟਰ ਅਮਰ ਸਿੰਘ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਦੇ ਓ ਐਸ ਡੀ ਸਨ। ਨਵਜੋਤ ਸਿੰਘ ਸਿੱਧੂ ਨੇ ਉਨ੍ਹਾਂ 'ਤੇ ਭ੍ਰਿਸ਼ਟਾਚਾਰ ਦਾ ਦੋਸ਼ ਲਾ ਕੇ ਹਟਾਇਆ ਸੀ। 2019 ਵਿੱਚ ਉਹ ਪਾਰਲੀਮੈਂਟ ਮੈਂਬਰ ਬਣ ਗਏ ਹਨ। ਪੰਜਾਬ ਵਿੱਚ ਨੌਂ ਵਿਧਾਇਕ ਚੋਣ ਮੈਦਾਨ ਵਿੱਚ ਸਨ, ਪਰ ਅਕਾਲੀ ਦਲ ਦੇ ਸੁਖਬੀਰ ਸਿੰਘ ਬਾਦਲ ਅਤੇ ਹੁਸ਼ਿਆਰਪੁਰ ਤੋਂ ਸੋਮ ਪ੍ਰਕਾਸ਼ ਨੇ ਹੀ ਜਿੱਤ ਦਾ ਝੰਡਾ ਲਹਿਰਾਇਆ ਹੈ।

# ਵਿਸ਼ਵਕਰਮਾ ਭਵਨ ਵਿਖੇ ਜੱਸਾ ਸਿੰਘ ਰਾਮਗੜ੍ਹੀਆ ਦੇ 296ਵਾਂ ਜਨਮ ਦਿਵਸ ਮਨਾਇਆ

## ਮੈਂਬਰ ਪਾਰਲੀਮੈਂਟ ਮੁਹੰਮਦ ਸਦੀਕ ਅਤੇ ਡਾਕਟਰ ਹਰਜੋਤ ਕਮਲ ਸਨਮਾਨਿਤ

ਮੋਗਾ, 26 ਮਈ (ਗਿਆਨ ਸਿੰਘ): ਪੰਜਾਬ ਸਰਕਾਰ ਵਲੋਂ ਰਾਮਗੜ੍ਹੀਆ ਭਾਈਚਾਰੇ ਵਿੱਚੋਂ ਕਿਸੇ ਚੁਣੇ ਹੋਏ ਨੁਮਾਇੰਦੇ ਨੂੰ ਸਰਕਾਰ ਵਿਚ ਨੁਮਾਇੰਦਗੀ ਦੇਣ, ਪੱਛੜੀਆਂ ਸ਼੍ਰੇਣੀਆ ਲਈ ਗੱਠਿਤ ਕਮਿਸ਼ਨ ਦੇ ਚੇਅਰਮੈਨ ਅਤੇ ਮੈਂਬਰਾਂ ਦੀ ਨਿਯੁਕਤੀ ਕਰਨ ਅਤੇ ਪੱਛੜੀਆਂ ਸ਼੍ਰੇਣੀਆ ਲਈ ਨਗਰ ਕੌਂਸਲਾਂ ਵਿੱਚ ਪੱਛੜੀਆਂ ਸ਼੍ਰੇਣੀਆਂ ਲਈ 25% ਸੀਟਾਂ ਰਾਖਵੀਆਂ ਸੀਟਾਂ ਕਰਨ ਲਈ ਮੰਗਪੱਤਰ ਰਾਮਗੜ੍ਹੀਆ ਵੇਲਫੇਅਰ ਸੁਸਾਇਟੀ ( ਰਜਿ: ) ਮੋਗਾ ਵੱਲੋਂ ਵਿਸ਼ਵਕਰਮਾ ਭਵਨ ਵਿਖੇ ਕੌਮੀ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੇ 296ਵਾਂ ਜਨਮ ਦਿਨ ਸਮਾਗਮ ਵਿਚ ਸਾਮਲ ਹੋਏ ਨੇਤਾਵਾਂ ਫਰੀਦਕੋਟ ਤੋਂ ਨਵੇ ਚੁਣੇ ਮੈਂਬਰ ਪਾਰਲੀਮੈਂਟ ਸ਼੍ਰੀ ਮੁਹੰਮਦ ਸਦੀਕ ਅਤੇ ਮੋਗਾ ਦੇ ਵਧਾਇਕ ਡਾਕਟਰ ਹਰਜੋਤ ਕਮਲ ਨੂੰ ਪੇਸ ਕੀਤਾ।

ਸਮਾਗਮ ਦੇ ਸੁਰੂ ਵਿਚ ਸ਼੍ਰੀ ਗੁਰੂ ਗਰੰਥ ਸਾਹਿਬ ਦੇ ਅਖੰਡ ਪਾਠ ਦੇ ਭੋਗ ਉਪਰੰਤ ਸੁਖਮਨੀ ਸੇਵਾ ਸੁਸਾਇਟੀ, ਵਿਸ਼ਵਕਰਮਾ ਭਵਨ ਦੀਆਂ ਬੀਬੀਆਂ, ਭਾਈ ਪਰਮਜੀਤ ਸਿੰਘ ਹਜ਼ੂਰੀ ਰਾਗੀ ਅਤੇ ਭਾਈ ਮਲਕੀਤ ਸਿੰਘ ਪੰਖੇਰੂ ਦੇ ਜੱਥਿਆਂ ਨੇ ਗੁਰਬਾਣੀ ਦਾ ਕੀਰਤਨ ਅਤੇ ਢਾਡੀ ਵਾਰਾਂ ਰਾਂਹੀ ਕੌਮੀ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੇ ਜੀਵਨ ਤੇ ਚਾਨਣਾ ਪਾਇਆ।

ਰਾਮਗੜ੍ਹੀਆ ਭਾਈਚਾਰੇ ਨੇ ਇਹ ਵੀ ਮੰਗ ਕੀਤੀ ਕਿ ਵਿਸ਼ਵਕਰਮਾ, ਕੌਮੀ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਅਤੇ ਗਿਆਨੀ ਜੈਲ ਸਿੰਘ ਸਾਬਕਾ ਰਾਸ਼ਟਰਪਤੀ ਦੇ ਨਾਮ ਤੇ ਪੰਜਾਬ ਦੀਆਂ ਵੱਖ ਵੱਖ ਯੂਨੀਵਰਸਟੀਆਂ/ਟੈਕਨੀਕਲ ਯੂਨੀਵਰਸਿਟੀ ਵਿੱਚ ਚੇਅਰਾਂ ਸਥਾਪਿਤ ਕੀਤੀਆਂ ਜਾਣ। ਮੰਗ ਪੱਤਰ ਵਿਚ ਇਹ ਵੀ ਕਿਹਾ ਮੋਗਾ ਤੇ ਆਸ ਪਾਸ ਦੇ ਰਾਮਗੜ੍ਹੀਏ ਜਿਆਦਾ ਦਸਤਕਾਰੀ ਦਾ ਕੰਮ ਕਰਦੇ ਹਨ। ਮੋਗੇ ਵਿੱਚ ਮੋਟਰ ਮਕੈਨਿਕਾਂ ਅਤੇ ਟ੍ਰੈਕਟਰ ਮਕੈਨਿਕਾਂ ਦੇ ਕੰਮ ਕਰਨ ਲਈ ਇੱਕ ਵੱਖਰਾ ਮਕੈਨਿਕ ਨਗਰ ਬਨਾਉਣ ਦੀ ਲੋੜ ਹੈ। ਮੋਗੇ ਦੇ ਦਸਤਕਾਰ ਟੱਰਕ ਬਾਡੀ ਅਤੇ ਟਰਾਲੇ ਬਨਾਉਣ ਲਈ ਵੀ ਮਸ਼ਹੂਰ ਹਨ। ਪਰ ਹੁਣ ਸ਼ਹਿਰ ਵਿੱਚ ਨਵਾਂ ਚਹੁੰਮਾਰਗੀ ਜੀ.ਟੀ.ਰੋਡ ਬਣਨ ਤੇ ਉਹਨਾਂ ਦਾ ਕੰਮ ਬਹੁਤ ਪ੍ਰਭਾਵਿਤ ਹੋਇਆ ਕਿਉਕਿ ਜੀ.ਟੀ.ਰੋਡ ਤੇ ਗੱਡੀਆਂ ਖੜਾਉਣ ਲਈ ਕੋਈ ਵੀ ਥਾਂ ਨਹੀਂ ਹੈ,ਉਨ੍ਹਾ ਲਈ ਵੱਖਰਾ ਟਰਾਂਸਪੋਰਟ ਨਗਰ ਬਣਾਇਆ ਜਾਵੇ। ਮੋਗੇ ਦੇ ਬਹੁਤ ਸਾਰੇ ਦਸਤਕਾਰ ਫਰਨੀਚਰ ਦੇ ਕੰਮ ਵਿੱਚ ਵੀ ਮਾਹਰ





ਹਨ ਅਤੇ ਉਹਨਾਂ ਦੀ ਬਦੌਲਤ ਲੱਕੜ ਆਰਿਆਂ ਦਾ ਕੰਮ ਚਲਦਾ ਹੈ, ਇਹਨਾਂ ਦੀ ਮਾਰਕੀਟ ਫੀਸ ਮੁਆਫ ਕੀਤੀ ਜਾਵੇ ਅਤੇ ਬਿਜਲੀ ਦੇ ਬਿੱਲ ਵੀ ਰੇਟ ਵੀ ਘਟਾਏ ਜਾਣ ਤਾਂ ਜੋਂ ਲੱਕੜ ਆਰਿਆਂ ਦੇ ਕੰਮ ਵਿੱਚ ਆਏ ਨਿਘਾਰ ਨੂੰ ਰਾਹਤ ਮਿਲ ਸਕੇ।

ਕੌਮੀ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮ ਦਿਨ ਸਮਾਗਮ ਵਿਚ ਫਰੀਦਕੋਟ ਨਵੇਂ ਚੁਣੇ ਮੈਂਬਰ ਪਾਰਲੀਮੈਂਟ ਸ਼੍ਰੀ ਮੁਹੰਮਦ ਸਦੀਕ ਨੂੰ ਰਾਮਗੜ੍ਹੀਆ ਵੇਲਫੇਅਰ ਸੁਸਾਇਟੀ ( ਰਜਿ: ) ਮੋਗਾ ਵਲੋਂ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੇ ਵਿਸ਼ਵਾਸ ਦੁਆਇਆ ਕਿ ਰਾਮਗੜ੍ਹੀਆ ਭਾਈਚਾਰੇ ਦੀਆਂ ਮੰਗਾਂ ਸਬੰਧੀ ਜਲਦੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਮਿਲਣਗੇ ਅਤੇ ਭਾਈਚਾਰੇ ਦੇ ਵਿਕਾਸ ਲਈ ਹਰ ਸੰਭਵ ਯਤਨ ਕਰਨਗੇ। ਇਸ ਮੌਕੇ ਡਾਕਟਰ ਹਰਜੋਤ ਕਮਲ ਨੇ ਕੌਮੀ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮ ਦਿਨ ਵਧਾਈ ਦਿੰਦਿਆਂ ਕਿਹਾ ਕਿ ਸਾਡਾ ਮਹਾਨ ਵਿਰਸਾ ਹੈ ਇਸ ਨੂੰ ਸੰਭਾਲਣ ਅਤੇ ਨਵੀਂ ਪੀੜ੍ਹੀ ਵਿਚ ਜਾਗਰਤੀ ਪੈਦਾ ਕਰਨ ਦੀ ਲੋੜ ਹੈ। ਉਨ੍ਹਾਂ ਭਾਈਚਾਰੇ ਦੀਆਂ ਮੰਗਾਂ ਬਾਰੇ ਸਰਕਾਰ ਤਕ ਪਹੂੰਚ ਕਰਨ ਦਾ ਯਕੀਨ ਦੁਆਇਆ। ਲੁਧਿਆਣਾ ਤੋਂ ਵਿਸ਼ੇਸ ਤੌਰ ਤੇ ਪਹੁੰਚੇ ਸ ਹਰਦੇਵ ਸਿੰਘ ਕਲਸੀ ਨੇ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੇ ਜੀਵਨ ਸਬੰਧੀ ਕਵਿਤਾ ਪੇਸ਼ ਕੀਤੀ। ਇਸ ਮੌਕੇ ਸਰਦਾਰ ਮੋਹਨ ਸਿੰਘ ਭਗਤ ਦੀ ਲਿਖੀ ‘ਸ਼੍ਰੀਵਿਸ਼ਵਕਰਮਾ ਮਹਾਂ ਪੁਰਾਣ “ ਅਤੇ “ਜਨਮ ਸਾਖੀ ਭਾਈ ਲਾਲੋ ਜੀ’ ਲੋਕ ਅਰਪਣ ਕੀਤੀਆਂ। ਸੁਸਾਇਟੀ ਦੇ ਪ੍ਰਧਾਨ ਸ ਇੰਦਰਜੀਤ ਸਿੰਘ ਨੇ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਸੁਸਾਇਟੀ ਨੇ ਸ ਕੁਲਦੀਪ ਸਿੰਘ ਗਰੀਨ ਨੂੰ ਰਾਮਗੜ੍ਹੀਆ ਭਾਈਚਾਰੇ ਲਈ ਕੀਤੀਆਂ ਸੇਵਾਵਾਂ ਲਈ ਕੌਮੀ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਐਵਾਰਡ ਨਾਲ ਸਨਮਾਨਿਆ । ਸਾਮਲ ਹੋਏ ਵਿਧਾਇਕ ਡਾਕਟਰ ਹਰਜੋਤ ਕਮਲ, ਸਾਬਕਾ ਵਿਧਾਇਕ ਵਿਜੇ ਸਾਥੀ ਨੂੰ ਸਨਮਾਨਿਤ ਕੀਤਾ। ਇਸ ਮੌਕੇ ਰਾਜਾ ਸਿੰਘ ਭਾਰਤਵਾਲੇ, ਸੋਹਣ ਸਿੰਘ ਸੱਗੂ, ਬਲਦੇਵ ਸਿੰਘ ਜੰਡੂ, ਚੰਮਕੌਰ ਸਿੰਘ ਝੰਡੇਆਣਾ, ਗੁਰਸੇਵਕ ਸਿੰਘ ਚੀਮਾ, ਮੁਖਤਿਆਰ ਸਿੰਘ ਪਤੰਗਾ, ਗਿਆਨ ਸਿੰਘ ਸਬਕਾ ਡੀਪੀਆਰਓ, ਹਾਕਮ ਸਿੰਘ ਖੋਸਾ, ਪ੍ਰਿਤਪਾਲ ਸਿੰਘ ਓਂਕਾਰ ਦਰਸ਼ਨ ਸਿੰਘ ਬੰਮਰਾਹ, ਕੰਮਲਜੀਤ ਸਿੰਘ ਮੋਗਾ, ਗੁਰਨਾਮ ਸਿੰਘ ਲੱਵਲੀ, ਮਨਜੀਤ ਸਿੰਘ ਮਿੰਦੀ, ਦਿਆਲ ਸਿੰਘ ਠੇਕੇਦਾਰ,ਮਹਿੰਦਰ ਸਿੰਘ ਕਲਸੀ, ਰੀਮਾ ਰਾਣੀ, ਸੁਖਦੇਵ ਸਿੰਘ ਲੋਧਰਾ ਤੋਂ ਇਲਾਵਾ ਸੰਗਤਾਂ ਵੱਡੀ ਗਿਣਤੀ ਵਿਚ ਸਾਮਲ ਹੋਈਆਂ। ਮੰਚ ਸੰਚਾਲਣ ਦੀ ਸੇਵਾ ਸ ਚਰਨਜੀਤ ਸਿੰਘ ਝੰਡੇਆਣਾ ਕੌਂਸਲਰ ਨੇ ਨਿਭਾਈ।


ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7



KARTAR FURNITURE






ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ

ਕਰਤਾਰ ਫਰਨੀਚਰ

- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657 69 Westmore Dr. #20 Etobicoke ON, M9V 3Y6



# ਸੰਪਾਦਕੀ

# ਐਥਨਿਕ ਵੋਟਾਂ ਦੀ ਸਿਆਸਤ ਕਿਸਦੇ ਹੱਕ ਵਿੱਚ

ਪੰਜਾਬੀ ਦੀ ਕਹਾਵਤ ਹੈ ਕਿ ਨਾਤੂਏ ਦਾ ਦਰਦ ਲੰਬੇ ਸਮੇਂ ਤੱਕ ਤਕਲੀਫ਼ ਦੇਂਦਾ ਰਹਿੰਦਾ ਹੈ। ਉਂਟੇਰੀਓ ਦੀ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਦਾ ਲੀਡਰ ਹੋਣ ਸਮੇਂ ਪੈਟਰਿਕ ਬਰਾਊਨ ਦਾ ਸੁਫ਼ਨਾ ਹੁੰਦਾ ਸੀ ਕਿ ਮਈ ਨੂੰ ਉਂਟੇਰੀਓ ਵਿੱਚ 'ਤਾਮਿਲਾਂ ਦੇ ਸ੍ਰੀਲੰਕਾਂ ਵਿੱਚ ਜੈਨੋਸਾਈਡ' ਦਾ ਮਹੀਨਾ ਕਰਾਰ ਦਿੱਤਾ ਜਾਵੇ। ਸਮੇਂ ਨੇ ਗੇੜ ਖਾਧਾ ਅਤੇ ਉਸਨੇ ਉਂਟੇਰੀਓ ਦਾ ਪ੍ਰੀਮੀਅਰ ਬਣਨ ਦੀ ਥਾਂ ਬਰੈਂਪਟਨ ਦੇ ਮੇਅਰ ਦੀ ਕੁਰਸੀ ਆ ਸੰਭਾਲੀ। ਬੀਤੇ ਦਿਨੀਂ ਪੈਟਰਿਕ ਬਰਾਊਨ ਨੇ ਬਰੈਂਪਟਨ ਸਿਟੀ ਵਿੱਚ ਮਈ ਨੂੰ ਤਾਮਿਲਾਂ ਦੇ ਜੈਨੋਸਾਈਡ ਦਾ ਮਹੀਨਾ ਕਰਾਰ ਕਰਵਾਉਣ ਦਾ ਮਤਾ ਪਾਸ ਕਰਵਾ ਲਿਆ। ਇਸ ਨਾਲ ਉਹਨਾਂ ਦਾ ਸੁਫਨਾ ਤਾਂ ਕਿਸੇ ਹੱਦ ਤੱਕ ਪੂਰਾ ਹੋ ਗਿਆ ਪਰ ਰੋਸ ਵਿੱਚ ਸੈਂਕੜੇ ਸਿਨਹਾਲੀ ਮੂਲ ਦੇ ਸ੍ਰੀਲੰਕਨ ਸੜਕਾਂ ਉੱਤੇ ਉੱਤਰ ਆਏ। ਇਹ ਪਹਿਲੀ ਵਾਰ ਹੈ ਕਿ ਕੈਨੇਡਾ ਵਿੱਚ ਕਿਸੇ ਕਮਿਊਨਿਟੀ ਬਾਬਤ ਪਾਸ ਹੋਈ ਮਤੇ ਦੇ ਵਿਰੋਧ ਵਿੱਚ ਦੂਜੇ ਧੜੇ ਵੱਲੋਂ ਆਵਾਜ਼ ਚੁੱਕੀ ਗਈ ਹੈ।

ਇਸ ਆਰਟੀਕਲ ਦਾ ਮਕਸਦ ਇਸ ਗੱਲ ਬਾਰੇ ਚਰਚਾ ਕਰਨਾ ਨਹੀਂ ਕਿ ਕੀ ਤਾਮਿਲਾਂ ਦਾ ਸ੍ਰੀਲੰਕਾਂ ਵਿੱਚ ਜੈਨੋਸਾਈਡ ਹੋਇਆ ਜਾਂ ਨਹੀਂ। ਹਰ ਲੜਾਈ ਦੇ ਕਾਰਣਾਂ ਅਤੇ ਸਿੱਟਿਆਂ ਬਾਰੇ ਗੱਲ ਨੂੰ ਦੋ ਨਹੀਂ ਸਗੋਂ ਕਈ ਪੱਖਾਂ ਤੋਂ ਵਿਚਾਰਿਆ ਜਾ ਸਕਦਾ ਹੁੰਦਾ ਹੈ। ਜਿਵੇਂ ਪੈਟਿਰਕ ਬਰਾਊਨ ਨੇ ਇੱਕ ਧਿਰ ਸ੍ਰੀਲੰਕਨ ਤਾਮਿਲਾਂ ਨੂੰ ਖੁਸ਼ ਕਰਨ ਲਈ ਮਤਾ ਪਾਸ ਕਰਵਾ ਲਿਆ ਤਾਂ ਦੂਜੀ ਧਿਰ ਭਾਵ ਸਿਨਹਾਲੀ ਸ੍ਰੀਲੰਕਨ ਗੁੱਸੇ ਹੋ ਗਏ। ਇਸ ਕਿਸਮ ਦੀ ਪਹੁੰਚ ਕੈਨੇਡੀਅਨ ਰਾਜਨੀਤਕ ਲੈਂਡਸਕੇਪ ਵਿੱਚ ਕੀ ਮਾਅਨੇ ਹਨ? ਮਸਲਾ ਕਿਸੇ ਇੱਕ ਧਿਰ ਨੂੰ ਸਹੀ ਜਾਂ ਗਲਤ ਸਾਬਤ ਕਰਨਾ ਵੀ ਨਹੀਂ ਹੈ ਸਗੋਂ ਸਿਰਫ਼ ਚਰਚਾ ਛੇੜਨਾ ਹੈ। ਚੇਤੇ ਰਹੇ ਕਿ ਬਰੈਂਪਟਨ ਵਿੱਚ ਸਿਨਹਾਲੀ ਮੂਲ ਦੇ ਤਾਮਿਲਾਂ ਵੱਲੋਂ ਵੱਡੀ ਪੱਧਰ ਉੱਤੇ ਫਲਾਇਰ ਵੰਡ ਕੇ ਬਰੈਂਪਟਨ ਸਿਟੀ ਦੇ ਮਤੇ ਦਾ ਵਿਰੋਧ ਕੀਤਾ ਜਾ ਰਿਹਾ ਹੈ। ਇਸਤੋਂ ਪਹਿਲਾਂ ਟੋਰਾਂਟੋ ਸਿਟੀ ਵੱਲੋਂ ਮੇਅਰ ਜੌਹਨ ਟੋਰੀ ਦੀ ਅਗਵਾਈ ਹੇਠ ਤਾਮਿਲਾਂ ਦੇ ਜੈਨੋਸਾਈਡ ਬਾਰੇ ਮਤਾ ਪਾਸ ਕੀਤਾ ਜਾ ਚੁੱਕਾ ਹੈ।

ਇਹਨਾਂ ਦੋਵਾਂ ਮਤਿਆਂ ਨੂੰ ਰੱਦ ਕਰਨ ਲਈ ਜ਼ੋਰ ਪਾਉਣ ਵਾਸਤੇ 'ਯੂਨਾਈਟਡ ਕੈਨੇਡੀਅਨ ਸ੍ਰੀ-ਲੰਕਨ' ਨਾਮਕ ਗਰੁੱਪ ਵੱਲੋਂ ਇੱਕ ਪਟੀਸ਼ਨ ਜਾਰੀ ਕੀਤੀ ਗਈ ਹੈ ਜਿਸਨੂੰ 5700 ਦੇ ਕਰੀਬ ਲੋਕੀ ਸਾਈਨ ਕਰ ਚੁੱਕੇ ਹਨ।

ਬਰੈਂਪਟਨ ਵਿੱਚ ਤਾਮਿਲ ਅਤੇ ਸਿਨਹਾਲੀ ਸ੍ਰੀਲੰਕਨਾਂ ਦਰਮਿਆਨ ਫੈਲਿਆ ਮੱਤਭੇਦ ਸੋਚਣ ਲਈ ਮਜ਼ਬੂਰ ਕਰਦਾ ਹੈ ਕਿ ਕੈਨੇਡੀਅਨ ਸਿਆਸਤਦਾਨਾਂ ਦਾ ਵੋਟਾਂ ਲਈ ਕਿਸੇ ਇੱਕ ਐਥਨਿਕ ਧਿਰ ਦੀ ਮੰਗ ਨੂੰ ਇਸ ਢੰਗ ਨਾਲ ਮੰਨਣਾ ਕਿ ਦੂਜੀ ਨੂੰ ਖੁਦ ਨਾਲ ਧੱਕਾ ਹੋਇਆ ਜਾਪੇ, ਕਿੰਨਾ ਕੁ ਜਾਇਜ਼ ਹੈ? ਅਜਿਹਾ ਪ੍ਰਭਾਵ ਕਿਉਂ ਪੈਦਾ ਹੁੰਦਾ ਜਾ ਰਿਹਾ ਹੈ ਕਿ ਸਿਆ-ਸਤਦਾਨ ਸਿਰਫ਼ ਉਹਨਾਂ ਭਾਈਚਾਰਿਆਂ ਨਾਲ ਹੋਏ ਧੱਕੇ ਬਾਰੇ ਗੱਲ ਕਰਨ ਤੱਕ ਸੀਮਤ ਹੋ ਜਾਂਦੇ ਹਨ ਜਿਸਦੀ ਅੱਛੀਆਂ ਖਾਸੀਆਂ ਵੋਟਾਂ ਹੁੰਦੀਆਂ ਹਨ?

ਕੈਨੇਡਾ ਵਿੱਚ ਵਿਸ਼ਵੇ ਦੇ ਹਰ ਖਿੱਤੇ ਤੋਂ ਹਰ ਧਰਮ, ਹਰ ਨਸਲ ਦੇ ਲੋਕ ਆ ਕੇ ਵੱਸੇ ਹੋਏ ਹਨ। 25 ਹਜ਼ਾਰ ਰਿਫਿਊਜੀ ਤਾਂ 2015 ਵਿੱਚ ਸੀਰੀਆ ਤੋਂ ਹੀ ਬੁਲਾਏ ਗਏ ਸਨ। ਜੇ ਕੱਲ ਨੂੰ ਕੋਈ ਅਜਿਹੀ ਆਵਾਜ਼ ਚੁੱਕੀ ਜਾਂਦੀ ਹੈ ਕਿ ਸੀਰੀਆ ਵਿੱਚ ਹੋਏ ਜੈਨੋਸਾਈਡ ਜਾਂ ਕਤਲੇਆਮ ਲਈ ਯਾਦਗਾਰੀ ਮਹੀਨਾ ਮਨਾਏ ਜਾਣ ਦੀ ਲੋੜ ਹੈ ਤਾਂ ਉਹ ਮਹੀਨਾ ਕਿਸਦੀ ਯਾਦ ਵਿੱਚ ਮਨਾਇਆ ਜਾਵੇਗਾ? ਉੱਥੇ ਮਾਰੇ ਜਾ ਚੁੱਕੇ ਈਸਾਈਆਂ ਲਈ ਜਿਹਨਾਂ ਦਾ ਇੱਕ ਕਿਸਮ ਨਾਲ ਸੀਰੀਆ ਵਿੱਚੋਂ ਖਾਤਮਾ ਹੀ ਹੋ ਚੁੱਕਾ ਹੈ? ਵੱਡੀ ਗਿਣਤੀ ਵਿੱਚ ਮਾਰੇ ਗਏ ਨਿਰਦੋਸ਼ ਮੁਸਲਮਾਨਾਂ ਲਈ ਜਾਂ ਗਊਆਂ ਵਰਗੇ ਸਾਊ ਯਜੀਦੀਆਂ ਲਈ?

ਯੂਕਰੇਨ ਵਿੱਚ ਰੂਸ ਵੱਲੋਂ ਧੱਕਾ ਕਰਨਾ ਦੋ ਮੁਲਕਾਂ ਦਾ ਮਾਮਲਾ ਹੈ। ਕੈਨੇਡੀਅਨ ਸਰਕਾਰ ਨੂੰ ਅੰਤਰਰਾਸ਼ਟਰੀ ਨੀਤੀ ਮੁਤਾਬਕ ਸਟੈਂਡ ਵੀ ਲੈਣਾ ਲਾਜ਼ਮੀ ਹੈ ਜਿਸਦਾ ਸਾਰੇ ਕੈਨੇਡੀਅਨਾਂ ਨੂੰ ਆਪੋ ਆਪਣੇ ਮੱਤਭੇਦ ਦੂਰ ਕਰਕੇ ਸਮਰੱਥਨ ਦੇਣਾ ਬਣਦਾ ਹੈ। । ਪਰ ਕੈਨੇਡਾ ਵਿੱਚ ਜਿੰਨੇ ਯੁਕਰੇਨ ਮੂਲ ਦੇ ਲੋਕ ਵੱਸਦੇ ਹਨ, ਉਹਨਾਂ ਤੋਂ ਵੱਧ ਰੂਸੀ ਮੂਲ ਦੇ ਲੋਕ ਹਨ। ਕੀ ਇਹ ਨਹੀਂ ਚਾਹੀਦਾ ਕਿ ਉਹਨਾਂ ਦੇ ਮੱਤਭੇਦਾਂ ਨੂੰ ਹੱਲਾਸ਼ੇਰੀ ਦੇਣ ਦੀ ਥਾਂ ਉਹਨਾਂ ਵਿੱਚ ਕੈਨੇਡੀਅਨ ਏਕਤਾ ਮਜ਼ਬੂਤ ਕਰਨ ਲਈ ਪ੍ਰੇਰਿਤ ਕੀਤਾ ਜਾਵੇ? ਕੈਨੇਡਾ ਦੇ ਡਿਪਲੋਮੈਟਿਕ ਸਰਕਲਾਂ ਵਿੱਚ ਇਹ ਗੱਲ ਆਮ ਚੱਲਦੀ ਹੈ ਕਿ ਹਿੰਸਾਂ ਦੇ ਅਤੀਅੰਤ ਘਿਨਾਉਣੇ ਚੱਕਰ ਵਿੱਚ ਉਲਝੇ ਸੋਮਾਲੀਆ, ਰਵਾਡਾਂ, ਯੂਗਾਂਡਾ, ਨਾਈਜੀਰੀਆ ਵਰਗੇ ਅਫਰੀਕਨ ਮੁਲਕਾਂ ਦੀ ਸਥਿਤੀ ਬਾਰੇ ਕੈਨੇਡਾ ਵਰਗੇ ਉੱਨਤ ਮੁਲਕਾਂ ਵੱਲੋਂ ਬਣਦਾ ਧਿਆਨ ਨਹੀਂ ਦਿੱਤਾ ਜਾਂਦਾ ਜਿਸਦਾ ਇੱਕ ਕਾਰਣ ਇਹਨਾਂ ਮੁਲਕਾਂ ਤੋਂ ਆਏ ਪਰਵਾਸੀਆਂ ਵਿੱਚ ਵੋਟ ਬੈਂਕ ਦਾ ਨਾ ਹੋਣਾ ਹੈ।

# ਸਖ਼ਤ ਮਿਹਨਤ ਕਰਨ ਬਦਲੇ ਜੋਬਨਦੀਪ ਸੰਧੂ ਨੂੰ ਕੀਤਾ ਜਾਵੇਗਾ ਡੀਪੋਰਟ ?

...ਪੰਨਾ 1 ਦਾ ਬਾਕੀ

ਇਹ ਜਾਣਕਾਰੀ ਸ਼ੁੱਕਰਵਾਰ ਨੂੰ ਫੈਡਰਲ ਇਮੀਗ੍ਰੇਸ਼ਨ ਮੰਤਰੀ ਅਹਿਮਦ ਹੁਸੈਨ ਦੇ ਟੋਰਾਂਟੋ ਹਲਕੇ ਦੇ ਆਫਿਸ ਦੇ ਬਾਹਰ ਇੱਕਠੇ ਹੋਏ ਸੰਧੂ ਦੇ ਸਮਰਥਕਾਂ ਨੇ ਦਿੱਤੀ। ਇਸ ਗਰੁੱਪ ਨੇ ਹੁਸੈਨ ਦੇ ਸਟਾਫ ਕੋਲ ਇੱਕ ਪਟੀਸ਼ਨ ਪੇਸ਼ ਕੀਤੀ ਹੈ ਜਿਸ ਵਿੱਚ 50,000 ਵਿਅਕਤੀਆਂ ਵੱਲੋਂ ਦਸਤਖ਼ਤ ਕੀਤੇ ਗਏ ਹਨ।

ਸੰਧੂ ਨੂੰ ਹੁਣ 15 ਜੂਨ ਨੂੰ ਡੀਪੋਰਟੇਸ਼ਨ ਦਾ ਸਾਹਮਣਾ ਕਰਨਾ ਹੋਵੇਗਾ। ਇਸ ਦੌਰਾਨ ਸੰਧੂ ਨੇ ਆਖਿਆ ਕਿ ਨਿਯਮ ਤੋੜਨ ਤੋਂ ਇਲਾਵਾ ਉਸ ਕੋਲ ਕੋਈ ਹੋਰ ਚਾਰਾ ਨਹੀਂ ਸੀ। ਉਸ ਨੇ ਆਖਿਆ ਕਿ ਸਮੱਸਿਆ ਇਹ ਹੈ ਕਿ ਘਰੇਲੂ ਵਿਦਿਆਰਥੀਆਂ ਦੇ ਮੁਕਾਬਲੇ ਸਾਨੂੰ ਤਿੰਨ ਗੁਣਾ ਵੱਧ ਟਿਊਸਨ ਫੀਸ ਅਦਾ ਕਰਨੀ ਪੈਂਦੀ ਹੈ ਤੇ ਸਾਨੂੰ ਕੰਮ ਕਰਨ ਲਈ 20 ਘੰਟੇ ਹੀ ਦਿੱਤੇ ਜਾਂਦੇ ਹਨ। ਸਾਨੂੰ ਆਪਣੀ ਫੀਸ ਤੇ ਹੋਰ ਖਰਚੇ ਅਦਾ ਕਰਨ ਲਈ ਹੋਰ ਕੰਮ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ। ਉਸ ਨੇ ਆਖਿਆ ਕਿ ਉਸ ਨੂੰ ਅਜਿਹਾ ਕਰਨ ਲਈ ਮਜਬੂਰ ਹੋਣਾ ਪਿਆ।



ਪੜ੍ਹਾਈ ਦੇ ਨਾਲ ਨਾਲ ਸਟਡੀ ਪਰਮਿਟ ਹੋਲਡਰਜ਼ ਨੂੰ ਕੰਮ ਕਰਨ ਲਈ ਜਿਹੜੇ ਕੰਮ ਕਰਨ ਲਈ ਘੰਟੇ ਦਿੱਤੇ ਜਾਂਦੇ ਹਨ ਉਨ੍ਹਾਂ ਸਬੰਧੀ ਨਿਯਮਾਂ ਦਾ ਵੀ ਰੌਲਾ ਹੈ। ਫੈਡਰਲ ਸਰਕਾਰ ਦਾ ਕਹਿਣਾ ਹੈ ਕਿ ਪਰਮਿਟ ਦਾ ਮਕਸਦ ਪੜ੍ਹਾਈ ਕਰਨਾ ਹੀ ਹੋਣਾ ਚਾਹੀਦਾ ਹੈ। ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ ਵੱਲੋਂ ਜਾਰੀ ਬਿਆਨ ਵਿੱਚ ਆਖਿਆ ਗਿਆ ਕਿ ਕੰਮ ਲਈ 20 ਘੰਟੇ ਪ੍ਰਤੀ ਹਫਤੇ ਦੀ ਹੱਦ ਇਹ ਦਰਸਾਉਂਦੀ ਹੈ ਕਿ ਕੈਨੇਡਾ ਵਿੱਚ ਪੜ੍ਹਾਈ ਦੌਰਾਨ ਕੰਮ ਕਰਨ ਵਾਲੀ ਥਾਂ ਦਾ ਕੀਮਤੀ ਤਜਰਬਾ ਪੈਸਾ ਕਮਾਉਣ ਦਾ ਮੌਕਾ ਸੱਭ ਦਿੱਤਾ ਜਾਂਦਾ ਹੈ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਕੌਮਾਂਤਰੀ ਵਿਦਿਆਰਥੀਆਂ ਨੂੰ ਅਕਾਦਮਿਕ ਸਾਲ ਤੋਂ ਬਾਹਰ ਫੁੱਲ ਟਾਈਮ ਕੰਮ ਕਰਨ ਦਾ ਮੌਕਾ ਸਰਦੀਆਂ, ਬਹਾਰ ਤੇ ਗਰਮੀਆਂ ਦੀਆਂ ਛੁੱਟੀਆਂ ਵਿੱਚ ਹੀ ਮਿਲਦਾ ਹੈ। ਇਸ ਦੌਰਾਨ ਸੰਧੂ ਨੇ ਦੱਸਿਆ ਕਿ ਘਰੇਲੂ ਵਿਦਿਆਰਥੀਆਂ ਨੂੰ ਜਿੱਥੇ 9000 ਡਾਲਰ ਫੀਸ ਦੇਣੀ ਪੈਂਦੀ ਹੈ ਉੱਥੇ ਹੀ ਕੌਮਾਂਤਰੀ ਵਿਦਿਆਰਥੀਆ ਨੂੰ ਹਰ ਸਾਲ 27,000 ਤੇ 30,000 ਡਾਲਰ ਦਰਮਿਆਨ ਫੀਸ ਅਦਾ ਕਰਨੀ ਪੈਂਦੀ ਹੈ। ਇਸ ਲਈ ਇਸ ਫੀਸ ਨੂੰ ਪੂਰਾ ਕਰਨ ਲਈ ਉਨ੍ਹਾਂ ਕੋਲ ਕੰਮ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਬਚਦਾ।

ਸੰਧੂ ਨੇ ਆਖਿਆ ਕਿ ਉਹ ਕੈਨੇਡਾ ਵਿੱਚ ਪੜ੍ਹਾਈ ਕਰਕੇ ਖੁਦ ਨੂੰ ਤੇ ਆਪਣੇ ਪਰਿਵਾਰ ਨੂੰ ਸੈਟਲ ਕਰਨ ਦਾ ਸੁਪਨਾ ਲੈ ਕੇ ਇੱਥੇ ਆਇਆ ਸੀ। ਉਸ ਨੂੰ ਸਖ਼ਤ ਮਿਹਨਤ ਕਰਨ ਬਦਲੇ ਸਜ਼ਾ ਦਿੱਤੀ ਜਾ ਰਹੀ ਹੈ। ਉਸ ਨੇ ਆਖਿਆ ਕਿ ਉਹ ਕੈਨੇਡਾ ਸਰਕਾਰ ਤੋਂ ਮੰਗ ਕਰਦਾ ਹੈ ਕਿ ਉਸ ਨੂੰ ਅਸਥਾਈ ਰੈਜ਼ੀਡੈਂਟ ਪਰਮਿਟ ਦਿੱਤਾ ਜਾਵੇ ਤੇ ਉਸ ਵਰਗੇ ਹੋਰਨਾਂ ਵਿਦਿਆਰਥੀਆਂ ਨਾਲ ਵੀ ਇਨਸਾਫ ਕੀਤਾ ਜਾਵੇ। ਸੰਧੂ ਦਾ ਸਮਰਥਨ ਕਰਨ ਵਾਲਿਆਂ ਵਿੱਚ ਮਾਈਗ੍ਰੈਂਟ ਵਰਕਰਜ਼ ਅਲਾਇੰਸ ਫੌਰ ਚੇਂਜ ਵੀ ਸ਼ਾਮਲ ਹਨ ਜੋ ਕਿ 20 ਘੰਟੇ ਕੰਮ ਕਰਨ ਦੀ ਹੱਦ ਨੂੰ ਗਲਤ ਦੱਸਦੇ ਹਨ।

# 600 ਮਿਲੀਅਨ ਡਾਲਰ ਦੇ ਮੀਡੀਆ ਫੰਡ ਲਈ ਆਊਟਲੈੱਟਸ ਚੁਣਨ ਦੀ ਪ੍ਰਕਿਰਿਆ ਬਿਲਕੁਲ ਪਾਰਦਰਸ਼ੀ : ਰੌਡਰਿੱਗਜ਼

...ਪੰਨਾ 1 ਦਾ ਬਾਕੀ

ਇਸ ਸਬੰਧ ਵਿੱਚ 600 ਮਿਲੀਅਨ ਡਾਲਰ ਸਬਸਿਡੀਜ਼ ਤੇ ਟੈਕਸ ਕ੍ਰੈਡਿਟ ਦੇ ਰੂਪ ਵਿੱਚ ਅਗਲੇ ਪੰਜ ਸਾਲਾਂ ਵਿੱਚ ਚੁਣੇ ਹੋਏ ਆਊਟਲੈੱਟਸ ਤੇ ਸੰਸਥਾਵਾਂ ਨੂੰ ਦਿੱਤੇ ਜਾਣ ਦਾ ਫੈਸਲਾ ਕੀਤਾ ਗਿਆ ਹੈ। ਰੌਡਰਿਗਜ਼ ਨੇ ਇਸ ਹਫਤੇ ਇਹ ਐਲਾਨ ਕੀਤਾ ਕਿ ਉਹ ਅਜਿਹੀਆਂ ਅੱਠ ਐਸੋਸਿਏਸ਼ਨਜ਼ ਨੂੰ ਆਪਣੇ ਨੁਮਾਇੰਦੇ ਅਜਿਹੇ ਆਜ਼ਾਦਾਨਾ ਪੈਨਲ ਨਾਲ ਜੋੜਨ ਲਈ ਆਖ ਰਹੇ ਹਨ ਜਿਹੜਾ ਇਹ ਤੈਅ ਕਰੇਗਾ ਕਿ ਕਿੰਨਾਂ ਅਦਾਰਿਆਂ ਨੂੰ ਇਹ ਸਬਸਿਡੀਆਂ ਦਿੱਤੀਆਂ ਜਾਣ। ਇਨ੍ਹਾਂ ਗਰੁੱਪਜ਼ ਵਿੱਚ ਜਰਨਲਿਜ਼ਮ ਐਸੋਸਿਏਸ਼ਨਜ਼ ਤੇ ਕੈਨੇਡਾ ਭਰ ਵਿੱਚ ਪੱਤਰਕਾਰਾਂ ਦੀ ਨੁਮਾਇੰਦਗੀ ਕਰਨ ਵਾਲੇ ਐਡਵੋਕੇਸੀ ਗਰੁੱਪਜ਼, ਜਿਨ੍ਹਾਂ ਵਿੱਚ ਫਰੈਂਚ ਲੈਂਗੁਏਜ ਤੇ ਐਥਨਿਕ ਪ੍ਰੈੱਸ ਦੇ ਪ੍ਰਬੰਧਕ ਵੀ ਸ਼ਾਮਲ ਹਨ ਤੇ ਯੂਨੀਅਨ ਯੂਨੀਫੌਰ ਸ਼ਾਮਲ ਹਨ।ਯੂਨੀਫੌਰ ਨੂੰ ਇਸ ਪੈਨਲ ਵਿੱਚ ਸ਼ਾਮਲ ਕੀਤੇ ਜਾਣ ਨਾਲ ਨਵਾਂ ਮੁੱਦਾ ਖੜ੍ਹਾ ਹੋ ਗਿਆ ਹੈ ਕਿਉਂਕਿ ਇਹ ਯੂਨੀਅਨ ਕੰਜ਼ਰਵੇਟਿਵਾਂ ਤੇ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਦੇ ਖਿਲਾਫ ਕੈਂਪੇਨ ਕਰਦੀ ਰਹੀ ਹੈ।

# ਮੋਟਰ ਸਾਈਕਲਾਂ ਦੀ ਟੱਕਰ ਵਿੱਚ ਇਕ ਨੌਜਵਾਨ ਦੀ ਮੌਤ

ਸ਼ਾਹਕੋਟ, 26 ਮਈ (ਪੋਸਟ ਬਿਊਰੋ)- ਏਥੇ ਰਾਮਗੜ੍ਹੀਆ ਚੌਕ ਵਿੱਚ ਬਾਵਾ ਹਸਪਤਾਲ ਨੇੜੇ ਦੋ ਮੋਟਰ ਸਾਈਕਲਾਂ ਦੀ ਸਿੱਧੀ ਟੱਕਰ 'ਚ ਇਕ ਨੌਜਵਾਨ ਦੀ ਮੌਤ ਹੋ ਗਈ ਅਤੇ ਤਿੰਨ ਨੌਜਵਾਨ ਗੰਭੀਰ ਜ਼ਖਮੀ ਹੋ ਗਏ।

ਮਿਲੀ ਜਾਣਕਾਰੀ ਅਨੁਸਾਰ ਬਲਬੀਰ ਪੁੱਤਰ ਰਾਜੂ, ਸਨੀ ਪੁੱਤਰ ਜੱਗਾ ਅਤੇ ਸਾਹਿਲ ਪੁੱਤਰ ਜੋਗਾ ਤਿੰਨੇ ਵਾਸੀ ਕਿਲੀ ਅਤੇ ਗੋਪੀ ਵਾਸੀ ਰਾਜੇਵਾਲ, ਚਾਰੇ ਨੌਜਵਾਨ ਨਿਊ ਕਰਤਾਰ ਸ਼ਾਹਕੋਟ ਦੇ ਨੇੜੇ ਮੰਦੀ ਕਾਲੋਨੀ 'ਚ ਠੇਕੇਦਾਰ ਨਾਲ ਪੱਥਰ ਲਾਉਣ ਦਾ ਕੰਮ ਕਰਦੇ ਹਨ। ਉਹ ਆਪਣੇ ਕੰਮ ਤੋਂ ਕਰੀਬ ਰਾਤ 8.30 ਵਜੇ ਮੋਟਰ ਸਾਈਕਲ ਉਤੇ ਆਪਣੇ ਪਿੰਡ ਜਾਣ ਲਈ ਮੇਨ ਬਾਜ਼ਾਰ ਵੱਲ ਆ ਰਹੇ ਸਨ। ਜਦੋਂ ਉਹ ਰਾਮਗੜ੍ਹੀਆ ਚੌਕ ਵਿਖੇ ਬਾਵਾ ਹਸਪਤਾਲ ਨੇੜੇ ਪੁੱਜੇ ਤਾਂ ਇਕ ਬੱਚੇ ਨੂੰ ਬਚਾਉਂਦੇ ਹੋਏ ਸਾਹਮਣੇ ਤੋਂ ਆਏ ਅਣਪਛਾਤੇ ਮੋਟਰ ਸਾਈਕਲ ਨਾਲ ਇਨ੍ਹਾਂ ਦੀ ਟੱਕਰ ਹੋ ਗਈ ਤੇ ਨੇੜੇ ਪਏ ਮਿੱਟੀ ਦੇ ਢੇਰ 'ਚ ਵੱਜਣ ਤੋਂ ਬਾਅਦ ਚਾਰੇ ਨੌਜਵਾਨ ਮੋਟਰ ਸਾਈਕਲ ਤੋਂ ਡਿੱਗ ਕੇ ਗੰਭੀਰ ਜ਼ਖਮੀ ਹੋ ਗਏ। ਰਾਹਗੀਰਾਂ ਨੇ ਇਸ ਹਾਦਸੇ ਬਾਰੇ 108 ਐਂਬੂਲੈਂਸ ਨੂੰ ਸੂਚਿਤ ਕੀਤਾ ਤਾਂ ਤਿੰਨਾਂ ਨੂੰ ਸਰਕਾਰੀ ਹਸਪਤਾਲ ਸ਼ਾਹਕੋਟ ਲਿਆਂਦਾ ਗਿਆ, ਜਦ ਕਿ ਇਕ ਨੌਜਵਾਨ ਗੋਪੀ ਠੇਕੇਦਾਰ ਦੇ ਘਰ ਚਲਾ ਗਿਆ। ਸਰਕਾਰੀ ਹਸਪਤਾਲ 'ਚ ਐਮਰਜੈਂਸੀ ਡਿਊਟੀ 'ਤੇ ਮੌਜੂਦ ਡਾ. ਰਜਿੰਦਰ ਗਿੱਲ ਨੇ ਨੌਜਵਾਨ ਸਾਹਿਲ ਵਾਸੀ ਕਿਲੀ (22) ਨੂੰ ਚੈਕ ਕਰਨ ਪਿੱਛੋਂ ਮ੍ਰਿਤਕ ਘੋਸ਼ਿਤ ਕਰ ਦਿੱਤਾ ਅਤੇ ਸਨੀ ਤੇ ਬਲਬੀਰ ਨੂੰ ਮੁੱਢਲੀ ਸਹਾਇਤਾ ਪਿੱਛੋਂ ਸਰਕਾਰੀ ਹਸਪਤਾਲ ਜਲੰਧਰ ਰੈਫਰ ਕਰ ਦਿੱਤਾ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Sodhi |
| **Marketing Executives** | Priya Sodhi<br>Kamaljeet Kaur |
| **Graphic Designer** | Satnam Singh |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਸੜਕ ਹਾਦਸੇ ਵਿੱਚ ਪਤਨੀ ਦੀ ਮੌਤ, ਪਤੀ ਜ਼ਖਮੀ

ਫਗਵਾੜਾ, 26 ਮਈ (ਪੋਸਟ ਬਿਊਰੋ)- ਜਲੰਧਰ ਲੁਧਿਆਣਾ ਹਾਈਵੇ ਦੇ ਪਿੰਡ ਮੇਹਟਾ ਬਾਈਪਾਸ ਨੇੜੇ ਕੋਨਿਕਾ ਰਿਸੋਰਟ ਦੇ ਸਾਹਮਣੇ ਮੋਟਰ ਸਾਈਕਲ ਸਵਾਰ ਪਤੀ-ਪਤਨੀ ਨੂੰ ਟਿੱਪਰ ਨੇ ਪਿੱਛੋਂ ਟੱਕਰ ਮਾਰ ਦੇਣ ਕਾਰਨ ਹਾਦਸੇ ਵਿੱਚ ਪਤਨੀ ਦੀ ਟਿੱਪਰ ਦੇ ਟਾਇਰ ਥੱਲੇ ਆਉਣ ਨਾਲ ਮੌਤ ਹੋ ਗਈ। ਐੱਸ ਐੱਚ ਓ ਮਨਮੋਹਨ ਸਿੰਘ ਥਾਣਾ ਸਦਰ ਫਗਵਾੜਾ ਨੇ ਦੱਸਿਆ ਕਿ ਮਨਜੀਤ ਸਿੰਘ ਪਿੰਡ ਨਰੂੜ ਤਹਿਸੀਲ ਫਗਵਾੜਾ ਜ਼ਿਲ੍ਹਾ ਕਪੂਰਥਲਾ ਆਪਣੇ ਮੋਟਰ ਸਾਈਕਲ 'ਤੇ ਆਪਣੀ ਪਤਨੀ ਨਾਲ ਜਲੰਧਰ ਤੋਂ ਆਪਣੇ ਪਿੰਡ ਨਰੂੜ ਨੂੰ ਜਾ ਰਿਹਾ ਸੀ। ਉਸ ਨੂੰ ਕੋਨਿਕਾ ਰਿਸੋਰਟ ਨੇੜੇ ਮੇਹਟਾ ਬਾਈਪਾਸ 'ਤੇ ਟਿੱਪਰ ਨੇ ਪਿੱਛੋਂ ਟੱਕਰ ਮਾਰ ਦਿੱਤੀ ਜਿਸ ਕਾਰਨ ਮੋਟਰ ਸਾਈਕਲ ਦੇ ਪਿੱਛੇ ਬੈਠੀ ਔਰਤ ਟਿੱਪਰ ਦੇ ਟਾਇਰ ਥੱਲੇ ਆ ਗਈ ਅਤੇ ਉਸ ਦੀ ਮੌਤ ਹੋ ਗਈ। ਮ੍ਰਿਤਕਾ ਦੀ ਪਛਾਣ ਸਿਮਰਨ ਕੌਰ ਵਜੋਂ ਹੋਈ ਹੈ। ਮੋਟਰ ਸਾਈਕਲ ਸਵਾਰ ਮਨਜੀਤ ਸਿੰਘ ਵੀ ਹਾਦਸੇ ਵਿੱਚ ਗੰਭੀਰ ਜ਼ਖਮੀ ਹੋ ਗਿਆ ਜਿਸ ਨੂੰ ਸਿਵਲ ਹਸਪਤਾਲ ਫਗਵਾੜਾ ਲਿਆਂਦਾ ਗਿਆ ਹੈ। ਪੁਲਸ ਨੇ ਟਿੱਪਰ ਨੂੰ ਕਬਜ਼ੇ ਵਿੱਚ ਲੈ ਕੇ ਟਰੱਕ ਡਰਾਈਵਰ ਵਿਰੁੱਧ ਕੇਸ ਦਰਜ ਕਰ ਲਿਆ ਹੈ। ਟਰੱਕ ਡਰਾਈਵਰ ਮੌਕੇ ਤੋਂ ਫਰਾਰ ਦੱਸਿਆ ਗਿਆ ਹੈ।

# ਆਸ਼ਿਕ ਉਮੇਸ਼ ਸੂਦ ਦੀ ਜ਼ਮਾਨਤ ਅਰਜ਼ੀ ਕੋਰਟ ਵੱਲੋਂ ਰੱਦ

## ਪ੍ਰੇਮਿਕਾ ਦੀ ਖੁਦਕੁਸ਼ੀ ਦਾ ਮਾਮਲਾ

ਜਲੰਧਰ, 26 ਮਈ (ਪੋਸਟ ਬਿਊਰੋ)- ਬੀਤੇ ਦਿਨੀਂ ਇੱਕ ਨੌਜਵਾਨ ਪ੍ਰੇਮੀ-ਪ੍ਰੇਮਿਕਾ ਵੱਲੋਂ ਕਾਰ ਵਿੱਚ ਫਗਵਾੜਾ ਪੁਲ ਕੋਲ ਸਲਫਾਸ ਖਾ ਕੇ ਖੁਦਕੁਸ਼ੀ ਕਰਨ ਦੇ ਕੇਸ ਵਿੱਚ ਹਿਮਾਚਲ ਦੇ ਰਹਿਣ ਵਾਲੇ ਆਸ਼ਿਕ ਉਮੇਸ਼ ਸੂਦ ਦੀ ਜ਼ਮਾਨਤ ਅਰਜ਼ੀ ਕੋਰਟ ਨੇ ਰਿਜੈਕਟ ਕਰ ਦਿੱਤੀ ਅਤੇ ਗ੍ਰਿਫਤਾਰੀ ਦੇ ਹੁਕਮ ਦਿੱਤੇ ਹਨ।

ਏ ਐੱਸ ਆਈ ਨਿਰਮਲ ਸਿੰਘ ਦੇ ਮੁਤਾਬਕ ਉਮੇਸ਼ ਤੇ ਰਮਨਪ੍ਰੀਤ ਨੇ ਮਿਲ ਕੇ ਸੁਸਾਈਡ ਕੀਤੀ ਸੀ। ਕੁਝ ਘੰਟੇ ਬਾਅਦ ਰਮਨਪ੍ਰੀਤ ਕੌਰ ਦੀ ਇਲਾਜ ਵਿੱਚ ਮੌਤ ਹੋ ਗਈ ਸੀ ਤੇ ਉਮੇਸ਼ ਦੀ ਹਾਲਤ ਵੀ ਵਿਗੜ ਗਈ। ਉਸ ਨੂੰ ਲੁਧਿਆਣਾ ਦੇ ਡੀ ਐੱਮ ਸੀ ਹਸਪਤਾਲ ਦਾਖਲ ਕਰਾਇਆ ਗਿਆ ਤਾਂ ਡਾਕਟਰਾਂ ਨੇ ਉਸ ਨੂੰ ਅਨਫਿਟ ਦੱਸਿਆ, ਪਰ ਸੂਤਰਾਂ ਮੁਤਾਬਕ ਉਸ ਦੀ ਹਾਲਤ ਵਿੱਚ ਸੁਧਾਰ ਹੋ ਚੁੱਕਾ ਹੈ, ਜਿਸ ਪਿੱਛੋਂ ਉਸ ਦੇ ਪਰਵਾਰ ਨੇ ਜ਼ਮਾਨਤ ਲਈ ਅਰਜ਼ੀ ਦਿੱਤੀ ਸੀ, ਜੋ ਕੋਰਟ ਨੇ ਰੱਦ ਕਰ ਦਿੱਤੀ ਅਤੇ ਉਮੇਸ਼ ਦੀ ਗ੍ਰਿਫਤਾਰੀ ਦੇ ਹੁਕਮ ਦਿੱਤੇ ਹਨ। ਦੋਸ਼ੀ ਅਜੇ ਡੀ ਐਮ ਸੀ ਹਸਪਤਾਲ ਵਿੱਚ ਦਾਖਲ ਹੈ, ਪਰ ਉਸ ਦੀ ਹਾਲਤ ਠੀਕ ਹੈ ਅਤੇ ਜਲਦੀ ਹੀ ਉਸ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।

ਵਰਨਣ ਯੋਗ ਹੈ ਕਿ ਬੀਤੇ ਦਿਨੀਂ ਉਮੇਸ਼ ਕੁਮਾਰ ਆਪਣੀ ਪ੍ਰੇਮਿਕਾ ਰਮਨਪ੍ਰੀਤ ਕੌਰ ਨੂੰ ਵਰਗਲਾ ਕੇ ਲੈ ਗਿਆ ਸੀ ਕਿਉਂਕਿ ਪ੍ਰੇਮਿਕਾ ਦੀ ਮੰਗਣੀ ਘਰ ਵਾਲਿਆਂ ਨੇ ਕਿਤੇ ਹੋਰ ਕਰ ਦਿੱਤੀ ਸੀ, ਇਸ ਲਈ ਦੋਵਾਂ ਨੇ ਖੁਦਕੁਸ਼ੀ ਦੀ ਕੋਸ਼ਿਸ਼ ਕੀਤੀ, ਜਿਸ ਵਿੱਚ ਰਮਨਪ੍ਰੀਤ ਦੀ ਮੌਤ ਹੋ ਗਈ ਸੀ। ਪੁਲਸ ਨੇ ਲੜਕੀ ਦੇ ਪਿਤਾ ਦੇ ਬਿਆਨਾਂ ਉੱਤੇ ਪ੍ਰੇਮੀ ਉਮੇਸ਼ ਕੁਮਾਰ 'ਤੇ ਸੁਸਾਈਡ ਲਈ ਮਜਬੂਰ ਕਰਨ ਦਾ ਕੇਸ ਦਰਜ ਕਰ ਲਿਆ ਸੀ। ਜਾਂਚ ਵਿੱਚ ਪਤਾ ਲੱਗਾ ਕਿ ਰਮਨਪ੍ਰੀਤ ਕੌਰ ਅਤੇ ਉਮੇਸ਼ ਸੂਦ ਦਾ ਕਾਫੀ ਸਮੇਂ ਤੋਂ ਚੱਕਰ ਚੱਲ ਰਿਹਾ ਸੀ, ਪਰ ਕੁਝ ਦਿਨ ਪਹਿਲਾਂ ਰਮਨਪ੍ਰੀਤ ਦੇ ਪਿਤਾ ਨੇ ਉਸ ਦਾ ਵਿਆਹ ਕਿਤੇ ਹੋਰ ਪੱਕਾ ਕਰ ਦਿੱਤਾ ਤੇ ਕਰੀਬ ਇੱਕ ਹਫਤਾ ਪਹਿਲਾਂ ਉਸ ਦੀ ਮੰਗਣੀ ਕਰ ਦਿੱਤੀ। ਇਹ ਗੱਲ ਉਸ ਦੇ ਪ੍ਰੇਮੀ ਨੂੰ ਰਾਸ ਨਹੀਂ ਆਈ ਤਾਂ ਉਹ ਰਮਨਪ੍ਰੀਤ ਨੂੰ ਮਿਲਣ ਲਈ ਫੋਰਸ ਕਰਨ ਲੱਗਾ। ਰਮਨਪ੍ਰੀਤ ਕਾਫੀ ਪ੍ਰੇਸ਼ਾਨ ਸੀ ਅਤੇ ਉਸ ਨੇ ਇਹ ਗੱਲ ਆਪਣੇ ਪਿਤਾ ਨੂੰ ਵੀ ਦੱਸੀ ਸੀ। ਦੋ ਦਿਨ ਪਹਿਲਾਂ ਰਮਨਪ੍ਰੀਤ ਕੌਰ ਪੋਸਟ ਆਫਿਸ ਗਈ, ਜਿੱਥੋਂ ਉਹ ਦੁਪਹਿਰ ਨੂੰ ਜਲਦੀ ਨਿਕਲ ਗਈ ਅਤੇ ਪਤਾ ਲੱਗਾ ਕਿ ਉਹ ਗੱਡੀ ਵਿੱਚ ਉਮੇਸ਼ ਨਾਲ ਗਈ ਹੈ, ਜਿਸ ਪਿੱਛੋਂ ਪੁਲਸ ਨੂੰ ਡੀ ਐਮ ਸੀ ਹਸਪਤਾਲ ਲੁਧਿਆਣਾ ਤੋਂ ਫੋਨ ਆਇਆ ਕਿ ਉਨ੍ਹਾਂ ਦੇ ਹਸਪਤਾਲ ਵਿੱਚ ਇੱਕ ਲੜਕਾ ਤੇ ਇੱਕ ਲੜਕੀ ਨੂੰ ਗੰਭੀਰ ਹਾਲਤ ਵਿੱਚ ਦਾਖਲ ਕਰਾਇਆ ਗਿਆ ਹੈ, ਜੋ ਫਗਵਾੜਾ ਦੇ ਪੁਲ ਹੇਠਾਂ ਪਏ ਮਿਲੇ ਸਨ, ਲੜਕੀ ਦੀ ਮੌਤ ਹੋ ਚੁੱਕੀ ਹੈ ਤੇ ਲੜਕੇ ਦੀ ਹਾਲਤ ਗੰਭੀਰ ਹੈ। ਪੁਲਸ ਨੂੰ ਜਾਂਚ ਦੌਰਾਨ ਪਤਾ ਲੱਗਾ ਕਿ ਦੋਵਾਂ ਨੇ ਫਗਵਾੜਾ ਦੇ ਕਿਸੇ ਪੁਲ ਹੇਠਾਂ ਸਲਫਾਸ ਖਾਧੀ, ਜਿਸ ਪਿੱਛੋਂ ਉਮੇਸ਼ ਨੇ ਆਪਣੇ ਕਿਸੇ ਦੋਸਤ ਨੂੰ ਫੋਨ ਕੀਤਾ, ਜਿਸ ਨੇ ਅੱਗੇ ਉਮੇਸ਼ ਦੇ ਭਰਾ ਅਮਿਤ ਸੂਦ ਨੂੰ ਫੋਨ ਕੀਤਾ ਤੇ ਸਾਰੀ ਗੱਲ ਦੱਸੀ ਤਾਂ ਸਾਰਾ ਮਾਮਲਾ ਉਜਾਗਰ ਹੋਇਆ।


















# ਆਧੁਨਿਕਤਾ ਦੀ ਦੌੜ ਵਿੱਚ ਗੁਆਚਦਾ ਬਚਪਨ

- ਪ੍ਰਿੰ. ਡਾਕਟਰ ਮੋਹਨ ਲਾਲ ਸ਼ਰਮਾ

*'ਨਾ ਕੁਛ ਪਾਨੇ ਕੀ ਕੋਸ਼ਿਸ਼, ਨਾ ਕੁਛ ਖੋਨੇ ਕਾ ਡਰ,*
*ਬਸ ਅਪਨੀ ਹੀ ਧੁਨ, ਬਸ ਅਪਨੇ ਸਪਨੋਂ ਕਾ ਘਰ,*
*ਕਾਸ਼! ਮਿਲ ਜਾਏ ਫਿਰ ਮੁਝੇ ਵੋ ਬਚਪਨ ਕਾ ਪਹਿਰ।'*



ਬਚਪਨ ਇੱਕ ਅਜਿਹਾ ਮਧੁਰ ਤੇ ਰਹੱਸਮਈ ਸ਼ਬਦ ਹੈ, ਜਿਸ ਨੂੰ ਸੁਣਦਿਆਂ ਲੂੰ-ਕੰਡੇ ਖੜ੍ਹੇ ਹੋ ਜਾਂਦੇ ਹਨ। ਜਦੋਂ ਫੁਰਸਤ ਦੇ ਪਲਾਂ ਵਿੱਚ ਅਸੀਂ ਆਪਣੇ ਬਚਪਨ ਦੀਆਂ ਯਾਦਾਂ ਵਿੱਚ ਗੁਆਚਦੇ ਹਾਂ ਤਾਂ ਚਾਹੁੰਦੇ ਹੋਏ ਵੀ ਉਨ੍ਹਾਂ 'ਚੋਂ ਬਾਹਰ ਨਹੀਂ ਆਉਣਾ ਚਾਹੁੰਦੇ। ਇੰਝ ਲੱਗਦਾ ਹੈ ਜਿਵੇਂ ਬੀਤੇ ਪਲਾਂ ਦੀ ਭਿੰਨੀ-ਭਿੰਨੀ ਖੁਸ਼ਬੂ ਨੇ ਮਨ ਨੂੰ ਭਾਵੁਕ ਬਣਾ ਦਿੱਤਾ ਜਾਵੇ।

ਅੱਜ ਆਧੁਨਿਕਤਾ ਦੀ ਦੌੜ ਵਿੱਚ ਮੁਕਾਬਲੇਬਾਜ਼ੀ ਦਾ ਜ਼ੋਰ ਇੰਨਾ ਵੱਧ ਗਿਆ ਹੈ ਕਿ ਤਾਜ਼ਾ ਹਵਾ, ਬਾਗ-ਬਗੀਚੇ, ਦਾਦੀ-ਨਾਨੀ ਦਾ ਘਰ, ਮੌਜਮਸਤੀ, ਗਰਮੀਆਂ ਦੀਆਂ ਛੁੱਟੀਆਂ ਦਾ ਆਨੰਦ, ਰੁੱਖਾਂ 'ਤੇ ਚੜ੍ਹ ਕੇ ਫਲ ਤੋੜਨਾ ਤੇ ਫੜੇ ਜਾਣ ਦੇ ਡਰੋਂ ਭੱਜ ਨਿਕਲਣਾ-ਇਨ੍ਹਾਂ ਦੀ ਜਗ੍ਹਾ ਮੋਬਾਈਲ, ਟੀ ਵੀ ਤੇ ਲੈਪਟਾਪ ਨੇ ਕਦੋਂ ਲੈ ਲਈ, ਪਤਾ ਹੀ ਨਹੀਂ ਲੱਗਾ। ਮੈਨੂੰ ਅੱਜ ਵੀ ਯਾਦ ਹੈ ਕਿ ਗਰਮੀਆਂ ਦੀਆਂ ਛੁੱਟੀਆਂ ਹੋ ਜਾਣ 'ਤੇ ਕਈ ਜਗ੍ਹਾ ਘੁੰਮਣ ਜਾਣ ਲਈ ਪ੍ਰੋਗਰਾਮ ਬਣਾਏ ਜਾਂਦੇ, ਪਰ ਨਾਨੀ ਦੇ ਘਰ ਜਾਣ ਨੂੰ ਪਹਿਲ ਦਿੱਤੀ ਜਾਂਦੀ। ਇਸ ਦੀ ਵਜ੍ਹਾ ਸੀ ਉਥੇ ਮਿਲਣ ਵਾਲੀ ਆਜ਼ਾਦੀ।

ਅੱਜ ਵੀ ਯਾਦ ਹੈ ਸਾਉਣ ਦਾ ਮਹੀਨਾ, ਮੀਂਹ ਦੇ ਪਾਣੀ ਵਿੱਚ ਕਾਗਜ਼ ਦੀਆਂ ਕਿਸ਼ਤੀਆਂ ਬਣਾ ਕੇ ਛੱਡਣਾ ਤੇ ਉਨ੍ਹਾਂ ਦੇ ਪਿੱਛੇ ਪਿੱਛੇ ਜਾਣਾ। ਇਹ ਸਭ ਸੋਚ ਕੇ ਮਨ ਆਨੰਦਿਤ ਹੋ ਜਾਂਦਾ ਹੈ।

*'ਕੋਈ ਮੁਝੇ ਲੌਟਾ ਦੇ ਵੋ ਬਚਪਨ ਕਾ ਸਾਵਨ,*
*ਵੋ ਕਾਗਜ਼ ਕੀ ਕਸ਼ਤੀ ਵੋ ਬਾਰਿਸ਼ ਕਾ ਪਾਨੀ।'*

ਅੱਜ ਵੀ ਬਾਂਦਰ-ਕਿੱਲਾ, ਛੂਹਣ-ਛੁਪਾਈ, ਪੋਸ਼ਣ-ਪਾ, ਊਚ-ਨੀਚ ਕਾ ਪਾਪੜਾ, ਸਟਾਪੂ ਆਦਿ ਖੇਡਾਂ ਯਾਦ ਕਰ ਕੇ ਮਨ ਖੁਸ਼ ਹੋ ਜਾਂਦਾ ਹੈ। ਜੀਵਨ ਵਿੱਚ ਸਫਲਤਾ ਹਾਸਲ ਕਰਨ ਲਈ ਦਾਦੇ-ਦਾਦੀ ਦਾ ਗੀਤ, ਰਾਮਾਇਣ, ਮਹਾਭਾਰਤ ਅਤੇ ਅਲਿਫ ਲੈਲਾ ਵਰਗੇ ਟੀ ਵੀ ਲੜੀਵਾਰਾਂ 'ਚੋਂ ਮਿਸਾਲਾਂ ਦੇਣਾ ਅਤੇ ਉਨ੍ਹਾਂ ਤੋਂ ਜਾਦੂਈ ਕਹਾਣੀਆਂ ਸੁਣਦੇ-ਸੁਣਦੇ ਸੌਂ ਜਾਣਾ। ਉਦੋਂ ਨੀਂਦ ਦਾ ਵੀ ਆਪਣਾ ਹੀ ਇੱਕ ਵੱਖਰਾ ਆਨੰਦ ਸੀ।

*ਏਕ ਹਾਥੀ, ਏਕ ਰਾਜਾ, ਏਕ ਰਾਨੀ ਕੇ ਬਗੈਰ,*
*ਨੀਂਦ ਬੱਚੋਂ ਕੋ ਨਹੀਂ ਆਤੀ ਥੀ ਕਹਾਨੀ ਕੇ ਬਗੈਰ।'*

ਕੀ ਅਸੀਂ ਕਦੇ ਸੋਚਿਆ ਹੈ ਕਿ ਅੱਜ ਸਾਡੇ ਬੱਚਿਆਂ ਦਾ ਬੇਖੌਫ ਬਚਪਨ ਕਿਤੇ ਗੁਆਚ ਗਿਆ ਹੈ? ਮੁਸਕੁਰਾਹਟ ਦੀ ਬਜਾਏ ਅੱਜ ਇਨ੍ਹਾਂ ਨੰਨ੍ਹੇ ਚਿਹਰਿਆਂ 'ਤੇ ਉਦਾਸੀ ਤੇ ਤਣਾਅ ਕਿਉਂ ਛਾਇਆ ਰਹਿੰਦਾ ਹੈ? ਆਪਣੀ ਛੋਟੀ ਜਿਹੀ ਉਮਰ ਵਿੱਚ ਪਾਪਾ ਤੇ ਦਾਦੇ ਦੇ ਮੋਢਿਆਂ 'ਤੇ ਸਵਾਰੀ ਕਰਨ ਵਾਲੇ ਬੱਚੇ ਅੱਜ ਆਪਣੇ ਮੋਢਿਆਂ 'ਤੇ ਸਕੂਲ ਦਾ ਭਾਰੀ ਬਸਤਾ ਟੰਗੀ ਬੱਸਾਂ ਵਿੱਚ ਸਫਰ ਕਰਦੇ ਹਨ।

ਅੱਜ ਸਮਾਂ ਬਦਲ ਗਿਆ ਹੈ। ਨਾ ਤਾਂ ਖੇਡਣ ਵਾਲੇ ਉਹ ਗਲੀ ਮੁਹੱਲੇ ਰਹੇ ਅਤੇ ਨਾ ਹੀ ਉਹ ਰੁੱਖ-ਮੈਦਾਨ। ਜੇ ਕੁਝ ਬਾਕੀ ਰਹਿ ਗਿਆ ਹੈ ਤਾਂ ਉਹ ਹਨ ਪੁਰਾਣੀਆਂ ਯਾਦਾਂ। ਮਾਪੇ ਬੱਚਿਆਂ ਨੂੰ ਕੈਰਮ ਬੋਰਡ, ਬੈਟ-ਬਾਲ, ਫੁੱਟਬਾਲ ਦੀ ਜਗ੍ਹਾ ਵੀਡੀਓ ਗੇਮ ਤੇ ਮੋਬਾਈਲ ਫੜਾ ਰਹੇ ਹਨ। ਬੱਚੇ ਖੁਦ ਵੀ ਮੋਬਾਈਲ 'ਤੇ ਗੇਮਾਂ ਖੇਡ ਕੇ ਆਪਣਾ ਸਮਾਂ ਬਿਤਾਉਣਾ ਪਸੰਦ ਕਰਦੇ ਹਨ, ਜਿਸ ਕਰ ਕੇ ਉਨ੍ਹਾਂ ਦਾ ਸੁਭਾਅ ਚਿੜਚਿੜਾ ਹੋ ਜਾਂਦਾ ਹੈ।

ਸਮਾਜ ਵਿੱਚ ਆਪਣੇ ਆਪ ਨੂੰ ਕਾਬਿਲ ਸਿੱਧ ਕਰਨ ਦੀ ਦੌੜ ਲੱਗੀ ਹੋਈ ਹੈ। ਇਸ ਵਿੱਚ ਰਿਐਲਿਟੀ ਪ੍ਰੋਗਰਾਮਾਂ ਦੀ ਭੂਮਿਕਾ ਅਹਿਮ ਹੈ। ਇਨ੍ਹਾਂ ਪ੍ਰੋਗਰਾਮਾਂ ਵਿੱਚ ਇਕੱਠੇ ਪੜ੍ਹਨ ਵਾਲੇ ਬੱਚੇ ਅੱਜ ਇੱਕ ਦੂਜੇ ਨੂੰ ਹਰਾ ਕੇ ਚੋਟੀ ਦਾ ਸਥਾਨ ਹਾਸਲ ਕਰਨਾ ਚਾਹੁੰਦੇ ਹਨ। ਇਹ ਉਹੀ ਬੱਚੇ ਹਨ, ਜੋ ਸਕੂਲ ਦੇ ਸਮੇਂ ਇੱਕ ਦੂਜੇ ਦੇ ਸਹਿਪਾਠੀ ਸਹਿਯੋਗੀ ਸਨ ਅਤੇ ਅੱਜ ਇੱਕ ਦੂਜੇ ਦੇ ਮੁਕਾਬਲੇਬਾਜ਼ ਬਣ ਗਏ ਹਨ। ਮੁਕਾ-ਬਲਾ ਜਿੱਤਣ ਲਈ ਉਹ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ।

ਹਰੇਕ ਮਾਂ-ਪਿਓ ਚਾਹੁੰਦਾ ਹੈ ਕਿ ਉਨ੍ਹਾਂ ਦਾ ਬੱਚਾ ਵੱਡਾ ਹੋ ਕੇ ਡਾਕਟਰ, ਇੰਜੀਨੀਅਰ ਜਾਂ ਕੋਈ ਵੱਡਾ ਅਫਸਰ ਬਣੇ। ਪੜ੍ਹਾਈ-ਲਿਖਾਈ ਜ਼ਰੂਰੀ ਹੈ ਤੇ ਇਸ ਦੀ ਮਹੱਤਤਾ ਨੂੰ ਨਕਾਰਿਆ ਨਹੀਂ ਜਾ ਸਕਦਾ, ਪਰ ਬਚਪਨ ਦੁਬਾਰਾ ਪਰਤ ਕੇ ਕਿੱਥੇ ਆਉਣ ਵਾਲਾ ਹੈ? ਬੱਚੇ ਤਾਂ ਕੱਚੀ ਮਿੱਟੀ ਵਰਗੇ ਹਨ, ਉਨ੍ਹਾਂ ਨੂੰ ਜਿਵੇਂ ਚਾਹੋ, ਢਾਲ ਲਓ। ਇਸ ਲਈ ਮਾਪਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਭਰਪੂਰ ਆਨੰਦ ਲੈਣ ਦੇਣ ਤਾਂ ਕਿ ਬੱਚੇ ਆਪਣਾ ਬਚਪਨ ਸਕੂਨ ਅਤੇ ਬੇਫਿਕਰੀ ਨਾਲ ਬਿਤਾ ਸਕਣ।

*'ਹੈਂ ਗ਼ਮ ਭੀ ਬਹੁਤ, ਪ੍ਰੇਸ਼ਾਨੀਆਂ ਭੀ ਬਹੁਤ ਹੈਂ,*
*ਵਕਤ ਕੀ ਦੀ ਹੂਈ ਨਿਸ਼ਾਨੀਆਂ ਭੀ ਬਹੁਤ ਹੈਂ।*
*ਸਾਥ ਮੇਂ ਹੈਂ ਦਰਦ ਕਈ, ਉਨਕੋ ਭੂਲਨੇ ਬੈਠਾ ਹੂੰ,*
*ਫੁਰਸਤ ਕੇ ਕੁਛ ਲਮਹੋਂ ਮੇਂ ਬਚਪਨ ਕੋ ਢੂੰਡਨੇ ਬੈਠਾ ਹੂੰ।'*

ਬੱਚਿਆਂ ਦੀ ਇਸ ਦਿਸ਼ਾ, ਬੋਝ ਭਰੀ ਜ਼ਿੰਦਗੀ ਦੇਖ ਕੇ ਮੈਨੂੰ ਆਪਣਾ ਬਚਪਨ ਯਾਦ ਆ ਜਾਂਦਾ ਹੈ, ਜੋ ਆਧੁਨਿਕਤਾ ਦੀ ਦੌੜ ਵਿੱਚ ਕਿਤੇ ਪਿੱਛੇ ਰਹਿ ਗਿਆ ਹੈ ਤੇ ਵਾਪਸ ਆਉਂਦਾ ਦਿਖਾਈ ਨਹੀਂ ਦੇ ਰਿਹਾ।

# ਸਾਦਗੀ ਦੇ ਰੰਗ

-ਮਹਿੰਦਰ ਸਿੰਘ ਦੋਸਾਂਝ

ਦੇਸ਼ ਅਤੇ ਸਮਾਜ ਅੰਦਰ ਸਾਦਗੀ ਦਾ ਸੱਭਿਆਚਾਰ ਖਤਮ ਹੋ ਰਿਹਾ ਹੈ। ਇਹ ਧਾਰਨਾ ਜ਼ੋਰ ਫੜਦੀ ਜਾਂਦੀ ਹੈ ਕਿ ਆਧੁਨਿਕ ਫੈਸ਼ਨ ਅਨੁਸਾਰ ਤਿਆਰ ਕੀਤੇ ਕੱਪੜੇ ਤੇ ਗਹਿਣੇ ਪਹਿਨਣ ਅਤੇ ਮਹਿੰਗੀਆਂ ਕਾਰਾਂ ਵਿੱਚ ਪਹੁੰਚਣ ਵਾਲਿਆਂ ਨੂੰ ਲੋਕ ਵਧੇਰੇ ਸਤਿਕਾਰਦੇ ਹਨ। ਅਸਲ ਵਿੱਚ ਇਹ ਧਾਰਨਾ ਮੁੱਢੋਂ ਹੀ ਨਿਰਾਰਥਕ ਹੈ। ਅਜਿਹੇ ਵਸੀਲੇ ਵਰਤਣ ਵਾਲਿਆਂ ਨੂੰ ਓਪਰੀ ਸੂਝ ਵਾਲਿਆਂ ਤੋਂ ਸ਼ਾਇਦ ਵਕਤੀ ਸਤਿਕਾਰ ਮਿਲ ਜਾਵੇ, ਸੂਝਵਾਨ ਤੇ ਲੰਮੀ ਦ੍ਰਿਸ਼ਟੀ ਵਾਲੇ ਬਾਹਰੀ ਚਮਕ ਦਮਕ ਨੂੰ ਕਦੇ ਮਹੱਤਵ ਨਹੀਂ ਦੇਣਗੇ। ਸਾਦਗੀ ਵਾਲੇ ਜੀਵਨ ਵਿੱਚ ਵਿਚਰਦਿਆਂ ਜਿਹੜੇ ਲੋਕ ਆਪਣੀ ਸ਼ਖਸੀਅਤ ਵਿੱਚ ਖਿੱਚ ਦੇ ਗੁਣ ਰੱਖਦੇ ਹਨ ਤੇ ਕਿਸੇ ਖੇਤਰ ਵਿੱਚ ਕੋਈ ਵਿਸ਼ੇਸ਼ ਪ੍ਰਾਪਤੀ ਕਰਦੇ ਹਨ, ਉਹ ਪਿਆਰੇ ਤੇ ਸਤਿਕਾਰੇ ਜਾਂਦੇ ਹਨ।

ਆਪਣੇ ਜੀਵਨ ਅੰਦਰ ਸਾਦਗੀ ਨਾਲ ਜੁੜੀਆਂ ਕੁਝ ਯਾਦਾਂ ਸਾਂਝੀਆਂ ਕਰਦਾ ਹਾਂ। ਪੰਜਾਬ ਦਾ ਗਵਰਨਰ ਭਾਵੇਂ ਕੋਈ ਵੀ ਹੋਵੇ, 1986 ਤੋਂ 15 ਅਗਸਤ ਅਤੇ 26 ਜਨਵਰੀ ਵਾਲੇ ਦਿਨ, ਸ਼ਾਮ ਨੂੰ ਉਸ ਦੀ ਪਾਰਟੀ ਵਿੱਚ ਸ਼ਾਮਲ ਹੋਣ ਲਈ ਲਗਾਤਾਰ ਸੱਦਾ ਆਉਂਦਾ ਰਿਹਾ ਹੈ। 15 ਅਗਸਤ ਦਾ ਦਿਨ ਸੀ। ਸ਼ਾਮ ਦੀ ਪਾਰਟੀ ਲਈ ਮੈਨੂੰ ਅਤੇ ਮੇਰੀ ਪਤਨੀ ਨੂੰ ਰਾਜ ਭਵਨ ਦਾ ਸੱਦਾ ਮਿਲਿਆ ਅਤੇ ਅਸੀਂ ਉਥੇ ਜਾਣ ਲਈ ਤਿਆਰੀ ਕਰ ਲਈ। ਉਨ੍ਹੀਂ ਦਿਨੀਂ ਮੇਰੇ ਲੇਖਕ ਮਿੱਤਰ ਮਸੂਦ ਚੌਧਰੀ, ਲਾਹੌਰ ਹਾਈ ਕੋਰਟ ਵਿੱਚ ਸੀਨੀਅਰ ਵਕੀਲ, ਦੀ ਪਤਨੀ ਨੇ ਮੇਰੀ ਪਤਨੀ ਨੂੰ ਸੂਟ ਸਿਲਾਉਣ ਲਈ ਕੀਮਤੀ ਤੇ ਸ਼ੁੱਧ ਖੱਦਰ ਭੇਜਿਆ। ਮੇਰੀ ਪਤਨੀ ਨੇ ਰੀਝ ਨਾਲ ਸੂਟ ਬਣਵਾ ਲਿਆ ਤੇ ਰਾਜ ਭਵਨ ਜਾਣ ਲਈ 15 ਅਗਸਤ ਨੂੰ ਇਹ ਸੂਟ ਪਹਿਨ ਲਿਆ। ਮੈਂ ਸਾਦੇ ਕੱਪੜੇ ਦੀ ਕਮੀਜ਼ ਤੇ ਪਜਾਮਾ ਪਾ ਲਿਆ। ਇਹ ਦੇਖ ਕੇ ਸਾਡੀਆਂ ਪੋਤੀਆਂ ਜਜ਼ਬਾਤੀ ਹੋ ਕੇ ਕਹਿਣ ਲੱਗੀਆਂ- 'ਬੜੇ ਪਾਪਾ! ਇਹ ਕੀ ਕਰਦੇ ਓ? ਉਥੇ ਲੋਕ ਕੀਮਤੀ-ਕੀਮਤੀ ਕੱਪੜੇ ਤੇ ਟਾਈਆਂ ਪੈਂਟਾਂ ਪਾ ਕੇ ਆਏ ਹੋਣਗੇ। ਵੱਡੇ-ਵੱਡੇ ਅਫਸਰ, ਮੰਤਰੀ ਤੇ ਮੁੱਖ ਮੰਤਰੀ ਆਏ ਹੋਣਗੇ, ਚੰਗੇ ਲੱਗਣਗੇ ਉਥੇ ਤੁਹਾਡੇ ਇਹ ਕੱਪੜੇ?'

ਮੇਰੀ ਪਤਨੀ ਦਾ ਸੰਖੇਪ ਜਿਹਾ ਉਤਰ ਸੀ- 'ਸਾਡੀ ਸਾਦਗੀ ਬਣੀ ਰਹਿਣ ਦਿਓ। ..ਤੇ ਅਸੀਂ ਚੰਡੀਗੜ੍ਹ ਲਈ ਚੱਲ ਪਏ। ਸ਼ਾਮ 5.30 ਵਜੇ ਪਾਰਟੀ ਸ਼ੁਰੂ ਹੋਈ। ਬੈਂਡ ਰਾਹੀਂ ਰਾਸ਼ਟਰੀ ਗੀਤ ਦੀਆਂ ਧੁਨਾਂ ਨਾਲ ਗਵਰਨਰ ਤੇ ਉਹਦਾ ਪਰਵਾਰ ਬਾਹਰ ਆਇਆ। ਮੇਰੀ ਪਤਨੀ ਥਕੇਵਾਂ ਮਹਿਸੂਸ ਕਰਕੇ ਰਾਜ ਭਵਨ ਦੇ ਪਾਰਕ ਵਿੱਚ ਇਕ ਬਿਰਛ ਦੀ ਛਾਂ ਹੇਠ ਪਈ ਕੁਰਸੀ 'ਤੇ ਬੈਠ ਗਈ। ਗਵਰਨਰ ਦੀ ਪਤਨੀ ਜੀਨ ਰੌਡਰਿਗਜ਼ ਨੇ ਦੇਖਿਆ ਤਾਂ ਉਹ ਆਪਣੀ ਧੀ ਨੂੰ ਨਾਲ ਲੈ ਕੇ ਮੇਰੀ ਪਤਨੀ ਕੋਲ ਪਹੁੰਚੀ ਤੇ ਕਹਿਣ ਲੱਗੀ- 'ਬਹਿਨ ਜੀ, ਆਪ ਯਹਾਂ ਅਕੇਲੇ ਕਿਉਂ ਬੈਠੇ ਓ? ਆਓ ਹਮਾਰੇ ਸਾਥ ਜਸ਼ਨ ਮੇਂ ਭਾਗ ਲੋ।' ...ਤੇ ਫਿਰ ਜਸ਼ਨ ਖਤਮ ਹੋਣ ਤੱਕ ਗਵਰਨਰ ਦੀ ਪਤਨੀ ਤੇ ਧੀ ਨੇ ਉਸ ਨੂੰ ਨਾਲ ਹੀ ਰੱਖਿਆ।

ਘਰ ਆ ਕੇ ਮੇਰੀ ਪਤਨੀ ਨੇ ਆਪਣੀਆਂ ਪੋਤੀਆਂ ਨੂੰ ਕਲਾਵੇ ਵਿੱਚ ਲੈ ਕੇ ਰਾਜ ਭਵਨ ਵਾਲੀ ਇਹ ਕਹਾਣੀ ਸੁਣਾ ਕੇ ਕਿਹਾ- 'ਦੇਖਿਆ! ਸਾਦਗੀ ਦਾ ਵੀ ਕਿੱਡਾ ਮਹੱਤਵ ਹੁੰਦਾ ਹੈ?'

ਇਕ ਹੋਰ ਘਟਨਾ ਯਾਦ ਆ ਰਹੀ ਹੈ। ਮੈਂ ਆਪਣੇ ਖੇਤੀ ਫਾਰਮ 'ਤੇ ਟੋਕਰੇ ਵਿੱਚ ਪਾ ਕੇ ਪਸ਼ੂਆਂ ਦਾ ਗੋਹਾ ਰੂੜੀ 'ਤੇ ਸੁੱਟ ਰਿਹਾ ਸਾਂ। ਉਥੇ ਮੇਰੇ ਪਿੰਡ ਦੇ ਤਿੰਨ ਚਾਰ ਬੰਦੇ ਨਿਕਲ ਆਏ। ਉਨ੍ਹਾਂ ਵਿੱਚੋਂ ਇਕ ਬੰਦੇ ਨੇ ਮੇਰੇ ਹੱਥ ਵਿੱਚੋਂ ਗੋਹੇ ਦਾ ਟੋਕਰਾ ਖੋਹ ਕੇ ਜਜ਼ਬਾਤੀ ਹੋ ਕੇ ਮੈਨੂੰ ਕਿਹਾ- 'ਇਹ ਕੀ ਕਰ ਰਹੇ ਹੋ! ਇਹ ਨੌਕਰਾਂ ਚਾਕਰਾਂ ਦੇ ਕੰਮ ਆ। ਤੁਸੀਂ ਇਲਾਕੇ ਦੇ ਗਿਣਤਕਾਰ ਬੰਦੇ ਹੋ ਕੇ ਇੰਦਾਂ ਦਾ ਘਟੀਆ ਕੰਮ ਕਰਦੇ ਓ? ਤੁਹਾਨੂੰ ਮਿਲਣ ਲਈ ਵੱਡੇ-ਵੱਡੇ ਲੋਕ ਆਏ ਰਹਿੰਦੇ ਆ! ਜੇ ਅੱਜ ਕੋਈ ਇਥੇ ਆ ਜਾਵੇ ਤਾਂ ਤੁਹਾਨੂੰ ਇੰਦਾਂ ਦੀ ਹਾਲਤ ਵਿੱਚ ਦੇਖ ਕੇ ਕੀ ਸੋਚੂ?'

ਮੈਂ ਠਰ੍ਹੰਮੇ ਨਾਲ ਸਮਝਾਇਆ- 'ਮੈਂ ਜਦੋਂ ਵੀ ਚੰਡੀਗੜ੍ਹ ਜਾਂ ਹੋਰ ਕਿਤੇ ਸੱਤਾਧਾਰੀ ਨੇਤਾ ਤੇ ਵੱਡੇ ਅਧਿਕਾਰੀਆਂ ਨੂੰ ਮਿਲਣ ਲਈ ਬਾਹਰੋਂ ਕਾਗਜ਼ ਦੀ ਸਲਿੱਪ 'ਤੇ ਆਪਣਾ ਨਾਂ ਲਿਖ ਕੇ ਭੇਜਦਾ ਹਾਂ ਤਾਂ ਇਨ੍ਹਾਂ ਵੱਡੇ ਲੋਕਾਂ ਵਿੱਚੋਂ ਉਹ ਲੋਕ ਹੀ ਆਪਣੀ ਕੁਰਸੀ ਤੋਂ ਉਠ ਕੇ ਜੱਫੀ ਪਾ ਕੇ ਮੈਨੂੰ ਮਿਲਦੇ ਹਨ, ਜਿਨ੍ਹਾਂ ਨੇ ਮੈਨੂੰ ਆਪਣੇ ਖੇਤਾਂ ਵਿੱਚ ਪਾਟੇ ਅਤੇ ਪਸੀਨੇ ਨਾਲ ਭਿੱਜੇ ਕੱਪੜੇ ਪਾ ਕੇ ਕਪਾਹ ਗੁੱਡਦਿਆਂ ਗੋਡਿਆਂ ਤੱਕ ਮਿੱਟੀ ਨਾਲ ਲਿੱਬੜੀਆਂ ਲੱਤਾਂ ਨਾਲ ਖੇਤਾਂ ਵਿੱਚ ਹਲ ਵਾਹੁੰਦਿਆਂ ਅਤੇ ਸਿਰ 'ਤੇ ਟੋਕਰੇ ਵਿੱਚ ਪਸ਼ੂਆਂ ਦਾ ਗੋਹਾ ਚੁੱਕਦੇ ਨੂੰ ਦੇਖਿਆ ਹੈ।'

ਇਹ ਗੱਲਾਂ ਕਰਦਿਆਂ ਅਚਾਨਕ ਤੇ ਇਤਫਾਕ ਨਾਲ ਵਾਪਰੀ ਇਕ ਹੋਰ ਘਟਨਾ ਨਾਲ ਮੇਰੀਆਂ ਗੱਲਾਂ ਦੀ ਪੁਸ਼ਟੀ ਵੀ ਹੋ ਗਈ। ਮੇਰੇ ਲੇਖਕ ਮਿੱਤਰ ਤੇ ਓਦੋਂ ਦੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਡਾ. ਗੁਰਚਰਨ ਸਿੰਘ ਅਚਾਨਕ ਮੈਨੂੰ ਮਿਲਣ ਆ ਗਏ ਤੇ ਕਾਰ ਵਿੱਚੋਂ ਨਿਕਲ ਕੇ ਘੁੱਟਵੀਂ ਜੱਫੀ ਪਾ ਕੇ ਬੋਲੇ- 'ਬਈ ਵਾਹ! ਅੱਜ ਦੇਖਿਆ ਤੁਹਾਨੂੰ ਮਾਣ-ਮੱਤੇ ਰੂਪ 'ਚ! ਸੱਚਮੁੱਚ ਤੁਸੀਂ ਜੋ ਲਿਖਦੇ ਓ, ਉਸ ਮੁਤਾਬਕ ਜਿਉਂਦੇ ਵੀ ਓ।'

ਇਕ ਵਾਰੀ ਇਲਾਕੇ ਦੇ ਨਾਮਵਰ ਕਾਲਜ ਦੇ ਸਮਾਗਮ ਵਿੱਚ ਇਕ ਸੱਤਾਧਾਰੀ ਨੇਤਾ ਨੂੰ ਮੁੱਖ ਮਹਿਮਾਨ ਅਤੇ ਮੈਨੂੰ ਵਿਸ਼ੇਸ਼ ਮਹਿਮਾਨ ਦੀ ਹੈਸੀਅਤ ਵਿੱਚ ਬੁਲਾਇਆ ਗਿਆ। ਨੇਤਾ ਜੀ ਮੇਰੇ ਅੱਗੇ-ਅੱਗੇ ਮਹਿੰਗੀ ਕਾਰ ਵਿੱਚ ਬੈਠ ਕੇ ਉਥੇ ਪਹੁੰਚੇ ਤੇ ਉਨ੍ਹਾਂ ਦੇ ਨਾਲ ਜੁੜੀ ਭੀੜ ਦੇ ਮਗਰ ਜਾਂਦਾ ਕਮੀਜ਼ ਪਜਾਮਾ ਪਾ ਕੇ ਮੈਂ ਵੀ ਸਾਈਕਲ ਉੱਤੇ ਆ ਕੇ ਸਭ ਤੋਂ ਪਿੱਛੇ ਲੱਗੀਆਂ ਕੁਰਸੀਆਂ ਵਿੱਚੋਂ ਇਕ ਕੁਰਸੀ 'ਤੇ ਬੈਠ ਗਿਆ। ਨੇਤਾ ਜੀ ਦੇ ਨਾਲ ਚਾਰ ਪੰਜ ਹੋਰ ਉਹਦੇ ਕਰੀਬੀ ਤੇ ਜੂਨੀਅਰ ਨੇਤਾ ਸਟੇਜ 'ਤੇ ਜਾ ਚੜ੍ਹੇ। ਸਟੇਜ 'ਤੇ ਕੁਰਸੀਆਂ ਘੱਟ ਸਨ। ਇਨ੍ਹਾਂ ਵਿੱਚੋਂ ਦੋ ਤਿੰਨ ਜਣੇ ਸੀਨੀਅਰ ਨੇਤਾ ਦੀ ਕੁਰਸੀ ਦੀਆਂ ਬਾਹਾਂ 'ਤੇ ਬੈਠ ਕੇ ਨੇਤਾ ਜੀ ਨਾਲ ਫੋਟੋਆਂ ਖਿਚਵਾਉਣ ਲੱਗ ਪਏ। ਫਿਰ ਕਿਤੇ ਸਮਾਗਮ ਸੰਚਾਲਕਾਂ ਵਿੱਚੋਂ ਕਿਸੇ ਦੀ ਝਾਤ ਮੇਰੇ 'ਤੇ ਪਈ ਤੇ ਮਾਇਕ ਤੋਂ ਕਿਹਾ - 'ਮਹਿੰਦਰ ਸਿੰਘ ਦੋਸਾਂਝ ਸਾਡੇ ਸਮਾਗਮ ਵਿੱਚ ਆਏ ਹਨ, ਉਨ੍ਹਾਂ ਦਾ ਸਵਾਗਤ ਹੈ, ਉਨ੍ਹਾਂ ਨੂੰ ਪਿੱਛਿਓਂ ਕੁਰਸੀ ਤੋਂ ਉਠਾਲ ਕੇ ਸਟੇਜ 'ਤੇ ਲਿਆਂਦਾ ਜਾਵੇ।'

ਸਮਾਗਮ ਵਿੱਚ ਸਬੰਧਤ ਵਿਸ਼ੇ 'ਤੇ ਨੇਤਾ ਜੀ ਨੇ ਆਪਣੇ ਵਿਚਾਰ ਪੇਸ਼ ਕੀਤੇ, ਅਤੇ ਮੈਂ ਵੀ। ਸਟੇਜ ਤੋਂ ਉਤਰੇ ਤਾਂ ਸਮਾਗਮ ਵਿੱਚ ਸ਼ਾਮਲ ਅਨੇਕਾਂ ਸੂਝਵਾਨ ਲੋਕ ਮੈਨੂੰ ਜੱਫੀਆਂ ਪਾ ਕੇ ਮਿਲੇ ਤੇ ਮੇਰੇ ਦਸਖਤ ਲੈਣ ਲਈ ਵਿਦਿਆਰਥੀਆਂ ਦੀ ਭੀੜ ਮੇਰੇ ਦੁਆਲੇ ਜੁੜ ਗਈ।

# ਦਾਦਾ-ਦਾਦੀ ਦੇ ਚਾਅ

-ਜੀਤ ਹਰਜੀਤ

ਅੱਜ ਤੋਂ ਤਕਰੀਬਨ 28 ਕੁ ਸਾਲ ਪਹਿਲਾਂ ਦੀ ਗੱਲ ਹੈ, ਜਦੋਂ ਮੇਰਾ ਜਨਮ ਹੋਇਆ ਸੀ। ਮਾਂ ਦੱਸਦੀ ਹੈ ਕਿ ਮੇਰੇ ਪੈਦਾ ਹੋਣ ਦਾ ਸਭ ਤੋਂ ਜ਼ਿਆਦਾ ਚਾਅ ਦਾਦਾ ਤੇ ਦਾਦੀ ਨੂੰ ਹੀ ਸੀ। ਦਾਦਾ, ਦਾਦੀ ਜੀ ਨੇ ਬੜੇ ਹੀ ਲਾਡਾਂ ਚਾਵਾਂ ਨਾਲ ਮੈਨੂੰ ਪਾ-ਲਿਆ। ਘਰ ਵਿੱਚ ਕੰਮਕਾਰ ਖੁੱਲ੍ਹਾ ਹੋਣ ਕਰ ਕੇ ਮਾਂ ਦਾ ਬਹੁਤਾ ਸਮਾਂ ਕੰਮ ਵਿੱਚ ਲੰਘ ਜਾਂਦਾ ਸੀ, ਪਰ ਦਾਦਾ, ਦਾਦੀ ਨੇ ਮੇਰੇ ਬਚਪਨ ਵਿੱਚ ਕੋਈ ਕਮੀ ਨਾ ਆਉਣ ਦਿੱਤੀ। ਦਾਦੀ ਮੇਰੀ ਹਰ ਜ਼ਿਦ ਨੂੰ ਹੱਸ ਕੇ ਪੂਰ ਦਿੰਦੀ ਸੀ। ਉਸ ਨੂੰ ਚਰਖਾ ਕੱਤਣ ਦਾ ਬਹੁਤ ਸ਼ੌਕ ਸੀ। ਉਹ ਕਿੰਨੀ ਹੀ ਰਾਤ ਤੱਕ ਚਰਖਾ ਕਤਦੀ ਰਹਿੰਦੀ ਤੇ ਮੈਂ ਕੋਲ ਮੰਜੇ ਉਤੇ ਪਿਆ ਸੌਣ ਲਈ ਉਸ ਦੀ ਉਡੀਕ ਕਰਦਾ ਰਹਿੰਦਾ।

ਮਾਂ ਦੱਸਦੀ ਹੈ ਕਿ ਮੈਂ ਜ਼ਿਆਦਾਤਰ ਦਾਦੀ ਨਾਲ ਹੀ ਸੌਂਦਾ ਸੀ। ਥੋੜ੍ਹੀ ਉਮਰ ਵੱਡੀ ਹੋਈ ਤਾਂ ਦਾਦਾ ਜੀ ਨੇ ਮੈਨੂੰ ਪਿੰਡ ਵਾਲੇ ਸਕੂਲ ਵਿੱਚ ਪੜ੍ਹਨੇ ਪਾ ਦਿੱਤਾ। ਸਕੂਲ ਤੋਂ ਆਉਂਦੇ ਨੂੰ ਦਾਦੀ ਮੈਨੂੰ ਮੱਖਣ ਨਾਲ ਰੋਟੀ ਖੁਆਉਂਦੀ। ਘਰ ਦਾ ਦੁੱਧ, ਘਿਓ ਹੋਣ ਕਾਰਨ ਖੁੱਲ੍ਹਾ ਖਾਣ-ਪੀਣ ਨੂੰ ਮਿਲਦਾ ਸੀ। ਮੈਂ ਜ਼ਿਆਦਾ ਸਮਾਂ ਦਾਦੀ ਕੋਲ ਹੀ ਗੁਜ਼ਾਰਦਾ ਸੀ। ਜਦੋਂ ਕੋਈ ਫੇਰੀ ਵਾਲਾ ਗਲੀ ਵਿੱਚ ਆਉਂਦਾ, ਮੈਂ ਭੱਜ ਕੇ ਉਸ ਕੋਲ ਜਾ ਖਲੋਂਦਾ। ਦਾਦੀ ਮਗਰ ਪੈਸੇ ਲੈ ਆ ਜਾਂਦੀ 'ਦੇ ਦਿਓ ਭਾਈ ਕੀ ਮੰਗਦੈ ਮੇਰਾ ਪੁੱਤਰ।' ਉਸ ਦੇ ਇਹ ਬੋਲ ਮੇਰੀ ਜ਼ਿਦ ਪੂਰੀ ਕਰ ਦਿੰਦੇ ਸਨ। ਕਦੇ ਕਦੇ ਉਹ ਮੈਨੂੰ ਖਾਂਦੇ ਨੂੰ ਵੇਖ ਕੇ ਬਹੁਤ ਖੁਸ਼ ਹੁੰਦੀ ਤੇ ਅਸੀਸਾਂ ਦੇ ਢੇਰ ਲਗਾ ਦਿੰਦੀ, ਪਤਾ ਨਹੀਂ ਉਸ ਨੂੰ ਕੀ ਦਿੱਸ ਆਉਂਦਾ ਸੀ ਮੇਰੇ ਵਿੱਚੋਂ।

ਇੱਕ ਵਾਰ ਦੀ ਗੱਲ ਮੈਨੂੰ ਯਾਦ ਹੈ, ਮੈਂ ਦਾਦੀ ਨੂੰ ਦੁਕਾਨ ਤੋਂ ਕੋਈ ਚੀਜ਼ ਦਿਵਾਉਣ ਦੀ ਜ਼ਿਦ ਕੀਤੀ ਤਾਂ ਦਾਦੀ ਨੇ ਪੈਸੇ ਪੂਰੇ-ਪੂਰੇ ਹੋਣ ਕਾਰਨ ਨਾਂਹ ਕਰ ਦਿੱਤੀ। ਮੇਰੀਆਂ ਅੱਖਾਂ ਵਿੱਚ ਅੱਥਰੂ ਭਰ ਆਏ। ਇਸ ਤੋਂ ਪਹਿਲਾਂ ਕਿ ਕੋਈ ਅੱਥਰੂ ਹੇਠ ਡਿੱਗਦਾ, ਦਾਦੀ ਨੇ ਸੇਠ ਨੂੰ ਇਹ ਕਹਿ ਕੇ ਚੀਜ਼ ਦੇਣ ਲਈ ਕਹਿ ਦਿੱਤਾ ਕਿ 'ਮੈਂ ਆਥਣ ਤੱਕ ਪੈਸੇ ਦੇ ਜਾਵਾਂਗੀ, ਦੇ ਦਿਓ ਇਸ ਨੂੰ ਜੋ ਮੰਗਦੈ।' ਜਦੋਂ ਮੈਂ ਚੀਜ਼ ਲੈ ਕੇ ਖੁਸ਼ ਹੋਇਆ ਤਾਂ ਮੇਰੇ ਸਿਰ ਉੱਤੇ ਹੱਥ ਫੇਰ ਕੇ ਕਹਿੰਦੀ, "ਸੱਭ ਭੁੱਲ ਜਾਵੇਂਗਾ ਪੁੱਤਰਾ ਵੱਡਾ ਹੋ ਕੇ।" ਮੈਂ ਕਮਲਾ ਨਾਂਹ, ਹਾਂ ਵਿੱਚ ਵੀ ਕੋਈ ਜਵਾਬ ਨਾ ਦਿੰਦਾ।

ਉਮਰ ਵਧਣ ਨਾਲ ਲੋਕ ਕਹਿੰਦੇ ਹਨ ਕਿ ਸਿਆਣਪ ਆਉਣ ਲੱਗ ਪੈਂਦੀ ਹੈ, ਪਰ ਮੈਨੂੰ ਇੰਝ ਲੱਗਦੈ ਮੈਂ ਕਮਲਾ ਹੁੰਦਾ ਗਿਆ। ਕਿਉਂਕਿ ਮੈਂ ਦਾਦੀ ਕੋਲ ਘੱਟ ਤੇ ਗਲੀਆਂ ਵਿੱਚ ਜਵਾਕਾਂ ਨਾਲ ਵੱਧ ਸਮਾਂ ਬਿਤਾਉਣ ਲੱਗ ਪਿਆ ਸੀ। ਉਸ ਪਿੱਛੋਂ ਪੜ੍ਹਾਈਆਂ ਦੇ ਫਿਕਰ ਨੇ ਕਾਪੀਆਂ ਕਿਤਾਬਾਂ ਨਾਲ ਅਜੀਬ ਜਿਹਾ ਰਿਸ਼ਤਾ ਬਣਾ ਦਿੱਤਾ ਜਿਸ ਰਿਸ਼ਤੇ ਨੇ ਦਾਦੀ ਦੇ ਪਿਆਰ ਨੂੰ ਫਿੱਕਾ ਪਾ ਦਿੱਤਾ ਸੀ। ਉਹ ਭਾਵੇਂ ਹਾਲੇ ਵੀ ਮੈਨੂੰ ਪਹਿਲਾਂ ਵਾਂਗ ਪਿਆਰ ਦਿੰਦੇ, ਪਰ ਮੈਂ ਬਚਪਨ ਤੋਂ ਉਪਰ ਉਠ ਚੁੱਕਿਆ ਸੀ ਜਿਸ ਕਰ ਕੇ ਮੈਨੂੰ ਉਹ ਸਭ ਆਮ ਜਿਹਾ ਲੱਗਦਾ ਸੀ। ਕਹਿੰਦੇ ਹਨ ਕਿ ਇਸ ਦੁਨੀਆ ਦੀ ਇਹ ਰੀਤ ਹੈ, ਇਥੇ ਜਿਸ ਨੂੰ ਜੋ ਆਸਾਨੀ ਨਾਲ ਮਿਲ ਜਾਂਦਾ ਹੈ, ਉਹ ਉਸ ਦੀ ਕੀਮਤ ਨਹੀਂ ਸਮਝਦਦਾ। ਜਿਵੇਂ ਜਿਵੇਂ ਮੇਰੀ ਉਮਰ ਵੱਡੀ ਹੋ ਰਹੀ ਸੀ, ਉਨ੍ਹਾਂ ਦੀ ਉਮਰ ਦੇ ਸਾਲ ਵੱਧ ਰਹੇ ਸਨ, ਪਰ ਮੈਂ ਅਣਜਾਣ ਸੀ ਇਸ ਤੋਂ ਕਿ ਕਿੰਨਾ ਵੀ ਪਿਆਰਾ ਤੇ ਨੇੜੇ ਦਾ ਰਿਸ਼ਤਾ ਕਿਉਂ ਨਾ ਹੋਵੇ, ਉਹ ਸਦਾ ਤੁਹਾਡੇ ਨਾਲ ਨਹੀਂ ਰਹਿੰਦਾ।

ਅਖੀਰ ਹੋਇਆ ਉਹੀ ਜਿਸ ਦਾ ਡਰ ਸੀ ਤੇ ਜਿਵੇਂ ਆਖਦੇ ਹਨ, ਰੱਬ ਆਪਣੇ ਸਿਰ ਬਹਾਨਾ ਨਹੀਂ ਲੈਂਦਾ। ਦਾਦੀ ਨੂੰ ਕੈਂਸਰ ਨਾਮ ਦੀ ਜਾਨਲੇਵਾ ਬਿਮਾਰੀ ਨੇ ਘੇਰ ਲਿਆ। ਚਾਚਾ ਜੀ ਫੌਜੀ ਸਨ, ਜਿਸ ਕਰ ਕੇ ਅਸੀਂ ਉਹਨਾਂ ਦਾ ਮਿਲਟਰੀ ਹਸਪਤਾਲ ਵਿੱਚ ਬਹੁਤ ਇਲਾਜ ਕਰਾਇਆ, ਪਰ ਦਾਦੀ ਇਸ ਦੁਨੀਆ ਤੋਂ ਰੁਖ਼ਸਤ ਹੋ ਗਈ। ਉਨ੍ਹਾਂ ਦੀ ਮੌਤ ਤੋਂ ਕੁਝ ਕੁ ਸਮੇਂ ਬਾਅਦ ਹੀ ਦਾਦਾ ਜੀ ਵੀ ਸਾਨੂੰ ਵਿਛੋੜਾ ਦੇ ਗਏ। ਇਹ ਉਹ ਦੁੱਖ ਸਨ, ਜਿਨ੍ਹਾਂ ਨੇ ਮੈਨੂੰ ਕਈ ਸਾਲ ਪ੍ਰੇਸ਼ਾਨ ਰੱਖਿਆ। ਲੋਕਾਂ ਲਈ ਭਾਵੇਂ ਇਹ ਦੁਨੀਆਵੀ ਰੀਤ ਦਾ ਹਿੱਸਾ ਸੀ, ਪਰ ਮੇਰੇ ਲਈ ਬਹੁਤ ਵੱਡਾ ਨਾ ਪੂਰਾ ਹੋਣ ਵਾਲਾ ਘਾਟਾ ਸੀ।

ਜਿਵੇਂ ਕਹਿੰਦੇ ਹਨ ਕਿ ਜ਼ਿੰਦਗੀ ਰੁਕਦੀ ਨਹੀਂ। ਵੱਡੇ ਹੋਏ, ਵਿਆਹ ਹੋਇਆ ਤੇ ਅੱਜ ਜਦੋਂ ਮੇਰੇ ਘਰ ਪੁੱਤਰ ਨੇ ਜਨਮ ਲਿਆ ਹੈ ਤਾਂ ਮੈਂ ਉਹੀ ਖੁਸ਼ੀ ਆਪਣੇ ਮਾਂ-ਬਾਪ ਦੀਆਂ ਅੱਖਾਂ ਵਿੱਚ ਦਾਦਾ, ਦਾਦੀ ਬਣਦੇ ਹੋਏ ਮਹਿਸੂਸ ਕੀਤੀ। ਮੇਰੇ ਦਾਦਾ-ਦਾਦੀ ਦੀ ਕਮੀ ਨੂੰ ਕੋਈ ਪੂਰੀ ਨਹੀਂ ਸਕਦਾ, ਪਰ ਜੇ ਅੱਜ ਉਹ ਹੁੰਦੇ ਤਾਂ ਮੈਂ ਉਨ੍ਹਾਂ ਦੀਆਂ ਅੱਖਾਂ ਵਿੱਚ ਪੜਦਾਦਾ ਤੇ ਪੜਦਾਦੀ ਬਣਨ ਦੀਆਂ ਖੁਸ਼ੀਆਂ ਵੇਖ ਕੇ ਬਹੁਤ ਖੁਸ਼ ਹੁੰਦਾ।

# ਬਿਊਟੀ ਟਿਪਸ

ਭੱਜ-ਦੌੜ ਭਰੀ ਜ਼ਿੰਦਗੀ ਵਿੱਚ ਚਿਹਰਾ ਸ਼ਾਮ ਤੱਕ ਮੁਰਝਾ ਜਿਹਾ ਜਾਂਦਾ ਹੈ। ਚਿਹਰੀ ਦੀ ਚਮਕ ਅਤੇ ਖੂਬਸੂਰਤੀ ਨੂੰ ਬਰਕਰਾਰ ਰੱਖਣ ਲਈ ਇਸ ਵਾਰ ਅਸੀਂ ਘਰ 'ਤੇ ਆਸਾਨੀ ਨਾਲ ਕੀਤੇ ਜਾਣ ਵਾਲੇ ਅਜਿਹੇ ਫੇਸ਼ੀਅਲ ਮਸਾਜ ਦੇ ਬਾਰੇ ਦੱਸ ਰਹੇ ਹਾਂ, ਜੋ ਜਾਪਾਨੀ ਲੜਕੀਆਂ ਦੇ ਚਿਹਰੇ ਦੀ ਚਮਕ ਦਾ ਰਾਜ਼ ਵੀ ਹਨ। ਇਨ੍ਹਾਂ ਦੇ ਲਈ ਸਿਰਫ ਦੋ ਮਿੰਟ ਦਾ ਸਮਾਂ ਕਾਫੀ ਹੈ। ਇਨ੍ਹਾਂ ਦੋ ਮਸਾਜਾਂ ਨੂੰ ਸਵੇਰੇ ਤੇ ਸ਼ਾਮ ਸਮੇਂ ਕੀਤਾ ਜਾਂਦਾ ਹੈ। ਸਵੇਰੇ ਬਲੱਡ ਸਰਕੂਲੇਸ਼ਨ ਬਿਹਤਰ ਕਰਨ ਲਈ ਅਤੇ ਸ਼ਾਮ ਨੂੰ ਰਿਲੈਕਸ ਕਰਨ ਦੇ ਲਈ।

ਸਵੇਰ ਲਈ-ਅਸਾਇਕੇ ਫੇਸ਼ੀਅਲ ਮਸਾਜ- ਜਾਪਾਨੀ ਭਾਸ਼ਾ ਵਿੱਚ ਅਸਾਇਕੇ ਦਾ ਮਤਲਬ 'ਮਾਰਨਿੰਗ ਗਲੋਅ' ਹੁੰਦਾ ਹੈ। ਇਸ ਨੂੰ ਸਵੇਰ ਸਮੇਂ ਕੀਤਾ ਜਾਂਦਾ ਹੈ, ਤਾਂ ਕਿ ਦਿਨ ਭਰ ਚਿਹਰਾ ਖਿੜਿਆ-ਖਿੜਿਆ ਰਹੇ। ਇਸ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ ਠੰਢੇ ਪਾਣੀ ਵਿੱਚ ਹੱਥ ਪਾ ਕੇ ਪੂੰਝ ਲਓ। ਇਸ ਨਾਲ ਚਮੜੀ ਵਿੱਚ ਕਸਾਵਟ ਆਉਂਦੀ ਹੈ। ਇਨ੍ਹਾਂ ਸਾਰੇ ਪੜਾਵਾਂ ਨੂੰ ਪੰਜ ਵਾਰ ਦੋਹਰਾਓ :



1. ਠੰਢੇ ਹੱਥਾਂ ਵਿੱਚ ਮਾਇਸਚੁਰਾਈਜ਼ਰ ਲਗਾ ਕੇ ਚੰਗੀ ਤਰ੍ਹਾਂ ਨਾਲ ਫੈਲਾਅ ਲਓ।
2. ਹੱਥਾਂ ਨੂੰ ਹੌਲੀ ਹੌਲੀ ਗਰਦਨ ਦੇ ਹੇਠਲੇ ਹਿੱਸੇ ਤੋਂ ਉਪਰ ਵੱਲ ਲੈ ਜਾਓ।
3. ਹਥੇਲੀਆਂ 'ਤੇ ਹਲਕਾ ਦਬਾਅ ਪਾਉਂਦੇ ਹੋਏ ਠੋਢੀ ਤੋਂ ਉਪਰ ਗੱਲਾਂ ਵੱਲ ਲੈ ਜਾਓ।
4. ਦੋਵਾਂ ਹੱਥਾਂ ਦੀਆਂ ਉਂਗਲੀਆਂ ਨੂੰ ਨੱਕ ਦੇ ਦੋਵਾਂ ਪਾਸੇ ਰੱਖੋ। ਅੱਖਾਂ ਦੇ ਹੇਠਾਂ ਅਤੇ ਗੱਲ੍ਹਾਂ ਉਪਰ ਤੋਂ ਬਾਹਰ ਵੱਲ ਲੈ ਜਾਓ।
5. ਹੁਣ ਉਂਗਲੀਆਂ ਨੂੰ ਆਈਬ੍ਰੋਅ ਦੇ ਉਪਰ ਰੱਖ ਕੇ ਵਾਲਾਂ ਦੀ ਰੇਖਾ (ਹੇਅਰ ਲਾਈਨ) ਵੱਲ ਲੈ ਜਾਓ।

ਸ਼ਾਮ ਦੇ ਲਈ-ਯੁਯਾਕੇ ਫੇਸ਼ੀਅਲ ਮਸਾਜ-ਇਸ ਮਸਾਜ ਨੂੰ ਸ਼ਾਮ ਦੇ ਸਮੇਂ ਦਿਨ ਭਰ ਦੀ ਥਕਾਨ ਨੂੰ ਦੂਰ ਕਰਨ ਦੇ ਲਈ ਕੀਤਾ ਜਾਂਦਾ ਹੈ। ਇਸ ਨੂੰ ਕਰਨ ਦੇ ਲਈ ਹਥੇਲੀਆਂ ਨੂੰ ਆਪਸ ਵਿੱਚ ਰਗੜ ਕੇ ਗਰਮ ਕਰ ਲਓ। ਇਸ ਦੇ ਬਾਅਦ ਹੇਠਾਂ ਦਿੱਤੇ ਸਟੈੱਪਸ ਨੂੰ ਕਰੋ। ਯਾਦ ਰਹੇ ਚਾਰੋਂ ਸਟੈੱਪਸ ਨੂੰ ਪੰਜ ਵਾਰ ਦੋਹਰਾਣਾ ਹੈ।

1. ਦੋਵਾਂ ਹੱਥਾਂ ਦੀਆਂ ਉਂਗਲੀਆਂ ਨੂੰ ਲੈ ਕੇ ਮੱਥੇ 'ਤੇ ਵਾਲਾਂ ਦੀ ਰੇਖਾ ਦੇ ਕੋਲ ਲੈ ਜਾਓ। ਉਂਗਲੀਆਂ ਨੂੰ ਅੱਗੇ ਤੋਂ ਪਿੱਛੇ ਲੈ ਜਾਓ। ਇਸ ਕ੍ਰਮ ਨੂੰ ਪੰਜ ਵਾਰ ਦੋਹਰਾਓ।
2. ਦੋਵਾਂ ਹੱਥਾਂ 'ਤੇ ਮਾਇਸ਼ਚੁਰਾਈਜਰ ਲਗਾਓ। ਦੋਵਾਂ ਆਈਬ੍ਰੋਅ ਦੇ ਸ਼ੁਰੂਆਤੀ ਕੋਨੇ ਦੇ ਉਪਰ ਉਂਗਲੀਆਂ ਦਬਾਉਂਦੇ ਹੋਏ ਆਈਬ੍ਰੋਅ ਦੇ ਉਪਰ ਤੋਂ ਕੱਢੋ। ਕੰਨ ਦੇ ਸਾਹਮਣੇ ਲਿਜਾ ਕੇ ਰੋਕ ਦਿਓ।
3. ਫਿਰ ਨੱਕ ਦੇ ਹੇਠਾਂ ਵੱਲ ਪਹਿਲੀ ਅਤੇ ਵਿੱਚ ਦੀ ਉਂਗਲੀ ਨੂੰ ਰੱਖੋ। ਦੋਵਾਂ ਉਂਗਲੀਆਂ ਗਲ਼ ਦੀ ਹੱਡੀ ਦੇ ਉਪਰੋਂ ਲੈ ਜਾਂਦੇ ਹੋਏ ਬਾਹਰ ਵੱਲ ਲੈ ਜਾਓ।
4. ਦੋਵਾਂ ਹੱਥਾਂ ਦੀਆਂ ਉਂਗਲੀਆਂ ਨੂੰ ਕੰਨ ਦੇ ਪਿੱਛੇ ਰੱਖੋ। ਜਬਾੜੇ ਅਤੇ ਗਰਦਨ ਤੋਂ ਹੇਠਾਂ ਵੱਲ ਲਿਜਾ ਕੇ ਛੱਡ ਦਿਓ। ਇਸ ਕ੍ਰਮ ਨੂੰ ਸਿਰਫ ਉਪਰ ਤੋਂ ਹੇਠਾਂ ਵੱਲ ਕਰਨਾ ਹੈ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

**ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org**

**IPTV ਦੁਆਰਾ ਸਤਸੰਗ ਦੇਖੋ**
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224



# GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

**Jagdish Grewal**
Sales Representative



Residential | Commercial | Investment

(416) 970-5005

Century 21 President Realty Inc Brokerage
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

# ਰਾਜਨੀਤੀ ਨਿਤਾਣੀ ਨਹੀਂ ਹੋਈ, ਅਗਲੀ ਤਿਆਰੀ ਛੋਹ ਲਵੇਗੀ



ਜਤਿੰਦਰ ਪੰਨੂ

ਭਾਰਤ ਦੇ ਲੋਕਾਂ ਨੂੰ ਤੇਈ ਮਈ ਦੇ ਦਿਨ ਦੀ ਇਸ ਲਈ ਉਡੀਕ ਸੀ ਕਿ ਉਸ ਦਿਨ ਅਗਲੇ ਪੰਜ ਸਾਲਾਂ ਲਈ ਜਿਸ ਆਗੂ ਨੇ ਦੇਸ਼ ਦੀ ਕਮਾਨ ਸਾਂਭਣੀ ਹੈ, ਉਸ ਦਾ ਫੈਸਲਾ ਸਾਹਮਣੇ ਆਉਣਾ ਸੀ। ਉਹ ਘੜੀ ਆ ਗਈ ਹੈ। ਭਾਜਪਾ ਦੇ ਆਗੂ ਨਰਿੰਦਰ ਮੋਦੀ ਤੇ ਅਮਿਤ ਸ਼ਾਹ ਦੀ ਜੋੜੀ ਨੂੰ ਦੇਸ਼ ਦੇ ਲੋਕਾਂ ਦਾ ਏਡਾ ਵੱਡਾ ਹੁੰਗਾਰਾ ਮਿਲਿਆ ਕਿ ਚੋਣ ਕਿਆਫੇ ਲਾਉਣ ਵਾਲੇ ਵੱਡੇ ਧਨੰਤਰ ਵੀ ਹੈਰਾਨੀ ਪ੍ਰਗਟ ਕਰਦੇ ਦਿਖਾਈ ਦਿੱਤੇ ਹਨ। ਜਿਹੜੇ ਲੋਕ ਮੰਨਦੇ ਸਨ ਕਿ ਦੋਵਾਂ ਵੱਲ ਆਮ ਲੋਕਾਂ ਦਾ ਮੁਹਾਣ ਚੋਖਾ ਹੈ, ਉਹ ਵੀ ਇਸ ਤਰ੍ਹਾਂ ਦੀ ਵੱਡੀ ਜਿੱਤ ਦੀ ਗੱਲ ਕਦੇ ਨਹੀਂ ਸਨ ਕਹਿੰਦੇ। ਭਾਜਪਾ ਇੱਕ ਪਾਰਟੀ ਵਜੋਂ ਤਿੰਨ ਸੌ ਸੀਟਾਂ ਤੋਂ ਉੱਪਰ ਚਲੀ ਗਈ ਹੈ ਤੇ ਆਪਣੇ ਗੱਠਜੋੜ ਸਮੇਤ ਸਾਢੇ ਤਿੰਨ ਸੌ ਨੂੰ ਟੱਪਦੇ ਹੋਏ ਉਹ ਇਸ ਤਰ੍ਹਾਂ ਦਾ ਰਿਕਾਰਡ ਬਣਾਉਣ ਨੂੰ ਪਹੁੰਚ ਗਈ, ਜਿਹੜਾ ਛੇਤੀ ਕੀਤੇ ਟੁੱਟਣ ਵਾਲਾ ਨਹੀਂ ਜਾਪਦਾ। ਖੁਦ ਭਾਜਪਾ ਦੇ ਕਈ ਆਗੂ ਏਡੀ ਵੱਡੀ ਜਿੱਤ ਤੋਂ ਹੈਰਾਨ ਹਨ ਤੇ ਖਾਸ ਕੇ ਭਾਜਪਾ ਵਿਚਲੇ ਮੋਦੀ-ਵਿਰੋਧੀ ਕੁਝ ਆਗੂ ਤਾਂ ਪਰੇਸ਼ਾਨ ਵੀ ਹੋਣਗੇ।

ਪੰਜ ਸਾਲ ਪਹਿਲਾਂ ਹੋਈ ਜਿੱਤ ਦੇ ਬਾਅਦ ਅਸੀਂ ਇਹ ਲਿਖਿਆ ਸੀ ਕਿ ਨਰਿੰਦਰ ਮੋਦੀ ਆਗੂ ਹੀ ਨਹੀਂ, ਸ਼ੋਅਮੈਨ ਵਜੋਂ ਵੀ ਏਨਾ ਪ੍ਰਭਾਵ ਪਾਊ ਹੈ ਕਿ ਉਸ ਦੀ ਟੱਕਰ ਦਾ ਦੂਸਰਾ ਪੇਸ਼ਕਾਰ ਭਾਰਤ ਦੇ ਸਿਆਸੀ ਅਖਾੜੇ ਤੋਂ ਲੱਭਣਾ ਔਖਾ ਹੋ ਜਾਂਦਾ ਹੈ। ਉਹ ਤੱਥਾਂ ਤੋਂ ਕੋਰੇ ਭਾਸ਼ਣ ਵੀ ਕਰੀ ਜਾਵੇ ਤਾਂ ਲੋਕ ਉਸ ਦਾ ਹੁੰਗਾਰਾ ਦੇਣ ਲੱਗੇ ਰਹਿੰਦੇ ਹਨ। ਏਦਾਂ ਦੀ ਨੌਬਤ ਕਈ ਵਾਰ ਆ ਚੁੱਕੀ ਹੈ ਕਿ ਉਸ ਦਾ ਕੀਤਾ ਭਾਸ਼ਣ ਹਕੀਕਤਾਂ ਨਾਲੋਂ ਉਲਟ ਜਾਂ ਹਕੀਕਤਾਂ ਦੀ ਭੰਨ-ਤੋੜ ਵਾਲਾ ਹੋਣ ਦੀ ਗੱਲ ਸ਼ਾਮ ਪੈਣ ਤੱਕ ਸਾਹਮਣੇ ਆ ਜਾਂਦੀ ਸੀ, ਪਰ ਅਗਲੇ ਦਿਨ ਉਸ ਦੇ ਜਲਸੇ ਵਿੱਚ ਭੀੜ ਪਹਿਲਾਂ ਤੋਂ ਵੀ ਵੱਧ ਦਿਖਾਈ ਦੇਂਦੀ ਸੀ। ਕਈ ਵਾਰੀ ਇਸ ਤਰ੍ਹਾਂ ਜਾਪਦਾ ਹੁੰਦਾ ਸੀ, ਜਿਵੇਂ ਲੋਕ ਸਿਆਸੀ ਆਗੂ ਦਾ ਭਾਸ਼ਣ ਸੁਣਨ ਤੋਂ ਵੱਧ ਦਿਲਚਸਪ ਕਿੱਸੇ ਸੁਣ ਕੇ ਮਨੋਰੰਜਨ ਕਰਨ ਦੀ ਭਾਵਨਾ ਨਾਲ ਓਥੇ ਗਏ ਹੁੰਦੇ ਸਨ। ਸਿੱਟੇ ਵਜੋਂ ਉਹ ਏਦਾਂ ਦਾ ਆਗੂ ਬਣ ਕੇ ਸਾਹਮਣੇ ਆਇਆ ਸੀ, ਜਿਸ ਦੇ ਬਰਾਬਰ ਦੀ ਪ੍ਰਭਾਵ ਪਾਉਣ ਵਾਲੀ ਸ਼ਖਸੀਅਤ ਵਿਰੋਧ ਦੀ ਮੁੱਖ ਧਿਰ ਕਾਂਗਰਸ ਪਾਰਟੀ ਕੋਲ ਤਾਂ ਕੀ, ਹੋਰਨਾਂ ਵਿੱਚੋਂ ਵੀ ਕਿਸੇ ਪਾਰਟੀ ਕੋਲ ਨਹੀਂ ਸੀ ਲੱਭਦੀ। ਨਤੀਜਾ ਇਸ ਦਾ ਜੋ ਨਿਕਲਿਆ, ਉਹ ਇਸ ਅਖਾਣ ਵਰਗਾ ਸੀ ਕਿ 'ਲੋਕਾਂ ਦਾ ਨਹੀਂ ਦੁੱਧ ਵਿਕਦਾ, ਤੇਰਾ ਵਿਕਦਾ ਜੈ ਕੁਰੇ ਪਾਣੀ।' ਨਰਿੰਦਰ ਮੋਦੀ ਨੇ ਇਹੋ ਕੀਤਾ ਹੈ।

ਕਾਂਗਰਸ ਪਾਰਟੀ ਦਾ ਦੁਖਾਂਤ ਇਹ ਹੈ ਕਿ ਉਹ ਨਹਿਰੂ-ਗਾਂਧੀ ਪਰਵਾਰ ਤੋਂ ਬਾਹਰ ਕਿਸੇ ਵੀ ਮਾਂ ਦੀ ਕੁੱਖੋਂ ਜੰਮਣ ਵਾਲੇ ਬੱਚੇ ਨੂੰ ਅਕਲਮੰਦ ਮੰਨਣ ਨੂੰ ਤਿਆਰ ਨਹੀਂ। ਰਾਜੀਵ ਗਾਂਧੀ ਨੂੰ ਜਿਹੜੇ ਹਾਲਾਤ ਵਿੱਚ ਕੁਰਸੀ ਮਿਲੀ ਸੀ, ਦੇਸ਼ ਦੇ ਲੋਕਾਂ ਨੂੰ ਪਤਾ ਸੀ ਤੇ ਏਸੇ ਲਈ ਜਦੋਂ ਉਸ ਨੇ ਬੜੇ ਸਿਆਣੇ ਮੰਨੇ ਜਾਂਦੇ ਪ੍ਰਣਬ ਮੁਕਰਜੀ ਨੂੰ ਖੂੰਜੇ ਲਾ ਦਿੱਤਾ ਤਾਂ ਲੋਕ ਚੁੱਪ ਕੀਤੇ ਰਹੇ ਸਨ, ਪਰ ਜਦੋਂ ਸੋਨੀਆ ਗਾਂਧੀ ਨੂੰ ਕੁਰਸੀ ਛੱਡਣ ਦਾ ਫੈਸਲਾ ਲੈਣਾ ਪਿਆ, ਪ੍ਰਣਬ ਮੁਕਰਜੀ ਉਸ ਵਕਤ ਤੱਕ ਫਿਰ ਕਾਂਗਰਸ ਵਿੱਚ ਵਾਪਸ ਆ ਚੁੱਕਾ ਸੀ ਤੇ ਉਸ ਦੀ ਪਾਰਟੀ ਵਿੱਚ ਚੋਖੀ ਇੱਜ਼ਤ ਸੀ। ਉਹ ਸ਼ਰਦ ਪਵਾਰ ਅਤੇ ਹੋਰਨਾਂ ਨਾਲ ਓਦੋਂ ਪਾਰਟੀ ਛੱਡ ਕੇ ਨਹੀਂ ਸੀ ਗਿਆ, ਜਦੋਂ ਸੋਨੀਆ ਗਾਂਧੀ ਨੂੰ ਵਿਦੇਸ਼ਣ ਕਹਿ ਕੇ ਉਸ ਨੂੰ ਪਾਰਟੀ ਆਗੂ ਬਣਾਉਣ ਦਾ ਵਿਰੋਧ ਹੋਇਆ ਸੀ। ਪਾਰਟੀ ਨਾਲ ਰਹਿ ਕੇ ਉਹ ਵਫਾਦਾਰੀ ਸਾਬਤ ਕਰ ਚੁੱਕਾ ਸੀ। ਸੋਨੀਆ ਗਾਂਧੀ ਨੇ ਉਸ ਨੂੰ ਪ੍ਰਧਾਨ ਮੰਤਰੀ ਬਣਾਉਣ ਦੀ ਥਾਂ ਡਾਕਟਰ ਮਨਮੋਹਨ ਸਿੰਘ ਵਰਗੇ ਗੈਰ ਸਿਆਸੀ ਬੰਦੇ ਨੂੰ ਅੱਗੇ ਇਸ ਲਈ ਕੀਤਾ ਸੀ ਕਿ ਪ੍ਰਣਬ ਮੁਕਰਜੀ ਦੇ ਅੱਗੇ ਆਉਣ ਦੇ ਬਾਅਦ ਨਹਿਰੂ-ਗਾਂਧੀ ਪਰਵਾਰ ਦੇ



ਜਵਾਕ ਰਾਹੁਲ ਗਾਂਧੀ ਲਈ ਫਿਰ ਕੋਈ ਚਾਂਸ ਬਾਕੀ ਨਾ ਰਹਿਣ ਦਾ ਡਰ ਸੀ। ਮਨਮੋਹਨ ਸਿੰਘ ਨੂੰ ਉਹ ਮਾਂ-ਪੁੱਤਰ ਕੀ ਸਮਝਦੇ ਸਨ, ਇਹ ਗੱਲ ਓਦੋਂ ਪਤਾ ਲੱਗੀ ਸੀ, ਜਦੋਂ ਇੱਕ ਵਾਰ ਦਿੱਲੀ ਦੇ ਇੱਕ ਸਟੇਡੀਅਮ ਵਿੱਚ ਹਜ਼ਾਰਾਂ ਲੋਕਾਂ ਸਾਹਮਣੇ ਤਕਰੀਰ ਕਰਦੇ ਹੋਏ ਰਾਹੁਲ ਗਾਂਧੀ ਨੇ ਇਹ ਆਖਿਆ ਸੀ ਕਿ ਕਈ ਲੋਕ ਪੁੱਛਦੇ ਹਨ ਕਿ ਤੁਸੀਂ ਪ੍ਰਧਾਨ ਮੰਤਰੀ ਕਦੋਂ ਬਣੋਗੇ, ਪਰ ਮੈਂ ਕਹਿੰਦਾ ਹਾਂ ਕਿ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਕੀ ਹੈ, ਇਹ ਤਾਂ ਮੈਂ ਅੱਜ ਸ਼ਾਮ ਨੂੰ ਬਣ ਸਕਦਾ ਹਾਂ। ਇਹ ਗੱਲ ਕਹਿਣਾ ਦਾ ਦੂਸਰਾ ਭਾਵ ਇਹ ਸੀ ਕਿ ਮਨਮੋਹਨ ਸਿੰਘ ਦਾ ਕੀ ਹੈ, ਉਸ ਨੂੰ ਤਾਂ ਮੈਂ ਅੱਜ ਸ਼ਾਮ ਨੂੰ ਉਠਾ ਕੇ ਉਹਦੇ ਵਾਲੀ ਥਾਂ ਕੁਰਸੀ ਉੱਤੇ ਬਹਿ ਸਕਦਾ ਹਾਂ ਤੇ ਇਸ ਤਕਰੀਰ ਨੇ ਮਨਮੋਹਨ ਸਿੰਘ ਇਕੱਲੇ ਦੇ ਅਕਸ ਦਾ ਨਹੀਂ, ਕਾਂਗਰਸ ਪਾਰਟੀ ਦਾ ਵੀ ਨੁਕਸਾਨ ਕੀਤਾ ਸੀ। ਇਸ ਦੇ ਬਾਵਜੂਦ ਪਾਰਟੀ ਵਿੱਚ ਕਿਸੇ ਦੀ ਇਹ ਮੰਨਣ ਦੀ ਹਿੰਮਤ ਨਹੀਂ ਸੀ ਪਈ ਕਿ ਮੁੰਡਾ ਠੀਕ ਨਹੀਂ ਕਰ ਰਿਹਾ।

ਰਹਿੰਦੀ ਕਸਰ ਕਾਂਗਰਸ ਨਾਲ ਜੁੜੇ ਜਾਂ ਇਸ ਤੋਂ ਵੱਖਰਾ ਪਿੰਡ ਬੰਨ੍ਹਦੇ ਫਿਰਦੇ ਵਿਰੋਧੀ ਪਾਰਟੀਆਂ ਦੇ ਲੀਡਰਾਂ ਦੀ ਹਉਮੈ ਨੇ ਕੱਢ ਦਿੱਤੀ। ਆਖਰੀ ਗੇੜ ਦੀਆਂ ਵੋਟਾਂ ਪੈਣ ਅਤੇ ਐਗਜ਼ਿਟ ਪੋਲ ਵਿੱਚ ਕੁਝ ਹੱਦ ਤੱਕ ਨਤੀਜੇ ਦੀ ਝਲਕ ਮਿਲ ਚੁੱਕਣ ਪਿੱਛੋਂ ਵੀ ਉਨ੍ਹਾਂ ਦੀ ਹਉਮੈ ਨਹੀਂ ਘਟੀ। ਵਿਰੋਧੀ ਧਿਰਾਂ ਦੀ ਇੱਕ ਮੀਟਿੰਗ ਸੱਦਣੀ ਸੀ ਤਾਂ ਬੀਬੀ ਮਾਇਆਵਤੀ ਨੇ ਇਹ ਗੱਲ ਕਹਿ ਦਿੱਤੀ ਕਿ ਓਥੇ ਤਦੇ ਆਵਾਂਗੀ, ਜੇ ਮੈਨੂੰ ਪ੍ਰਧਾਨ ਮੰਤਰੀ ਲਈ ਉਮੀਦਵਾਰ ਮੰਨੇ ਜਾਣ ਦਾ ਇਰਾਦਾ ਬਾਕੀ ਲੀਡਰ ਬਣਾ ਸਕਦੇ ਹੋਣਗੇ। ਤੇਲਗੂ ਦੇਸਮ ਵਾਲਾ ਚੰਦਰ ਬਾਬੂ ਨਾਇਡੂ ਕਿਸੇ ਵਕਤ ਪ੍ਰਧਾਨ ਮੰਤਰੀ ਵਾਲੇ ਅਹੁਦੇ ਲਈ ਪੇਸ਼ਕਸ਼ ਹੋਈ ਤੋਂ ਇਹ ਕਹਿ ਕੇ ਛੱਡ ਆਇਆ ਸੀ ਕਿ ਉਹ ਦਿੱਲੀ ਆ ਕੇ ਆਂਧਰਾ ਵਿੱਚ ਆਪਣਾ ਆਧਾਰ ਕਿਸੇ ਤਰ੍ਹਾਂ ਦੇ ਖਤਰੇ ਵਿੱਚ ਨਹੀਂ ਪਾ ਸਕਦਾ, ਪਰ ਇਸ ਵਾਰੀ ਉਸ ਰਾਜ ਵਿੱਚ ਪਾਰਲੀਮੈਂਟ ਦੇ ਨਾਲ ਵਿਧਾਨ ਸਭਾ ਚੋਣਾਂ ਹੁੰਦੀਆਂ ਹੋਣ ਦੇ ਬਾਵਜੂਦ ਆਪਣੇ ਰਾਜ ਵਿੱਚ ਕੁਝ ਕੰਮ ਕਰਨ ਦੀ ਥਾਂ ਸਾਰੇ ਦੇਸ਼ ਦੇ ਗੇੜੇ ਲਾਉਂਦਾ ਰਿਹਾ। ਉਸ ਦੇ ਮਨ ਵਿੱਚ ਇਹ ਗੱਲ ਭਾਰੂ ਹੋਈ ਪਈ ਸੀ ਕਿ ਆਂਧਰਾ ਮੇਰੇ ਕੋਲ ਰਹਿਣਾ ਨਹੀਂ ਤੇ ਇਸ ਮੌਕੇ ਭਾਰਤ ਦੀ ਸਭ ਤੋਂ ਵੱਡੀ ਕੁਰਸੀ ਦਾ ਦਾਅ ਖੇਡ ਲਿਆ ਜਾਵੇ ਤਾਂ ਸ਼ਾਇਦ ਓਥੇ ਹੀ ਗੱਲ ਬਣ ਜਾਂਦੀ ਹੋਵੇ। ਇਹ ਦੌੜ ਕਈਆਂ ਨੂੰ ਲੈ ਬੈਠੀ ਹੈ। ਉੜੀਸਾ ਵਿੱਚ ਜਿਹੜਾ ਨਵੀਨ ਪਟਨਾਇਕ ਪੰਜਵੀਂ ਵਾਰੀ ਆਪਣੇ ਲੋਕਾਂ ਦਾ ਚਹੇਤਾ ਬਣ ਕੇ ਉੱਭਰਿਆ ਤੇ ਸਰਕਾਰ ਬਣਾਉਣ ਲਈ ਤਿਆਰ ਹੈ, ਉਸ ਨੂੰ ਚੰਦਰ ਬਾਬੂ ਨਾਇਡੂ ਦੇ ਕਾਂਗਰਸ ਤੇ ਭਾਜਪਾ ਦੋਵਾਂ ਤੋਂ ਬਰਾਬਰ ਫਾਸਲੇ ਉੱਤੇ ਚੱਲਣ ਤੇ ਬਿਹਾਰ ਵਾਲੇ ਨਿਤੀਸ਼ ਕੁਮਾਰ ਦੇ ਮੁੜ-ਮੁੜ ਸਿਆਸੀ ਚੋਲੇ ਬਦਲਣ ਦੇ ਸ਼ੁਗਲ ਤੋਂ ਕੁਝ ਸਬਕ ਸਿੱਖਣਾ ਪੈਣਾ ਹੈ।



ਇਹੀ ਗੱਲ ਕੁਝ ਲੋਕ ਮਮਤਾ ਬੈਨਰਜੀ ਨੂੰ ਕਹਿਣਾ ਚਾਹੁੰਦੇ ਹਨ, ਪਰ ਉਹ ਖੁਦ ਏਨੀ ਸਿਆਣੀ ਬਣਦੀ ਹੈ ਕਿ ਸਮਝਾਉਣ ਦੀ ਲੋੜ ਨਹੀਂ।

ਇੱਕ ਹੋਰ ਧਿਰ ਖੱਬੇ ਪੱਖੀਆਂ ਦੀ ਹੈ, ਜਿਨ੍ਹਾਂ ਨੂੰ ਬਹੁਤ ਵੱਡੀ ਸੱਟ ਪੈਣ ਪਿੱਛੋਂ ਵੀ ਕੁਝ ਚਿਰ ਬਾਅਦ ਗੱਲ ਕਰਨੀ ਪੈਣੀ ਹੈ, ਪਰ ਹਾਲ ਦੀ ਘੜੀ ਇਹ ਕਹਿਣ ਵਿੱਚ ਹਰਜ ਨਹੀਂ ਕਿ ਪਹਿਲੀ ਪਾਰਲੀਮੈਂਟ ਵਿੱਚ ਭਾਰਤ ਦੀ ਰਾਜਨੀਤੀ ਦਾ ਮੁਹਾਂਦਰਾ ਬਦਲਣ ਦੇ ਸੰਕੇਤ ਦੇਣ ਵਾਲੀ ਇਹ ਧਿਰ ਅੱਜ ਆਪਣੀ ਹੋਂਦ ਕਾਇਮ ਰੱਖਣ ਦੀ ਲੜਾਈ ਲੜ ਰਹੀ ਹੈ। ਇਸ ਦੇ ਏਨਾ ਪਛੜਦੇ ਜਾਣ ਦਾ ਓਨਾ ਨੁਕਸਾਨ ਕਮਿਊਨਿਸਟਾਂ ਨੂੰ ਨਹੀਂ, ਜਿੰਨਾ ਦੇਸ਼ ਨੂੰ ਹੋਵੇਗਾ, ਪਰ ਇਸ ਵਿੱਚ ਕਿਸੇ ਹੋਰ ਦਾ ਕੋਈ ਕਸੂਰ ਨਹੀਂ ਕੱਢਿਆ ਜਾ ਸਕਦਾ। ਉਨ੍ਹਾਂ ਨੂੰ ਇਸ ਹਾਲਤ ਬਾਰੇ ਖੁਦ ਸੋਚਣ ਤੇ ਲੋਕਾਂ ਅੱਗੇ ਹਕੀਕਤ ਨੂੰ ਪ੍ਰਵਾਨ ਕਰਨ ਦੀ ਲੋੜ ਪੈ ਸਕਦੀ ਹੈ।

ਬਾਕੀ ਗੱਲਾਂ ਦਾ ਨਿਬੇੜਾ ਮੋਦੀ ਰਾਜ ਦੇ ਅਗਲੇ ਪੰਜ ਸਾਲ ਆਪੇ ਕਰ ਦੇਣਗੇ। ਕੁੰਭ ਮੇਲਾ ਬਾਰਾਂ ਸਾਲਾਂ ਪਿੱਛੋਂ ਅਤੇ ਅਰਧ ਕੁੰਭ ਛੇ ਸਾਲਾਂ ਬਾਅਦ ਆਉਂਦਾ ਹੈ। ਭਾਰਤੀ ਲੋਕਤੰਤਰ ਦਾ ਪਾਰਲੀਮੈਂਟ ਵਾਲਾ ਕੁੰਭ ਪੰਜ ਸਾਲਾਂ ਬਾਅਦ ਤੇ ਵਿਧਾਨ ਸਭਾਵਾਂ ਵਾਲਾ ਮੱਧ-ਕੁੰਭ ਥੋੜ੍ਹੇ-ਥੋੜ੍ਹੇ ਚਿਰ ਦੇ ਬਾਅਦ ਕਿਸੇ ਨਾ ਕਿਸੇ ਰਾਜ ਚੱਲਦਾ ਰਹਿੰਦਾ ਹੈ। ਸਾਰੀ ਲੜਾਈ ਖਤਮ ਨਹੀਂ ਹੋ ਗਈ, ਪੈਰ-ਪੈਰ ਉੱਤੇ ਹੁੰਦੀ ਰਹਿਣੀ ਹੈ। ਇਹ ਮਿੱਥ ਕੇ ਚੱਲਣਾ ਪੈਣਾ ਹੈ ਕਿ ਰਾਜਨੀਤੀ ਨਿਤਾਣੀ ਨਹੀਂ ਹੋ ਗਈ, ਇਹ ਅਗਲੇ ਚੋਣ ਦੰਗਲਾਂ ਦੀ ਤਿਆਰੀ ਵਿੱਚ ਖੜੇ ਪੈਰ ਜੁੱਟ ਸਕਦੀ ਹੈ।

# ਈਰਾਨ ਨਾਲ ਜੰਗ ਵਿੱਚ ਸਹਿਜ ਮਹਿਸੂਸ ਨਹੀਂ ਕਰਦਾ ਅਮਰੀਕਾ

-ਸਈਦ ਨਕਵੀ

ਸ਼ਾਇਦ ਤੁਸੀਂ ਇਸ ਗੱਲ ਉੱਤੇ ਧਿਆਨ ਨਾ ਦਿੱਤਾ ਹੋਵੇ, ਪਰ ਅਮਰੀਕਾ ਅਤੇ ਈਰਾਨ ਵਿਚਾਲੇ ਜੰਗ ਕੁਝ ਦਿਨ ਪਹਿਲਾਂ ਸ਼ੁਰੂ ਹੋ ਚੁੱਕੀ ਹੈ, ਜਿਸ ਵਿੱਚ ਦੁਨੀਆ ਦਾ ਸਭ ਤੋਂ ਤਾਕਤਵਰ ਦੇਸ਼ ਸੌਖਾ ਮਹਿਸੂਸ ਨਹੀਂ ਕਰ ਰਿਹਾ। ਇਹ ਇੱਕ ਅਜਿਹੀ ਜੰਗ ਹੈ, ਜਿਸ ਬਾਰੇ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਉਤਸ਼ਾਹਤ ਨਹੀਂ ਹਨ। ਇਸ ਜੰਗ 'ਚ ਚਾਰ ਬੰਦਿਆਂ ਦੀ ਦਿਲਚਸਪੀ ਦੱਸੀ ਜਾਂਦੀ ਹੈ, ਜਿਨ੍ਹਾਂ 'ਚ ਈਰਾਨ ਦੇ ਵਿਦੇਸ਼ ਮੰਤਰੀ ਜਵਾਦ ਜ਼ਰੀਫ ਦੇ ਅਨੁਸਾਰ ਟਰੰਪ ਦੀ 'ਬੀ' ਟੀਮ ਬੀਬੀ ਨੇਤਨਯਾਹੂ, ਜੌਨ ਬੋਲਟਨ, ਬਿਨ ਸਲਮਾਨ ਅਤੇ ਬਿਨ ਜ਼ਾਇਦ ਸ਼ਾਮਲ ਹਨ।

ਈਰਾਨ ਦੀ ਰੈਵੋਲਿਊਸ਼ਨ ਗਾਰਡ ਦੇ ਮੁਖੀ ਨੇ ਈਰਾਨ ਦੀ ਮਜਲਿਸ ਵਿੱਚ ਕਿਹਾ ਹੈ ਕਿ 'ਯਕੀਨਨ ਹੀ ਹੋਰਮੁਜ਼ ਜਲਡਮਰੂ ਮੱਧ ਤੋਂ ਸਾਰੇ ਦੇਸ਼ਾਂ ਦੇ ਤੇਲ ਦੇ ਟੈਂਕਰ ਲੰਘਣਗੇ, ਪਰ ਜੇ ਈਰਾਨ ਦੇ ਟੈਂਕਰ ਇਸ ਰਸਤਿਓਂ ਨਹੀਂ ਜਾਣਗੇ ਤਾਂ ਕਿਸੇ ਵੀ ਦੇਸ਼ ਦੇ ਨਹੀਂ ਜਾਣਗੇ।' ਯਕੀਨੀ ਤੌਰ 'ਤੇ ਉਹ ਅਜੋਕੇ ਸਮਰਾਟ ਅਮਰੀਕਾ ਨੂੰ ਚੁਣੌਤੀ ਦੇ ਰਹੇ ਹਨ। ਅੱਗੋਂ ਕੋਈ ਜਵਾਬ ਨਹੀਂ ਆਇਆ। ਅਰਬ ਦੇ ਦੋ 'ਬੀ' ਖਾਮੋਸ਼ ਹਨ। ਅਮਰੀਕਾ ਨੂੰ ਡਰ ਹੈ ਕਿ ਈਰਾਨ ਨਾਲ ਜੰਗ ਕਰਨ 'ਤੇ ਉਸ ਦੇ ਆਰਥਿਕ ਹਿੱਤਾਂ ਉਤੇ ਬੁਰਾ ਅਸਰ ਪਵੇਗਾ? ਜੇ ਈਰਾਨ ਦੀ ਧਮਕੀ ਨਾ ਹੋਵੇ ਤਾਂ ਖੇਤਰ ਵਿੱਚ ਅਮਰੀਕਾ ਦੇ ਹਥਿਆਰ ਕੌਣ ਖਰੀਦੇਗਾ? ਜੇ ਜੰਗ ਦੀ ਅੱਗ ਭੜਕਦੀ ਹੈ ਤਾਂ ਦੁਨੀਆ 'ਚ ਸਪੱਸ਼ਟ ਸੰਕੇਤ ਜਾਵੇਗਾ ਕਿ ਇਸਰਾਈਲ ਅਤੇ ਸਿਰਫ ਇਸਰਾਈਲ ਨੇ ਅਮਰੀਕਾ ਨੂੰ ਜੰਗ 'ਚ ਧੱਕਿਆ ਹੈ। ਕਈ ਫੌਜੀ ਮਾਹਰ ਮੰਨਦੇ ਹਨ ਕਿ ਇਸ ਸਮੇਂ ਈਰਾਨ ਵੀ ਸਜ਼ਾ ਦੇਣ ਦੇ ਮੂਡ ਵਿੱਚ ਹੋ ਸਕਦਾ ਹੈ। ਸੰਭਵ ਹੈ ਕਿ ਉਹ ਉਨ੍ਹਾਂ ਜ਼ਖਮਾਂ ਦਾ ਬਦਲਾ ਲੈਣਾ ਚਾਹੁੰਦਾ ਹੈ, ਜੋ ਰਮਜ਼ਾਨ ਦੇ ਪਹਿਲੇ ਦਿਨ ਹਮਾਸ ਦੇ ਮਿਜ਼ਾਈਲ ਹਮਲੇ 'ਚ ਉਸ ਨੂੰ ਮਿਲੇ। ਬੇਸ਼ੱਕ ਇਸਰਾਈਲ ਨੇ ਪੂਰੀ ਮਜ਼ਬੂਤੀ ਨਾਲ ਇਨ੍ਹਾਂ ਹਮਲਿਆਂ ਦਾ ਜਵਾਬ ਦਿੱਤਾ, ਪਰ ਇਸ ਨਾਲ ਗਾਜ਼ਾ ਨੂੰ ਕੋਈ ਖਾਸ ਨੁਕਸਾਨ ਨਹੀਂ ਹੋਇਆ। ਲੱਗਦਾ ਹੈ ਕਿ ਗਾਜ਼ਾ ਵਾਸੀਆਂ ਨੇ ਹਿਜ਼ਬੁੱਲਾ ਤੇ ਈਰਾਨ ਦੀ ਸਹਾਇਤਾ ਨਾਲ ਕੁਝ ਅਜਿਹੇ ਯੰਤਰ ਵਿਕਸਿਤ ਕਰ ਲਏ ਹਨ, ਜਿਨ੍ਹਾਂ ਨੂੰ ਅਜੇਤੂ ਮਿਜ਼ਾਈਲ ਰੱਖਿਆ ਪ੍ਰਣਾਲੀ ਕਿਹਾ ਜਾ ਸਕਦਾ ਹੈ। ਆਇਰਨ ਡੋਮ ਨਾਂਅ ਦੀ ਇਹ ਪ੍ਰਣਾਲੀ ਰਾਫੇਲ ਐਡਵਾਂਸਡ ਡਿਫੈਂਸ ਸਿਸਟਮਜ਼ ਅਤੇ ਇਸਰਾਈਲ ਏਅਰੋਸਪੇਸ ਇੰਡਸਟਰੀਜ਼ ਦੀ ਸਹਾਇਤਾ ਨਾਲ ਬਣਾਈ ਗਈ ਹੈ।

ਆਇਰਨ ਡੋਮ ਦੀ ਪ੍ਰਣਾਲੀ ਇੱਕ ਮੁਕਾਬਲੇ ਦੇ ਫੈਕਟਰ ਵਜੋਂ ਕੰਮ ਕਰ ਸਕਦੀ ਹੈ, ਜਿਸ ਨਾਲ ਯੋਧੇ ਪਿੱਛੇ ਹਟ ਜਾਣ। ਅਰਬਾਂ ਦੀ 'ਬੀ' ਟੀਮ ਪਿੱਛੇ ਹਟੀ ਹੋਈ ਹੈ। ਆਖਿਰ ਫੁਜ਼ੈਰਾਹ ਦੇ ਤੱਟ ਉੱਤੇ ਸਾਊਦੀ ਅਰਬ ਦੇ ਦੋ ਟੈਂਕਰਾਂ 'ਤੇ ਹਮਲਾ ਕੀਤਾ ਗਿਆ, ਇਸ ਦੇ ਬਾਵਜੂਦ ਉਹ ਚੁੱਪ ਰਹੇ ਹਨ। ਇਸ ਦੌਰਾਨ ਅਮਰੀਕੀ ਗ੍ਰਹਿ ਸਕੱਤਰ ਮਾਈਕ ਪੋਂਪੀਓ ਇਸ ਆਸ ਨਾਲ ਬ੍ਰਸੇਲਜ਼ ਗਏ ਕਿ ਉਥੇ ਯੂਰਪੀਅਨ ਨੇਤਾਵਾਂ ਵੱਲੋਂ ਤਹਿਰਾਨ ਵਿਰੁੱਧ ਕਾਰਵਾਈ ਲਈ ਉਨ੍ਹਾਂ ਦਾ ਸਵਾਗਤ ਕੀਤਾ ਜਾਵੇਗਾ। ਉਹ ਸ਼ਾਇਦ ਭੁੱਲ ਗਏ ਸਨ ਕਿ ਪਿਛਲੇ ਹਫਤੇ ਬਰਲਿਨ ਵਿੱਚ ਇੱਕ ਮੀਟਿੰਗ ਦੌਰਾਨ ਉਨ੍ਹਾਂ ਨੇ ਏਂਜੇਲਾ ਮਾਰਕੇਲ ਨੂੰ ਉਡੀਕ ਕਰਵਾਈ ਸੀ। ਜਰਮਨ ਲੋਕ ਉਡੀਕ ਕਰਵਾਉਣਾ ਪਸੰਦ ਨਹੀਂ ਕਰਦੇ। ਇਸ ਦੀ ਭਿਣਕ ਬ੍ਰਸੇਲਜ਼ ਵੀ ਪਹੁੰਚ ਗਈ ਹੋਵੇਗੀ, ਪਰ ਪੋਂਪੀਓ ਦਾ ਨਿੱਘਾ ਸਵਾਗਤ ਨਾ ਹੋਣ ਦੀ ਇਹੋ ਇੱਕੋ-ਇੱਕ ਵਜ੍ਹਾ ਨਹੀਂ ਸੀ। ਬਹੁਤੇ ਦੇਸ਼ ਈਰਾਨ ਉਤੇ ਅਮਰੀਕਾ ਵੱਲੋਂ ਸ਼ਿਕੰਜਾ ਕੱਸਣ ਦੇ ਵਿਰੁੱਧ ਸਨ। ਇਸ ਬਾਰੇ ਚਿੰਤਾ ਸੀ ਕਿ ਜੇ ਯੂਰਪੀ ਦੇਸ਼ਾਂ ਨੇ ਈਰਾਨ ਦਾ ਸਾਥ ਨਾ ਦਿੱਤਾ ਤਾਂ ਈਰਾਨ ਦੇ ਰਾਸ਼ਟਰਪਤੀ ਹਸਨ ਰੂਹਾਨੀ ਸਮਝੌਤੇ ਨੂੰ ਖਤਮ ਕਰਨਾ ਸ਼ੁਰੂ ਕਰ ਦੇਣਗੇ।

ਅਮਰੀਕਾ ਨੂੰ ਇਹ ਗੱਲ ਸਭ ਤੋਂ ਜ਼ਿਆਦਾ ਚੁੱਭੀ ਹੈ ਕਿ ਉਸ ਦਾ ਕੋਈ ਸਾਥੀ ਦੇਸ਼ ਉਸ ਨੂੰ ਝਾੜ ਪਾਵੇ। ਇੰਗਲੈਂਡ ਦੇ ਵਿਦੇਸ਼ ਸਕੱਤਰ ਜੇਰੇਮੀ ਹੰਟ ਨੇ ਬ੍ਰਸੇਲਜ਼ ਵਿੱਚ ਇਹ ਗੱਲ ਕਹੀ, 'ਅਸੀਂ ਦੁਰਘਟਨਾ ਵੱਸ ਸ਼ੁਰੂ ਹੋ ਰਹੀ ਲੜਾਈ ਦੇ ਖਤਰੇ ਤੋਂ ਚਿੰਤਤ ਹਾਂ।' ਪਹਿਲੀ ਸੰਸਾਰ ਜੰਗ ਵੀ ਸਰਬੀਆਈ ਅੱਤਵਾਦੀ ਵੱਲੋਂ ਆਰਕਡਿਊਕ ਫਰਡੀਨੈਂਡ ਨੂੰ ਸਾਰ-ਾਜੇਵੋ ਵਿਚ ਮਾਰੇ ਜਾਣ ਦੀ ਦੁਰਘਟਨਾ ਤੋਂ ਸ਼ੁਰੂ ਹੋਈ ਸੀ। ਈਰਾਨੀ ਰੈਵੋਲਿਊਸ਼ਨਰੀ ਗਾਰਡਾਂ ਦੀਆਂ ਕਿਸ਼ਤੀਆਂ 'ਤੇ ਅਮਰੀਕੀ ਖੁਫੀਆ ਏਜੰਸੀ ਵੱਲੋਂ ਮਿਜ਼ਾਈਲਾਂ ਦੇਖੇ ਜਾਣ ਤੋਂ ਬਾਅਦ ਕੁਝ ਗੱਲਾਂ ਸਾਹਮਣੇ ਆਉਣੀਆਂ ਸ਼ੁਰੂ ਹੋਈਆਂ।

ਇਸ ਸਮੇਂ ਈਰਾਨੀਆਂ ਨੂੰ ਸਮਝਣ ਵਿੱਚ ਦੋ ਤਰ੍ਹਾਂ ਦੀ ਮੁਸ਼ਕਲ ਹੈ: ਕੀ ਇਹ ਈਰਾਨ ਵੱਲੋਂ ਭੜਕਾਊ ਸਥਿਤੀ ਪੈਦਾ ਕਰਨ ਕਰ ਕੇ ਹੈ ਜਾਂ ਉਸ ਵੱਲੋਂ ਡਿਫੈਂਸ ਦੀ ਪਹਿਲ ਹੈ? ਇਸ ਤੋਂ ਵੀ ਜ਼ਿਆਦਾ ਚਿੰਤਾਜਨਕ ਹੈ ਖੁਫੀਆ ਏਜੰਸੀਆਂ ਦੀ ਭਰੋਸੇਯੋਗਤਾ। ਕਿਸੇ ਸਮੇਂ ਖੁਫੀਆ ਸੂਚਨਾਵਾਂ ਬਾਰੇ ਸੀ ਆਈ ਦੀ ਕਾਫੀ ਸਾਖ ਹੁੰਦੀ ਸੀ, ਪਰ ਅੱਜ ਅਜਿਹਾ ਨਹੀਂ ਹੈ। ਬਹੁਤ ਸਾਰੇ ਮੌਕਿਆਂ ਉੱਤੇ ਸੀ ਆਈ ਏ ਨੇ ਪ੍ਰਸ਼ਾਸਨ ਨੂੰ ਗੁੰਮਰਾਹ ਕੀਤਾ ਹੈ। ਕੋਰੀਆਈ ਜੰਗ ਦੌਰਾਨ ਅਮਰੀਕੀ ਖੁਫੀਆ ਏਜੰਸੀ ਨੇ ਦਾਅਵੇ ਨਾਲ ਆਖਿਆ ਕਿ ਚੀਨ ਯਾਲੂ ਨਦੀ ਨੂੰ ਪਾਰ ਨਹੀਂ ਕਰੇਗਾ, ਪਰ ਚੀਨ ਨੇ ਅਜਿਹਾ ਕੀਤਾ ਸੀ। ਖੁਫੀਆ ਏਜੰਸੀ ਨੇ ਇਹ ਵੀ ਦਾਅਵਾ ਕੀਤਾ ਸੀ ਕਿ ਸੋਵੀਅਤ ਰੂਸ ਤੇ ਚੀਨ ਵੀਅਤਨਾਮ ਦੀ ਸਹਾਇਤਾ ਨਹੀਂ ਕਰਨਗੇ, ਪਰ ਉਨ੍ਹਾਂ ਨੇ ਸਹਾਇਤਾ ਕੀਤੀ। ਇਹ ਸੂਚੀ ਕਾਫੀ ਲੰਮੀ ਹੈ।

ਟਰੰਪ ਨੂੰ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਿੰਮੀ ਕਾਰਟਰ ਦੀ ਇਸ ਟਿੱਪਣੀ 'ਤੇ ਧਿਆਨ ਦੇਣਾ ਚਾਹੀਦਾ ਹੈ ਕਿ 'ਦੁਨੀਆ ਦੇ ਇਤਿਹਾਸ ਵਿੱਚ ਅਮਰੀਕਾ ਸਭ ਤੋਂ ਵੱਧ ਜੰਗ ਦਾ ਜਨੂੰਨੀ ਦੇਸ਼ ਹੈ। ਇਹ ਗੱਲ ਉਨ੍ਹਾਂ ਨੇ ਜਾਰਜੀਆ ਵਿਖੇ ਟਰੰਪ ਨਾਲ ਇੱਕ ਚਰਚਾ ਦੌਰਾਨ ਕਹੀ। ਰਾਸ਼ਟਰਪਤੀ ਟਰੰਪ ਨੇ ਕਾਰਟਰ ਨਾਲ ਗੱਲਬਾਤ ਦੌਰਾਨ ਚੀਨ ਦੀ ਵਧਦੀ ਅਰਥ ਵਿਵਸਥਾ 'ਤੇ ਚਿੰਤਾ ਪ੍ਰਗਟਾਈ ਅਤੇ ਕਿਹਾ ਕਿ "ਚੀਨ ਅਮਰੀਕਾ ਨਾਲੋਂ ਅੱਗੇ ਵਧ ਰਿਹਾ ਹੈ।" ਇਸ 'ਤੇ ਜਿੰਮੀ ਕਾਰਟਰ ਨੇ ਜਵਾਬ ਦਿੱਤਾ, "1979 ਤੋਂ ਬਾਅਦ ਚੀਨ ਨੇ ਕਿਸੇ ਨਾਲ ਜੰਗ ਨਹੀਂ ਕੀਤੀ, ਅਸੀਂ ਹਮੇਸ਼ਾ ਜੰਗ 'ਚ ਲੱਗੇ ਰਹੇ।"

ਭਾਰਤ ਨੂੰ ਵੀ ਜਿੰਮੀ ਕਾਰਟਰ ਦੇ ਸ਼ਬਦਾਂ ਉਤੇ ਵਿਚਾਰ ਕਰਨਾ ਚਾਹੀਦਾ ਹੈ। ਇੱਕ ਸਮਝਦਾਰ ਤਾਕਤ ਨੂੰ ਹੋਰਨਾਂ ਦੇਸ਼ਾਂ ਨਾਲ ਆਪਣੇ ਰਿਸ਼ਤਿਆਂ ਵਿੱਚ ਸੰਤੁਲਨ ਬਣਾਈ ਰੱਖਣਾ ਚਾਹੀਦਾ ਹੈ ਅਤੇ ਕਿਸੇ ਹੋਰ ਦੇਸ਼ ਨੂੰ ਈਰਾਨ ਨਾਲ ਆਪਣੇ ਰਿਸ਼ਤਿਆਂ ਵਿੱਚ ਦਖਲ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ, ਜਿਵੇਂ ਅਟਲ ਬਿਹਾਰੀ ਵਾਜਪਾਈ ਸਮੇਤ ਭਾਰਤ ਦੇ ਸਾਰੇ ਪ੍ਰਧਾਨ ਮੰਤਰੀ ਕਰਦੇ ਰਹੇ ਹਨ ਕਿਉਂਕਿ ਈਰਾਨ ਸਾਡਾ ਕੁਦਰਤੀ ਸਹਿਯੋਗੀ ਹੈ।

# ਸਮਾਜ ਅਤੇ ਅਖੌਤੀ ਸਾਧ: ਵਿਚਾਰਨ ਦਾ ਵੇਲਾ

-ਡਾ. ਸੁਖਦੇਵ ਸਿੰਘ-

ਜੋਧਪੁਰ ਜੇਲ੍ਹ 'ਚ ਬੰਦ ਅਖੌਤੀ ਬਾਬੇ ਆਸਾ ਰਾਮ ਦੇ ਲੜਕੇ ਨੂੰ ਪਿਉ ਵਾਂਗ ਬਲਾਤਕਾਰ ਦੇ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਹੋਣਾ, ਜਲੇਬੀ ਬਾਬਾ, ਦਾਤੀ ਮਹਾਰਾਜ, ਕੈਥੋਲਿਕ ਬਿਸ਼ਪ ਫਰੈਂਕੋ ਮੁਲੱਕਲ ਅਤੇ ਅਜਿਹੇ ਹੋਰ ਪਾਖੰਡੀਆਂ ਉੱਤੇ ਬਲਾਤਕਾਰ ਤੇ ਧੋਖਾਧੜੀ ਦੇ ਕੇਸ, ਪਾਦਰੀ ਕੋਲੋਂ 16 ਕਰੋੜ ਰੁਪਏ ਮਿਲਣਾ, ਸਾਧਾਂ ਵੱਲੋਂ ਆਸ਼ਰਮਾਂ ਜਾਂ ਆਸਥਾ ਦੇ ਨਾਮ 'ਤੇ ਵੱਡੇ ਮਾਤਰਾ ਵਿੱਚ ਦੌਲਤ ਇਕੱਠਾ ਕਰਨਾ, ਸਾਧਪੁਣੇ ਤੋਂ ਉਲਟ ਅੱਯਾਸ਼ੀ ਤੇ ਅਰਾਮ ਦਾਇਕ ਜੀਵਨ ਬਸਰ ਕਰਨਾ ਇਸ਼ਾਰਾ ਕਰਦੇ ਹਨ ਕਿ ਇਹ ਅਜੋਕੇ ਸਾਧਾਂ ਜਾਂ ਬਾਬਿਆਂ ਦਾ ਅਧਿਆਤਮਿਕਤਾ ਦਾ ਪ੍ਰਚਾਰ ਨਹੀਂ, ਸਗੋਂ ਆਮ ਲੋਕਾਂ ਵਾਂਗ ਹੀ ਪਦਾਰਥਕ ਤੇ ਕਾਮੁਕ ਭਾਵਨਾਵਾਂ ਦੀ ਪੂਰਤੀ ਅਤੇ ਨਿਰੋਲ ਛਲ ਕਪਟ ਹੀ ਹੈ।

ਆਸਟਰੇਲੀਆ ਵਿੱਚ ਭਾਰਤੀ ਅਧਿਆਤਮਿਕ ਯੋਗ ਗੁਰੂ ਆਨੰਦ ਗਿਰੀ ਨੂੰ ਦੋ ਮਹਿਲਾਵਾਂ ਨਾਲ ਛੇੜਛਾੜ ਦੇ ਕੇਸ ਅਧੀਨ ਗ੍ਰਿਫਤਾਰ ਕਰਨਾ ਇਸ ਦੀ ਤਾਜ਼ੀ ਮਿਸਾਲ ਹੈ। ਬਾਬਿਆਂ ਦੇ ਕੁਕਰਮ ਜਦੋਂ ਜੱਗ ਜ਼ਾਹਰ ਹੁੰਦੇ ਹਨ ਤਾਂ ਗੁਰਮੀਤ ਰਾਮ ਰਹੀਮ ਵਾਂਗ ਕੁਝ ਲੋਕ ਸੀਖਾਂ ਪਿੱਛੇ, ਕੁਝ ਗੁਪਤਵਾਸਾਂ ਵਿੱਚ, ਕੁਝ ਫਰਾਰ ਅਤੇ ਕੁਝ ਕੁ ਆਤਮ ਹੱਤਿਆ ਕਰ ਲੈਂਦੇ ਹਨ। ਪਿੱਛੇ ਜਿਹੇ ਪੜ੍ਹੇ-ਲਿਖੇ ਮਾਡਰਨ ਸਾਧ ਭੈਯੂਜੀ ਮਹਾਰਾਜ ਨੇ ਕੁਕਰਮ ਜੱਗ ਜ਼ਾਹਿਰ ਹੋਣ ਉੱਤੇ ਆਤਮ ਹੱਤਿਆ ਕਰ ਲਈ ਸੀ। ਪੰਜਾਬ ਸਮੇਤ ਸਾਰੇ ਦੇਸ਼ ਵਿੱਚ ਇਸ ਪਾਖੰਡ ਦਾ ਵਧ ਰਿਹਾ ਰੁਝਾਨ ਚਿੰਤਾ ਦਾ ਵਿਸ਼ਾ ਹੈ ਅਤੇ ਸੋਚਣ ਲਈ ਮਜਬੂਰ ਕਰਦਾ ਹੈ ਕਿ ਆਖਰ ਅਜਿਹਾ ਕਿਉਂ ਵਾਪਰ ਰਿਹਾ ਹੈ?

ਸਾਧੂ ਜਾਂ ਸਾਧ ਭਾਰਤੀ ਸੰਸਕ੍ਰਿਤੀ ਦਾ ਮਹੱਤਵ ਪੂਰਨ ਸ਼ਬਦ ਹੈ, ਜਿਸ ਦਾ ਮੋਟੇ ਤੌਰ ਉੱਤੇ ਅਰਥ ਹੈ ਸੱਜਣ ਇਨਸਾਨ। ਹਿੰਦੂ ਮਿਥਿਹਾਸ ਮੁਤਾ-ਬਕ ਸਾਧੂ ਦਾ ਮਤਲਬ ਉਹ ਇਨਸਾਨ ਹੈ ਜੋ ਨੇਮਾਂ ਨਾਲ ਸੋਧ ਕੇ ਦੂਜਿਆਂ ਦੇ ਦੁਨਿਆਵੀ ਕੰਮਾਂ ਜਾਂ ਅਭਿਲਾਸ਼ਾਵਾਂ ਨੂੰ ਪੂਰਾ ਕਰੇ। ਇਸ ਤੋਂ ਛੁੱਟ ਸਾਧ ਦੀਆਂ ਚਾਰ ਵਿਸ਼ੇਸ਼ਤਾਵਾਂ ਤਿਆਗ, ਸੰਜਮ, ਵੈਰਾਗ ਅਤੇ ਉਪਰਾਮਤਾ ਦੱਸੀਆਂ ਗਈਆਂ ਹਨ, ਭਾਵ ਅਜਿਹੀ ਆਤਮਾ ਜਿਸ ਦਾ ਕਿਸੇ ਵਾਸ਼ਨਾ ਵੱਲ ਧਿਆਨ ਨਾ ਜਾਵੇ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸਾਧ ਉਹ ਉਪਕਾਰੀ ਹੈ ਜੋ 'ਪਰਾਏ ਕਾਰਜ ਨੂੰ ਸਿੱਧ ਕਰੇ।' ਸੰਤ ਬਾਰੇ ਭਾਈ ਸਾਹਿਬ ਲਿਖਦੇ ਹਨ, ਉਹ ਪੁਰਸ਼ ਜਿਸ ਨੇ ਮਨ ਇੰਦਰੀਆਂ ਨੂੰ ਟਿਕ-ਾਇਆ ਹੈ।

ਰਵਾਇਤੀ ਸਮਾਜ ਵਿੱਚ ਸਾਧ ਦੀ ਬਹੁਤ ਮਹਾਨਤਾ ਦੱਸੀ ਗਈ ਹੈ। ਇਤਿਹਾਸਕ, ਮਿਥਿਹਾਸਕ, ਧਾਰਮਿਕ ਗ੍ਰੰਥਾਂ ਅਤੇ ਆਮ ਸਾਹਿਤ ਵਿੱਚ ਸਾਧ ਦੀ ਉਪਮਾ ਹੈ। ਭਾਰਤੀ ਸਮਾਜ ਵਿੱਚ ਧਰਮ ਦਾ ਵਧੇਰੇ ਬੋਲਬਾਲਾ ਹੋਣ ਕਰਕੇ ਸਾਧੂ ਨੂੰ ਵਿਸ਼ੇਸ਼ ਦਰਜਾ ਦਿੱਤਾ ਜਾਂਦਾ ਸੀ ਅਤੇ ਸਾਧ ਦੀ ਸੰਗਤ ਨੂੰ ਜੀਵਨ ਦਾ ਪਾਰ ਉਤਾਰਾ ਕਰਨ ਤੱਕ ਦੀ ਸੋਭਾ ਦਿੱਤੀ ਗਈ ਹੈ। ਗੁਰਬਾਣੀ ਦਾ ਕਥਨ ਹੈ: 'ਉਤਮ ਸਲੋਕ ਸਾਧ ਕੇ ਬਚਨ॥' ਅਤੇ 'ਸਾਧੂ ਸੰਗਿ ਉਧਾਰੁ ਭਏ ਨਿਕਾਣਿਆ॥' ਪੁਰਾਣੇ ਵੇਲਿਆਂ ਵਿੱਚ ਹੋਰਾਂ ਪੱਖਾਂ ਤੋਂ ਇਲਾਵਾ ਸਭ ਤੋਂ ਅਜਿਹਾ ਪੱਖ ਸੀ, ਅਲੱਗ-ਅਲੱਗ ਧਰਮ ਹੋਣ ਦੇ ਬਾਵਜੂਦ ਵਧੇਰੇ ਸਾਧ ਸੰਤਾਂ ਕੋਲ ਸਹਿਣਸ਼ੀਲਤਾ ਤੇ ਸੰਜਮ ਸੀ ਤੇ ਉਹ ਆਮ ਲੋਕਾਂ ਤੇ ਸਮਾਜ ਵਿੱਚ ਇਹ ਪੱਖ ਪ੍ਰਚਾਰਦੇ ਵੀ ਸਨ। ਲੋਕਾਂ ਦੇ ਘਰੇਲੂ ਕਲੇਸ਼ ਤੇ ਮਾਨਸਿਕ ਤਣਾਅ ਨੂੰ ਆਪਣੇ ਪ੍ਰਵਚਨਾਂ ਰਾਹੀਂ ਨਿਵਾਰਨ ਕਰਦੇ। ਕਈ ਸਾਧ ਤਾਂ ਜੜੀ ਬੂਟੀਆਂ ਰਾਹੀਂ ਦਵਾ ਦਾਰੂ ਵੀ ਕਰਦੇ, ਪਰ ਲਾਲਚ ਤੋਂ ਦੂਰ ਰਹਿੰਦੇ। ਜਤ ਸਤ ਦੇ ਪ੍ਰੱਪਕ, ਅਲਪ ਅਹਾਰੀ, ਕੁਦਰਤੀ ਵਾਤਾਵਰਨ ਮੁਤਾਬਕ ਆਪਣੇ ਜੀਵਨ ਨੂੰ ਰੱਬੀ ਸ਼ਕਤੀ ਦੇ ਨੇੜੇ ਰੱਖਦੇ। ਇਸੇ ਕਰਕੇ ਹੀ ਸਾਧਾਂ ਸੰਤਾਂ ਨੂੰ ਲੋਕ ਸ਼ਰਧਾ ਭਾਵਨਾ ਨਾਲ ਦੇਖਦੇ।

ਅਜੋਕੇ ਯੁੱਗ 'ਚ ਬਹੁਤਾ ਕੁਝ ਉਲਟ ਹੋ ਰਿਹਾ ਹੈ। ਦੇਸ਼ ਵਿੱਚ ਸਾਧ ਵੀ ਵਧੇਰੇ ਕਰਕੇ ਪਰ-ਹਿਤ ਦੀ ਬਜਾਏ ਨਿੱਜ ਹਿਤ ਵਿੱਚ ਗੜੁੱਚ ਹਨ, ਜੋ ਉਨ੍ਹਾਂ ਦੇ ਪਾਖੰਡਾਂ, ਛਲ ਕਪਟ ਤੇ ਢੰਗਾਂ ਤੋਂ ਸਾਫ ਦਿੱਸ ਪੈਂਦਾ ਹੈ। ਲੋਕਾਂ ਨੂੰ ਅੰਧ-ਵਿਸ਼ਵਾਸੀ ਬਣਾ ਕੇ ਅਤੇ ਕਰਮਾਂ ਦੇ ਚੱਕਰਾਂ ਵਿੱਚ ਪਾ ਕੇ ਮਾਇਆ ਬਟੋਰਨਾ, ਚਲਾਕੀ ਤੇ ਘੋਰ ਫਰੇਬ ਨਾਲ ਨੌਜੁਆਨ ਲੜਕੀਆਂ ਕੋਲੋਂ ਇਸ਼ਨਾਨ ਕਰਵਾਉਣਾ, ਜਿਨਸੀ ਸ਼ੋਸ਼ਣ, ਲੜਕੀਆਂ ਦਾ ਉਧਾਲਾ, ਸਿਆਸਤਦਾਨਾਂ ਦੀ ਸ਼ਹਿ 'ਤੇ ਚੇਲਿਆਂ (ਗੁੰਡਿਆਂ) ਤੋਂ ਡੇਰਿਆਂ ਤੇ ਆਸ਼ਰਮਾਂ ਵਿੱਚ ਆਉਣ ਵਾਲੇ ਸ਼ਰਧਾਲੂਆਂ ਨੂੰ ਮਾਨਸਿਕ ਤੌਰ 'ਤੇ ਦਬਾ ਕੇ ਹਮੇਸ਼ਾ ਲਈ ਆਪਣੇ ਚੁੰਗਲ ਵਿੱਚ ਫਸਾਈ ਰੱਖਣਾ, ਕਈ ਹਾਲਾਤ ਵਿੱਚ ਕਤਲ ਆਦਿ ਕੁਕਰਮ ਪ੍ਰਤੱਖ ਹਨ। ਇਸ ਤੋਂ ਬਿਨਾ ਕਈ ਅਣਦਸੀਆਂ ਕੁਕਰਮ ਕਹਾਣੀਆਂ ਦਫਨ ਹੋ ਕੇ ਰਹਿ ਜਾਂਦੀਆਂ ਹਨ।

ਸਮੇਂ ਨਾਲ ਹਰ ਸ਼ੈਅ ਬਦਲਦੀ ਹੈ। ਅਜਿਹਾ ਕੁਝ ਸਾਧ ਸੰਤਾਂ ਦੇ ਪੱਖ ਤੋਂ ਵਾਪਰ ਰਿਹਾ ਹੈ। ਮੰਨਿਆ ਗਿਆ ਹੈ ਕਿ ਮਾਇਆ ਵੱਖ-ਵੱਖ ਰੂਪਾਂ ਵਿੱਚ ਇਨਸਾਨ ਨੂੰ ਆਪਣੀ ਗ੍ਰਿਫਤ ਵਿੱਚ ਲੈ ਲੈਂਦੀ ਹੈ। ਅਜੋਕਾ ਯੁਗ ਮੰਡੀ ਦੀ ਸ਼ਕਤੀ ਅਤੇ ਭੌਤਿਕਵਾਦ ਦਾ ਯੁਗ ਹੈ, ਜਿਸ ਵਿੱਚ ਪਦਾਰਥਕ ਵਸਤਾਂ ਦੀ ਖਿੱਚ ਇੰਨੀ ਦਿਖਾਈ ਜਾਂਦੀ ਹੈ, ਜਿਥੇ ਆਮ ਇਨਸਾਨ ਵਿਤੋਂ ਬਾਹਰ ਹੋ ਕੇ ਵੀ ਪਦਾਰਥਕ ਵਸਤਾਂ ਇਕੱਠੀਆਂ ਕਰਦਾ ਹੀ ਨਿਬੜ ਜਾਂਦਾ ਹੈ, ਉਥੇ ਸਾਧ ਸੰਤ ਵੀ ਇਹੀ ਵਰਤਾਰੇ ਅਪਣਾ ਰਹੇ ਹਨ। ਅਜੋਕੇ ਸਾਧਾਂ ਦਾ ਮਨ ਵੀ ਅਸਹਿਣਸ਼ੀਲ, ਖੰਡਤ ਤੇ ਪ੍ਰਚੰਡ ਲਾਲਚੀ ਹੋ ਰਿਹਾ ਹੈ। ਨਵੇਂ ਡੇਰੇ/ਆਸ਼ਰਮ ਖੁੱਲ੍ਹਣਾ ਇਸ ਦੀਆਂ ਪ੍ਰਤਖ ਮਿਸਾਲਾਂ ਹਨ। ਭਾਰਤ ਵਿੱਚ ਲੱਖਾਂ ਹੀ ਡੇਰੇ/ਆਸ਼ਰਮ ਹੋਂਦ ਵਿੱਚ ਆ ਚੁੱਕੇ ਹਨ। ਪੰਜਾਬ ਵਰਗੇ ਛੋਟੇ ਰਾਜ ਵਿੱਚ ਵੀ 9000 ਦੇ ਕਰੀਬ ਡੇਰੇ/ ਆਸ਼ਰਮ ਹਨ, ਜੋ ਵਧੇਰੇ ਕਰਕੇ ਮਾਇਆ ਇਕੱਠੀ ਕਰਨ ਦਾ ਜ਼ਰੀਆ ਹਨ। ਬਾਬਿਆਂ ਕੋਲ ਮਹਿੰਗੀਆਂ ਕਾਰਾਂ, ਆਲੀਸ਼ਾਨ ਸਥਾਨ ਅਤੇ ਬੰਦੂਕਧਾਰੀ ਚੇਲਿਆਂ ਦਾ ਇਕੱਠ ਇਸ ਦਾ ਸਬੂਤ ਹਨ। ਸੋ, ਅਜੋਕਾ ਸਾਧਪੁਣਾ ਆਰਥਿਕ ਆਧਾਰਿਤ ਹੈ, ਅਧਿਆਤਮਕ ਆਧਾਰਿਤ ਨਹੀਂ।

ਅਖੌਤੀ ਬਾਬਿਆਂ ਦੀ ਉਪਜ ਦਾ ਇਕ ਹੋਰ ਵੱਡਾ ਕਾਰਨ ਸਾਧਪੁਣੇ ਵਿੱਚ ਅਸਾਨ ਦਾਖਲਾ ਹੈ। ਕਲਰਕ ਜਾਂ ਦਰਜਾ ਚਾਰ ਮੁਲਾਜ਼ਮ ਵੀ ਭਰਤੀ ਕਰਨਾ ਹੋਵੇ ਤਾਂ ਕੋਈ ਵਿਦਿਅਕ ਯੋਗਤਾ ਚਾਹੀਦੀ ਹੈ, ਟੈਸਟ ਜਾਂ ਇੰਟਰਵਿਊ ਪਾਸ ਕਰਨੀ ਪੈਂਦੀ ਹੈ, ਬਾਬਾ ਬਣਨ ਲਈ ਕਿਸੇ ਯੋਗਤਾ ਦੀ ਜ਼ਰੂਰਤ ਨਹੀਂ। ਖਾਸ ਭੇਸ ਤੇ ਸ਼ੁਰੂਆਤ ਲਈ ਥੋੜ੍ਹੀ ਜਗ੍ਹਾ ਚਾਹੀਦੀ ਹੈ ਜੋ ਛੇਤੀ ਹੀ ਫੈਲ ਜਾਂਦੀ ਹੈ। ਸੋਨੇ ਤੇ ਸੁਹਾਗੇ ਦੀ ਗੱਲ ਇਹ ਹੁੰਦੀ ਹੈ ਕਿ ਸਾਧਾਂ ਤੇ ਆਸ਼ਰਮਾਂ ਨੂੰ ਸਿਆਸੀ ਥਾਪੜਾ ਵੀ ਮਿਲ ਜਾਂਦਾ ਹੈ। ਫੇਰ ਕੀ? ਨਾ ਕੋਈ ਪੁੱਛਣ ਵਾਲਾ ਤੇ ਨਾ ਕੋਈ ਟੋਕ। ਕਈ ਬਾਬਿਆਂ ਦਾ ਪਿਛੋਕੜ ਵੀ ਅਪਰਾਧਿਕ ਹੁੰਦਾ ਹੈ।

ਸਾਧ ਸੰਤਾਂ ਦੇ ਡੇਰੇ ਪ੍ਰਫੁਲਤ ਹੋਣ ਦੇ ਹੋਰ ਵੱਡੇ ਕਾਰਨ ਹਨ, ਸਮਾਜ 'ਚ ਰਿਸ਼ਤਿਆਂ ਦੀ ਟੁੱਟ ਭੱਜ, ਘਰੇਲੂ ਕਲੇਸ਼, ਸਮਾਜਿਕ ਸਹਾਰਿਆਂ ਦਾ ਟੁੱਟਣਾ, ਸਮਾਜਿਕ ਅਸੰਗਠਤਾ, ਅੰਤਰ ਮਨੁੱਖੀ ਅਸੰਵੇਦਨਸ਼ੀਲਤਾ, ਮਾਨਸਿਕ ਤਣਾਅ ਆਦਿ। ਮਨੋ-ਵਿਗਿਆਨਕ ਪੱਖਾਂ ਤੋਂ ਕੀਤੇ ਸਰਵੇਖਣਾਂ ਤੋਂ ਪਤਾ ਲੱਗਦਾ ਹੈ ਕਿ ਡਿਪਰੈਸ਼ਨ ਦੀ ਬਿਮਾਰੀ ਦੈਂਤ ਦਾ ਰੂਪ ਧਾਰ ਰਹੀ ਹੈ। ਭਾਰਤ ਵਿੱਚ ਸੱਤ ਕਰੋੜ ਦੇ ਕਰੀਬ ਲੋਕ ਡਿਪਰੈਸ਼ਨ ਦੇ ਰੋਗੀ ਹਨ। ਇਕ ਰਿਪੋਰਟ ਮੁਤਾਬਕ ਪੰਜਾਬ ਦਾ ਹਰ ਅੱਠਵਾਂ ਬੰਦਾ ਡਿਪਰੈਸ਼ਨ ਦਾ ਸ਼ਿਕਾਰ ਹੈ। ਮਾਨਸਿਕ ਤੇ ਸਮਾਜਿਕ ਤੌਰ ਤੇ ਟੁੱਟੇ ਇਨਸਾਨ ਸਾਧਾਂ ਸੰਤਾਂ ਦੀ ਸ਼ਰਨ ਆਉਂਦੇ ਹਨ ਤੇ ਲੁੱਟ ਖਸੁੱਟ ਦਾ ਸ਼ਿਕਾਰ ਹੁੰਦੇ ਹਨ।

ਮੰਨਿਆ ਜਾਂਦਾ ਹੈ ਕਿ ਜਿਉਂ-ਜਿਉਂ ਸਮਾਜ ਤਰੱਕੀ ਕਰਦਾ ਹੈ, ਅੰਧ ਵਿਸ਼ਵਾਸ ਤੇ ਅਗਿਆਨਤਾ ਦਾ ਹਨੇਰਾ ਦੂਰ ਹੋ ਜਾਂਦਾ ਹੈ ਅਤੇ ਲੋਕਾਂ ਦਾ ਵਰਤਾਰਾ ਤਰਕਸ਼ੀਲ ਪੱਖੀ ਹੁੰਦਾ ਹੈ, ਪਰ ਸਾਡੇ ਸਮਾਜ ਵਿੱਚ ਏਦਾਂ ਨਹੀਂ ਹੁੰਦਾ। ਅੱਜ ਆਮ ਲੋਕ ਆਪਣੇ ਸੁੱਖਾਂ ਦੀ ਪ੍ਰਾਪਤੀ ਲਈ ਸਾਧਾਂ ਸੰਤਾਂ ਦੇ ਕਹੇ ਤੇ ਕੁਝ ਵੀ ਕਰਨ ਲਈ ਤਿਆਰ ਰਹਿੰਦੇ ਹਨ। ਗੁਰੂ ਨਾਨਕ ਜੀ ਦੇ ਉਤਾਰ ਸ਼ਬਦ 'ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥' ਅੱਜ ਵੀ ਪ੍ਰਸੰਗਕ ਹਨ। ਪਾਖੰਡੀ ਬਾਬੇ ਧਰਮ ਦੇ ਨਾਮ ਦੇ ਸਹਾਰੇ ਲੋਕਾਂ ਨੂੰ ਡਰਾ ਕੇ ਸਭ ਕੁਝ ਹਾਸਲ ਕਰ ਲੈਂਦੇ ਹਨ। ਕਈ ਬਾਬੇ ਬਾਣੀ ਦੇ ਅਰਥਾਂ ਦਾ ਵੀ ਅਨਰਥ ਕਰ ਦਿੰਦੇ ਹਨ ਅਤੇ ਕਈ ਸ਼ਬਦ ਗਾਇਨ ਵੀ ਮਾਡਰਨ ਤਰਜ਼ਾਂ 'ਤੇ ਕਰਦੇ ਹਨ।

ਤਕਰੀਬਨ ਇਕ ਸਦੀ ਪਹਿਲਾਂ ਜਰਮਨ ਸਮਾਜ ਵਿਗਿਆਨੀ ਮੈਕਸ ਵੈਬਰ ਨੇ ਹੋਰ ਪੱਖਾਂ ਤੋਂ ਇਲਾਵਾ ਧਰਮ ਨੂੰ ਆਰਥਿਕ ਤਰੱਕੀ ਦਾ ਰੋੜਾ ਕਿਹਾ ਸੀ। ਆਪਣੀ ਕਿਤਾਬ 'ਪਰੋਟੈਸਟੈਂਟ ਐਥਿਕਸ ਐਂਡ ਸਪਿਰਿਟ ਆਫ ਕੈਪਿਟੈਲਿਜ਼ਮ' ਵਿੱਚ ਉਸ ਦਾ ਤਰਕ ਸੀ ਕਿ ਕੈਲਵਿਨਿਸਟ ਲੋਕ ਯੂਰਪ ਵਿੱਚ ਇਸ ਕਰਕੇ ਖੁਸ਼ਹਾਲ ਹੋਏ ਕਿਉਂਕਿ ਉਨ੍ਹਾਂ ਨੇ ਚਰਚ, ਜੋ ਕੁਝ ਸਮਾਂ ਪਹਿਲਾਂ ਤੱਕ ਸ਼ਕਤੀਸ਼ਾਲੀ ਸੰਸਥਾ ਸੀ, ਵਿੱਚ ਸਮਾਂ ਵਿਅਰਥ ਕਰਨ ਦੀ ਬਜਾਏ ਮਿਹਨਤ, ਸੰਜਮ, ਅਨੁਸ਼ਾਸਨ ਤੇ ਆਤਮ ਵਿਸ਼ਵਾਸ ਨਾਲ ਆਰਥਿਕ ਗਤੀਵਿਧੀਆਂ ਵਿੱਚ ਧਿਆਨ ਲਾਇਆ। ਵੈਬਰ ਦੇ ਮੁਤਾਬਕ ਹੋਰ ਕਾਰਨਾਂ ਦੇ ਨਾਲ-ਨਾਲ ਭਾਰਤ ਦੀ ਗਰੀਬੀ ਤੇ ਅਣ ਵਿਕਾਸ ਦਾ ਮੂਲ ਕਾਰਨ ਧਾਰਮਿਕ ਕਰਮਕਾਂਡਾਂ ਤੇ ਵਿਸ਼ਵਾਸਾਂ ਵਿੱਚ ਵਧੇਰੇ ਸਮਾਂ ਨਸ਼ਟ ਕਰਨਾ ਹੈ। ਉਸ ਮੁਤਾਬਕ ਭਾਰਤੀ ਮਨੁੱਖ ਕਿਸਮਤਵਾਦ, ਸੰਸਾਰ ਤਿਆਗਣ, ਕਰਮਕਾਂਡ ਤੇ ਅਣਦੇਖੀ ਅਗਲੇਰੀ ਦੁਨੀਆ ਲਈ ਵਧੇਰੇ ਫਿਕਰਮੰਦ ਰਹਿੰਦੇ ਹਨ ਅਤੇ ਅਜਿਹੀ ਸੋਚ ਜਿਥੇ ਗੈਰ ਕੁਦਰਤੀ ਤੇ ਮਨੁੱਖੀ ਸ਼ਕਤੀ ਨੂੰ ਅਣਉਪਜਾਊ ਕੰਮਾਂ ਵੱਲ ਧੱਕਦੀ ਹੈ, ਉਥੇ ਵਿਕਾਸ ਵੀ ਰੁਕਦਾ ਹੈ।

ਸਾਡੇ ਸਮੇਂ ਵਿੱਚ ਭਾਰਤ ਵਿੱਚ ਬਾਬੇ ਮਨੁੱਖੀ ਤੇ ਕੁਦਰਤੀ ਸ਼ਕਤੀ ਨੂੰ ਬੇਹਾਲ ਕਰਨ ਵਿੱਚ ਕਸਰ ਨਹੀਂ ਛੱਡ ਰਹੇ। ਅੱਜ ਵੀ ਬਲੀਆਂ, ਆਹੂਤੀਆਂ ਤੇ ਅੰਧ ਵਿਸ਼ਵਾਸਾਂ ਦਾ ਵਰਤਾਰਾ ਜਾਰੀ ਹੈ। ਅਜੋਕੇ ਬਾਬੇ ਧਰਮ ਸਮੂਹ ਅਤੇ ਕੁਦਰਤ ਦਾ ਖਿਆਲ ਘੱਟ ਤੇ ਮਾਰਕੀਟਿੰਗ ਦਾ ਹੇਜ ਵੱਧ ਕਰਦੇ ਹਨ। ਧਰਮ ਤੇ ਯੋਗ ਦੇ ਨਾਮ 'ਤੇ ਵੇ-ਚਿਆ ਜਾਂਦਾ ਸਮਾਨ ਇਨ੍ਹਾਂ ਦੀਆਂ ਮਿਸਾਲਾਂ ਹਨ। ਭਾਰਤ ਵਿੱਚ ਮਿਹਨਤੀ ਅਤੇ ਹੱਕ ਦੀ ਕਮਾਈ ਕਰਨ ਵਾਲਾ ਇਨਸਾਨ ਉਮਰ ਦੇ ਅਖੀਰਲੇ ਸਾਲਾਂ ਵਿੱਚ ਜਾ ਕੇ ਕਿਤੇ ਲੱਖਾਂ ਰੁਪਏ ਦੇ ਦਰਸ਼ਨ ਕਰਦਾ ਹੈ, ਜਦ ਕਿ ਬਾਬੇ ਚੜ੍ਹਦੀ ਉਮਰੇ ਹੀ ਅਰਬਾਂ ਰੁਪਇਆਂ ਵਿੱਚ ਖੇਡਦੇ ਹਨ।

ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਵੱਖ-ਵੱਖ ਕਾਰਨਾਂ ਜਿਵੇਂ ਬੇਰੁਜ਼ਗਾਰੀ, ਜ਼ਮੀਨਾਂ ਜੋਤਾਂ ਦਾ ਘੱਟ ਰਿਹਾ ਆਕਾਰ ਤੇ ਘੱਟ ਆਮਦਨ, ਪਦਾਰਥਵਾਦ ਦੀ ਪੀਡੀ ਪਕੜ, ਸਮਾਜਿਕ ਟੁੱਟ ਭੱਜ, ਮਾਨਸਿਕ ਤਣਾਅ, ਸਿਆਸੀ ਧਿਰਾਂ ਵੱਲੋਂ ਕੋਈ ਵਿਕਾਸ ਏਜੰਡਾ ਲਾਗੂ ਨਾ ਕਰਨਾ, ਸਿਆਸਤਦਾਨਾਂ ਦਾ ਆਮ ਲੋਕਾਂ ਦੇ ਦੁੱਖ ਦਰਦ ਵੱਲ ਪਿੱਠ ਕਰ ਲੈਣਾ, ਵਧ ਰਿਹਾ ਅਪਰਾਧ, ਲੋਕਾਂ ਵਿੱਚ ਅਗਿਆਨਤਾ ਤੇ ਅੰਧ ਵਿਸ਼ਵਾਸ ਸਦਕਾ ਸਮਾਜ ਬਿਮਾਰ ਹੈ। ਇਸ ਬਾਰੇ ਵੱਖ-ਵੱਖ ਪੱਧਰਾਂ 'ਤੇ ਸਰਕਾਰਾਂ ਸਮੇਤ ਚਿੰਤਨ ਦੀ ਲੋੜ ਹੈ ਤਾਂ ਜੋ ਸਮਾਜ ਨੂੰ ਸਮੇਂ ਦਾ ਹਾਣੀ ਬਣਾ ਕੇ ਤਰੱਕੀ ਵੱਲ ਲਿਜਾਇਆ ਜਾਵੇ ਜਿਥੇ ਲੋਕਾਂ ਨੂੰ ਬਾਬਿਆਂ ਦਾ ਸਹਾਰਾ ਨਾ ਤੱਕਣਾ ਪਵੇ, ਉਹ ਆਪਣੀ ਤਰੱਕੀ ਨਾਲ ਦੇਸ਼ ਦੇ ਵਿਕਾਸ ਵਿੱਚ ਵੀ ਹਿੱਸਾ ਪਾ ਸਕਣ।




### ਬੀਬੀ ਸਿੱਧੂ ਭੜਕੀ

## ਨਵਜੋਤ ਸਿੰਘ ਸਿੱਧੂ ਨੇ ਗ਼ਲਤ ਕੀ ਕਿਹੈ, ਲੋਕਾਂ ਨੂੰ ਮਿਰਚਾਂ ਕਿਉਂ ਲੱਗਦੀਆਂ ਨੇ

ਚੰਡੀਗੜ੍ਹ, 26 ਮਈ, (ਪੋਸਟ ਬਿਊਰੋ)- ਪੰਜਾਬ ਦੇ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਪਤਨੀ ਤੇ ਸਾਬਕਾ ਵਿਧਾਇਕਾ ਡਾ. ਨਵਜੋਤ ਕੌਰ ਸਿੱਧੂ ਨੇ ਹਮਲਾਵਰ ਰੁਖ ਧਾਰਦੇ ਹੋਏ ਕਿਹਾ ਕਿ ਸਿੱਧੂ ਨੇ ਗ਼ਲਤ ਕੀ ਕਿਹਾ ਹੈ, ਜਿਸ ਨਾਲ ਲੋਕਾਂ ਨੂੰ ਮਿਰਚਾਂ ਲੱਗੀਆਂ ਹਨ, ਉਨ੍ਹਾਂ ਇਹੋ ਕਿਹਾ ਸੀ ਕਿ ਜੋ ਲੋਕ ਬਾਦਲਾਂ ਨਾਲ ਮਿਲੇ ਹੋਏ ਹਨ ਤੇ ਕਾਂਗਰਸ ਵਿੱਚ ਰਹਿ ਕੇ ਪਾਰਟੀ ਦਾ ਨੁਕਸਾਨ ਕਰਦੇ ਹਨ, ਉਨ੍ਹਾਂ ਨੂੰ ਠੋਕ ਦੇਣਾ ਚਾਹੀਦਾ ਹੈ, ਇਸ ਵਿੱਚ ਗ਼ਲਤ ਕੀ ਹੈ।



ਅੱਜ ਏਥੇ ਡਾ. ਨਵਜੋਤ ਕੌਰ ਸਿੱਧੂ ਨੇ ਕਿਹਾ ਕਿ ਜਿਸ ਬਠਿੰਡਾ ਸੀਟ ਬਾਰੇ ਜਿੰਨਾ ਹੰਗਾਮਾ ਮੱਚਿਆ ਪਿਆ ਹੈ, ਜੇ ਓਥੇ ਚੋਣ ਪ੍ਰਚਾਰ ਲਈ ਨਵਜੋਤ ਸਿੰਘ ਸਿੱਧੂ ਨਾ ਜਾਂਦੇ ਤਾਂ ਕਾਂਗਰਸ ਇਹ ਸੀਟ ਸਵਾ ਲੱਖ ਵੋਟਾਂ ਨਾਲ ਹਾਰਦੀ, ਕਿਉਂਕਿ ਪਾਰਟੀ ਦੇ ਆਪਣੇ ਸਰਵੇ ਵਿੱਚ ਇਹੋ ਗੱਲ ਨਿਕਲੀ ਸੀ। ਏਸੇ ਲਈ ਪਾਰਟੀ ਹਾਈ ਕਮਾਂਡ ਨੇ ਸਿੱਧੂ ਨੂੰ ਬਠਿੰਡਾ ਭੇਜਿਆ ਸੀ, ਸਿੱਧੂ ਆਪਣੀ ਮਰਜ਼ੀ ਨਾਲ ਬਠਿੰਡਾ ਨਹੀਂ ਗਏ, ਪਾਰਟੀ ਹਾਈ ਕਮਾਂਡ ਦੇ ਕਹਿਣ ਉੱਤੇ ਗਏ ਸਨ।

ਵਰਨਣ ਯੋਗ ਹੈ ਕਿ ਇੱਕ ਦਿਨ ਪਹਿਲਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਸੀ ਕਿ ਨਵਜੋਤ ਸਿੰਘ ਸਿੱਧੂ ਨੇ ਲੋਕਲ ਬਾਡੀਜ਼ ਮੰਤਰੀ ਹੁੰਦੇ ਹੋਏ ਕੰਮ ਨਹੀਂ ਕੀਤਾ। ਇਸ ਦੇ ਜਵਾਬ ਵਿੱਚ ਡਾ. ਨਵਜੋਤ ਕੌਰ ਸਿੱਧੂ ਨੇ ਕਿਹਾ ਕਿ ਸਾਡੇ ਕੋਲ ਸਾਰੇ ਅੰਕੜੇ ਮੌਜੂਦ ਹਨ, ਨਵਜੋਤ ਸਿੰਘ ਸਿੱਧੂ ਨੇ ਕੇਂਦਰ ਸਰਕਾਰ ਤੋਂ ਫਸੇ ਪੈਸੇ ਕਢਵਾ ਕੇ ਸਾਰੇ ਵਿਧਾਨ ਸਭਾ ਹਲਕਿਆਂ ਵਿੱਚ ਬਰਾਬਰ ਫੰਡ ਦਿੱਤੇ ਸਨ, ਪਟਿਆਲਾ ਨੂੰ ਵੀ ਫੰਡ ਦਿੱਤਾ ਸੀ, ਤਦੇ ਓਥੇ ਕਾਂਗਰਸ ਦੀ ਜਿੱਤ ਹੋਈ ਹੈ, ਫਿਰ ਸਿੱਧੂ ਨੂੰ ਇਸ ਦਾ ਸਿਹਰਾ ਕਿਉਂ ਨਹੀਂ ਦਿੱਤਾ ਜਾਂਦਾ। ਉਨ੍ਹਾਂ ਕਿਹਾ ਕਿ ਜਲੰਧਰ ਵਿੱਚ ਜਦੋਂ ਨਵਜੋਤ ਸਿੰਘ ਸਿੱਧੂ ਨੇ ਨਗਰ ਨਿਗਮ ਦੇ ਅਧਿਕਾਰੀਆਂ ਉੱਤੇ ਕਾਰਵਾਈ ਕੀਤੀ ਤਾਂ ਕਾਂਗਰਸ ਦੇ ਆਪਣੇ ਵਿਧਾਇਕ ਸੁਸ਼ੀਲ ਰਿੰਕੂ ਅੜ ਗਏ ਸਨ, ਓਦੋਂ ਮੁੱਖ ਮੰਤਰੀ ਕਿਉਂ ਨਹੀਂ ਬੋਲੇ। ਬੀਬੀ ਸਿੱਧੂ ਨੇ ਕਿਹਾ ਕਿ ਲੋਕਲ ਬਾਡੀਜ਼ ਮੰਤਰੀ ਵਜੋਂ ਸਿੱਧੂ ਨੇ ਜਿਹੜੇ ਕੰਮ ਕੀਤੇ ਹਨ, ਉਸ ਦੀ ਪੂਰੀ ਰਿਪੋਰਟ ਤਿਆਰ ਹੈ ਤੇ ਸਮਾਂ ਆਏ ਤੋਂ ਪੇਸ਼ ਕਰ ਦਿੱਤੀ ਜਾਵੇਗੀ।

ਇਸ ਮੌਕੇ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਉੱਤੇ ਹਮਲਾ ਬੋਲਦਿਆਂ ਡਾ. ਨਵਜੋਤ ਕੌਰ ਸਿੱਧੂ ਨੇ ਕਿਹਾ ਕਿ ਆਖ਼ਰੀ ਸਮੇਂ ਵਿੱਚ ਜੇ ਕਾਕਾ ਰਣਦੀਪ ਸਿੰਘ ਨਾਭਾ ਵਿੱਚ ਨਾ ਜਾਂਦੇ ਤਾਂ ਏਥੋਂ ਵੀ ਕਾਂਗਰਸ ਹਾਰ ਜਾਂਦੀ, ਕਿਉਂਕਿ ਓਥੇ ਵੀ ਲੋਕਾਂ ਨੇ ਸਾਫ ਕਿਹਾ ਸੀ ਕਿ ਉਹ ਧਰਮਸੋਤ ਦੇ ਨਾਲ ਨਹੀਂ, ਇਹੋ ਹਾਲ ਨਾਭਾ ਨਗਰ ਕੌਂਸਲ ਦਾ ਹੈ, ਜਿੱਥੇ ਕੰਮ ਕਰ ਕੇ ਕੋਈ ਰਾਜ਼ੀ ਨਹੀਂ। ਵਰਨਣ ਯੋਗ ਹੈ ਕਿ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਨੇ ਕਿਹਾ ਸੀ ਕਿ ਨਵਜੋਤ ਸਿੰਘ ਸਿੱਧੂ ਦੀ ਗ਼ਲਤ ਬਿਆਨਬਾਜ਼ੀ ਨਾਲ ਕਾਂਗਰਸ ਨੂੰ ਬਠਿੰਡੇ ਦੀ ਹਾਰ ਝੱਲਣੀ ਪਈ ਹੈ, ਜਿਸ ਦਾ ਸਿੱਧੂ ਜ਼ਿੰਮੇਵਾਰ ਹੈ। ਉਂਜ ਇਸ ਦੌਰਾਨ ਪੰਜਾਬ ਦੇ ਸਿੱਖਿਆ ਮੰਤਰੀ ਓ ਪੀ ਸੋਨੀ ਨੇ ਕਿਹਾ ਹੈ ਕਿ ਆਗੂਆਂ ਨੂੰ ਬੋਲਣ ਤੋਂ ਪਹਿਲਾਂ ਤੋਲ ਲੈਣਾ ਚਾਹੀਦਾ ਹੈ, ਜ਼ਰੂਰੀ ਨਾ ਹੋਵੇ ਤਾਂ ਬੋਲਣਾ ਨਹੀਂ ਚਾਹੀਦਾ, ਕੰਮ ਉੱਤੇ ਭਰੋਸਾ ਰੱਖਣਾ ਚਹੀਦਾ ਹੈ, ਬਿਆਨਬਾਜ਼ੀ ਜਾਂ ਕਿਸੇ ਅਹੁਦੇ ਦੀ ਦੌੜ ਵਿੱਚ ਨਹੀਂ ਪੈਣਾ ਚਾਹੀਦਾ, ਨਵਜੋਤ ਸਿੰਘ ਸਿੱਧੂ ਹੋਣ ਜਾਂ ਮੈਂ, ਬੋਲਣ ਤੋਂ ਪਹਿਲਾਂ ਸੋਚਣਾ ਚਾਹੀਦਾ ਹੈ।

## ਨਵਜੋਤ ਸਿੱਧੂ ਵੱਲੋਂ ਟਵਿੱਟਰ ਤੋਂ ਨਵਾਂ ਧਮਾਕਾ ਕਰਨ ਦੇ ਸੰਕੇਤ

ਚੰਡੀਗੜ੍ਹ, 26 ਮਈ, (ਪੋਸਟ ਬਿਊਰੋ)- ਚੋਣ ਮੁਹਿੰਮ ਦੇ ਆਖਰੀ ਦਿਨ ਬਠਿੰਡਾ ਰੈਲੀ ਵਿੱਚ 'ਫ੍ਰੈਂਡਲੀ ਮੈਚ' ਦਾ ਬਿਆਨ ਦੇ ਕੇ ਵਿਵਾਦਾਂ ਵਿੱਚ ਘਿਰ ਗਏ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਨਵਾਂ ਧਮਾਕਾ ਕਰਨ ਦੇ ਸੰਕੇਤ ਦੇ ਦਿੱਤੇ ਹਨ। ਇਹ ਸੰਕੇਤ ਉਨ੍ਹਾਂ ਨੇ ਅੱਜ ਇੱਕ ਟਵੀਟ ਕਰ ਕੇ ਇਸ਼ਾਰਿਆਂ ਵਿੱਚ ਦਿੱਤਾ ਹੈ।

ਅਸਲ ਵਿੱਚ ਨਵਜੋਤ ਸਿੰਘ ਸਿੱਧੂ ਨੇ ਟਵਿੱਟਰ ਉੱਤੇ ਕਵਿਤਾ ਪੋਸਟ ਕਰ ਕੇ ਲਿਖਿਆ ਹੈ ਕਿ:

'ਸਿਤਾਰੋਂ ਕੇ ਆਗੇ ਜਹਾਂ ਔਰ ਭੀ ਹੈਂ,
ਅਭੀ ਇਛਕ ਕੇ ਇਮਤੇਹਾਂ ਔਰ ਭੀ ਹੈਂ,
ਤੂੰ ਸ਼ਾਹੀਨ (ਈਗਲ) ਹੈ, ਪਰਵਾਜ਼ (ਉਡਾਣ) ਹੈਂ ਕਾਮ ਤੇਰਾ,
ਤੇਰੇ ਸਾਮਨੇ ਆਸਮਾਂ ਔਰ ਭੀ ਹੈਂ,
ਗਏ ਦਿਨ ਕਿ ਤਨਹਾ ਥਾ ਮੈਂ ਅੰਜੁਮਨ ਮੇਂ,
ਯਹਾਂ ਅਬ ਮੇਰੇ ਰਾਜ਼ਦਾਂ ਔਰ ਭੀ ਹੈਂ...'।

ਨਵਜੋਤ ਸਿੰਘ ਸਿੱਧੂ ਦੇ ਇਸ ਟਵੀਟ ਉੱਤੇ ਸਿਆਸੀ ਹਲਕਿਆਂ ਵਿਚ ਹਲਚਲ ਦੀ ਸਥਿਤੀ ਹੈ। ਕਈ ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਸਿੱਧੂ ਆਪਣੇ ਲਈ ਨਵਾਂ ਰਾਹ ਲੱਭ ਰਹੇ ਹਨ। ਆਪਣਿਆਂ ਦੇ ਨਿਸ਼ਾਨੇ ਉੱਤੇ ਆਉਣ ਮਗਰੋਂ ਉਹ ਪਾਰਟੀ ਵਿੱਚ ਹਾਸ਼ੀਏ ਉੱਤੇ ਜਾਂਦੇ ਲੱਗਦੇ ਹਨ। ਅੱਜ ਦਿੱਲੀ ਵਿੱਚ ਹੋਈ ਕਾਂਗਰਸ ਵਰਕਿੰਗ ਕਮਟੀ ਦੀ ਮੀਟਿੰਗ ਤੋਂ ਪਹਿਲਾਂ ਖਿਆਲ ਕੀਤਾ ਜਾਂਦਾ ਸੀ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪਾਰਟੀ ਪ੍ਰਧਾਨ ਰਾਹੁਲ ਗਾਂਧੀ ਤੋਂ ਸਿੱਧੂ ਦਾ ਮਹਿਕਮਾ ਬਦਲਣ ਦੀ ਮੰਗ ਕਰਨਗੇ, ਪਰ ਏਦਾਂ ਨਹੀਂ ਹੋਇਆ। ਸੂਤਰਾਂ ਮੁਤਾਬਕ ਰਾਹੁਲ ਗਾਂਧੀ ਤੋਂ ਉਨ੍ਹਾਂ ਨੂੰ ਸਮਾਂ ਨਹੀਂ ਮਿਲ ਸਕਿਆ। ਕੈਪਟਨ ਅਮਰਿੰਦਰ ਸਿੰਘ ਅਜੇ ਦਿੱਲੀ ਵਿੱਚ ਹਨ ਤੇ ਉਨ੍ਹਾਂ ਰਾਹੁਲ ਗਾਂਧੀ ਤੋਂ ਮਿਲਣ ਦਾ ਸਮਾਂ ਮੰਗਿਆ ਹੈ। ਪਤਾ ਲੱਗਾ ਹੈ ਕਿ ਨਵਜੋਤ ਸਿੰਘ ਸਿੱਧੂ ਅਗਲੇ ਦਿਨਾਂ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਖਿਲਾਫ ਹੋਰ ਨਿਸ਼ਾਨਾ ਲਾਉਣਗੇ ਤੇ ਹਰ ਨਗਰ ਪਾਲਿਕਾ ਅਤੇ ਹਰ ਨਗਰ ਨਿਗਮ ਨੂੰ ਦਿੱਤੇ ਗਏ ਫੰਡਾਂ ਦੇ ਆਧਾਰ ਉੱਤੇ ਇਹ ਦੱਸਣਗੇ ਕਿ ਇਨ੍ਹਾਂ ਸ਼ਹਿਰਾਂ ਵਿੱਚ ਕਾਂਗਰਸ ਨੇ ਏਸੇ ਲਈ ਜਿੱਤ ਦਰਜ ਕੀਤੀ ਹੈ। ਕਈ ਲੋਕਾਂ ਦਾ ਕਹਿਣਾ ਹੈ ਕਿ ਉਹ ਪਾਰਟੀ ਛੱਡ ਕੇ ਹੋਰ ਰਾਹ ਵੀ ਚੁਣ ਸਕਦੇ ਹਨ, ਜਿਸ ਕਰ ਕੇ ਉਨ੍ਹਾਂ ਕਿਹਾ ਹੈ ਕਿ ਸਿਤਾਰੋਂ ਸੇ ਆਗੇ ਜਹਾਂ ਔਰ ਭੀ ਹੈ...।



ਉਂਜ ਆਮ ਲੋਕ ਵੀ ਨਵਜੋਤ ਸਿੰਘ ਸਿੱਧੂ ਦੇ ਟਵੀਟ ਬਾਰੇ ਉਨ੍ਹਾਂ ਦਾ ਮਜ਼ਾਕ ਉਡਾਉਣ ਲੱਗੇ ਹੋਏ ਹਨ। ਉਨ੍ਹਾਂ ਨੇ ਸਿੱਧੂ ਦੇ ਉਸ ਟਵੀਟ ਦਾ ਸਹਾਰਾ ਲਿਆ ਹੈ, ਜਿਸ ਵਿਚ ਸਿੱਧੂ ਨੇ ਕਿਹਾ ਸੀ ਕਿ ਜੇ ਰਾਹੁਲ ਗਾਂਧੀ ਅਮੇਠੀ ਤੋਂ ਹਾਰ ਗਏ ਤਾਂ ਉਹ ਸਿਆਸਤ ਤੋਂ ਸੰਨਿਆਸ ਲੈ ਲੈਣਗੇ। ਇਸੇ ਟਵੀਟ ਬਾਰੇ ਉਨ੍ਹਾਂ ਦੇ ਫਾਲੋਅਰਜ਼ ਅਤੇ ਹੋਰਨਾਂ ਨੇ ਕਿਹਾ ਕਿ ਸ਼ਾਇਰੀ ਤਾਂ ਠੀਕ ਹੈ, ਪਰ ਉਹ ਅਸਤੀਫ਼ਾ ਕਦੋਂ ਦੇਣਗੇ ਜਾਂ ਸਿਆਸਤ ਕਦੋਂ ਛੱਡਣਗੇ?

## ਅੰਮ੍ਰਿਤਸਰ ਪੁਲਸ ਨੇ ਕੇ ਸੀ ਐਫ ਦਾ ਭਗੌੜਾ ਖਾੜਕੂ ਫੜ੍ਹਿਆ

ਜਲੰਧਰ, 26 ਮਈ, (ਪੋਸਟ ਬਿਊਰੋ)- ਸੀ ਆਈ ਏ ਸਟਾਫ ਅੰਮ੍ਰਿਤਸਰ ਅਤੇ ਕਾਊਂਟਰ ਇੰਟੈਲੀਜੈਂਸ ਜਲੰਧਰ ਦੀ ਟੀਮ ਨੇ ਇਕ ਸਾਂਝੇ ਅਪ੍ਰੇਸ਼ਨ ਦੌਰਾਨ ਖਾਲਿਸਤਾਨ ਕਮਾਂਡੋ ਫੋਰਸ (ਕੇ ਸੀ ਐੱਫ) ਦੇ ਬਹੁਤ ਚਿਰ ਤੋਂ ਭਗੌੜੇ ਚੱਲਦੇ ਲੈਫਟੀਨੈਂਟ ਜਨਰਲ ਕੁਲਵੰਤ ਸਿੰਘ ਵਲੈਤੀਆ ਨੂੰ ਅੱਜ ਸਵੇਰੇ ਜਲੰਧਰ ਜ਼ਿਲੇ ਦੇ ਪਿੰਡ ਜਗਰਾਵਾਂ (ਆਦਮਪੁਰ) ਤੋਂ ਗ੍ਰਿਫਤਾਰ ਕੀਤਾ ਹੈ, ਜਿਸ ਬਾਰੇ ਸਥਾਨਕ ਪੱਧਰ ਉੱਤੇ ਕਿਸੇ ਨੂੰ ਭਗੌੜਾ ਹੋਣ ਦਾ ਪਤਾ ਹੀ ਨਹੀਂ ਸੀ।

ਇਸ ਸੰਬੰਧ ਵਿੱਚ ਡੀ ਸੀ ਪੀ ਇਨਵੈਸ਼ਟੀਗੇਸ਼ਨ ਮੁਖਵਿੰਦਰ ਸਿੰਘ ਭੁੱਲਰ ਨੇ ਪ੍ਰੈਸ ਨੂੰ ਦੱਸਿਆ ਕਿ ਸਾਲ 2013 ਵਿੱਚ ਥਾਣਾ ਛੇਹਰਟਾ ਵਿਖੇ ਦਰਜ ਨਸ਼ੀਲੇ ਪਦਾਰਥਾਂ ਤੇ ਅਸਲਾ ਐਕਟ ਦੇ ਕੇਸ ਵਿਚ ਇਸ ਦੋਸ਼ੀ ਨੂੰ ਅਦਾਲਤ ਨੇ ਭਗੌੜਾ ਐਲਾਨ ਕੀਤਾ ਹੋਇਆ ਸੀ। ਅੱਜ ਉਸ ਨੂੰ ਇਕ ਸਾਂਝੇ ਅਪ੍ਰੇਸ਼ਨ ਵਿੱਚ ਸੀ ਆਈ ਏ ਸਟਾਫ ਅੰਮ੍ਰਿਤਸਰ ਅਤੇ ਜਲੰਧਰ ਦੀ ਕਾਊਂਟਰ ਇਟੈਲੀਜੈਂਸ ਟੀਮ ਨੇ ਆਦਮਪੁਰ ਨੇੜਲੇ ਪਿੰਡ ਜਗਰਾਵਾਂ ਤੋਂ ਫੜਿਆ ਹੈ। ਡੀ ਸੀ ਪੀ ਮੁਖਵਿੰਦਰ ਸਿੰਘ ਭੁੱਲਰ ਨੇ ਦੱਸਿਆ ਕਿ ਏ ਡੀ ਸੀ ਪੀ ਇਨਵੈਸਟੀਗੇਸ਼ਨ ਗੁਰਨਾਮ ਸਿੰਘ ਦੀ ਅਗਵਾਈ ਹੇਠ ਸੀ ਆਈ ਏ ਸਟਾਫ ਦੀ ਟੀਮ ਨੇ ਇਹ ਕਾਰਵਾਈ ਸਿਰੇ ਚਾੜ੍ਹੀ ਹੈ। ਇਹ ਖਤਰਨਾਕ ਦੋਸ਼ੀ ਖਾਲਿਸਤਾਨ ਕਮਾਂਡੋ ਫੋਰਸ ਦੇ ਲੈਫਟੀਨੈਂਟ ਜਨਰਲ ਲਾਭ ਸਿੰਘ ਉਰਫ ਸੁੱਖਾ ਸਿਪਾਹੀ ਦਾ ਕਰੀਬੀ ਸਾਥੀ ਦੱਸਿਆ ਜਾਂਦਾ ਹੈ।


ਲੈ.ਜਨ. ਕੁਲਵੰਤ ਸਿੰਘ ਵਲੈਤੀਆ

ਪਤਾ ਲੱਗਾ ਹੈ ਕਿ ਕੁਲਵੰਤ ਸਿੰਘ ਵਲੈਤੀਆ ਕਈ ਗੰਭੀਰ ਜੁਰਮ ਕਰਨ ਪਿੱਛੋਂ ਨਵੰਬਰ 1990 ਵਿਚ ਜਰਮਨੀ ਚਲਾ ਗਿਆ ਸੀ, ਪਰ ਚਾਰ ਸਾਲ ਓਥੇ ਰਹਿਣ ਪਿੱਛੋਂ ਸਾਲ 1994 ਵਿਚ ਇੰਗਲੈਂਡ ਚਲਾ ਗਿਆ ਤੇ 2017 ਤੋਂ ਭਾਰਤ ਦੀ ਅਦਾਲਤ ਨੇ ਭਗੌੜਾ ਕਰਾਰ ਦਿੱਤਾ ਹੋਇਆ ਸੀ। ਗ੍ਰਿਫਤਾਰ ਕੀਤੇ ਗਏ ਕੁਲਵੰਤ ਸਿੰਘ ਵਲੈਤੀਆ ਦੇ ਹੋਰ ਸਾਥੀ ਰਤਨ ਸਿੰਘ ਵਾਸੀ ਉਸਮਾਨ ਸ਼ਹੀਦ, ਥਾਣਾ ਟਾਂਡਾ, ਹੁਸ਼ਿਆਰਪੁਰ, ਦਲਜੀਤ ਸਿੰਘ ਭਿੱਖੀ ਤੇ ਲਹਿੰਬਰ ਸਿੰਘ ਦੋਵੇਂ ਵਾਸੀ ਬੇਲਾ ਸਰਿਆਣਾ, ਹੁਸ਼ਿਆਰਪੁਰ, ਸੁਖਦੇਵ ਰਾਜ ਵਾਸੀ ਦਰਾਵਾਂ, ਆਦਮਪੁਰ, ਜਲੰਧਰ, ਬਲਬੀਰ ਸਿੰਘ ਬਿੱਲਾ, ਜਸਵਿੰਦਰ ਸਿੰਘ ਸੇਠ ਵਾਸੀ ਨੰਗਲ ਫੀਦਾ, ਥਾਣਾ ਭੋਗਪੁਰ ਦੀ ਮੌਤ ਹੋ ਚੁੱਕੀ ਹੈ ਤੇ ਸਰਬਜੀਤ ਸਿੰਘ ਪੱਪੂ ਵਾਸੀ ਦੌਲੀਕੇ ਇਸ ਵੇਲੇ ਜਰਮਨੀ ਵਿੱਚ ਹੈ ਤੇ ਇਕ ਹੋਰ ਸਾਥੀ ਹਰਜਾਪ ਸਿੰਘ ਭੋਲਾ ਵਾਸੀ ਧੀਰੋਵਾਲ ਕੈਨੇਡਾ ਹੈ। ਕੁਲਵੰਤ ਸਿੰਘ ਵਲੈਤੀਆ ਦੇ ਇਕ ਸਾਥੀ ਜੀਵਨ ਸਿੰਘ ਫੂੰਮਣ ਵਾਸੀ ਘੰਨੂਪੁਰ ਕਾਲੇ ਨੂੰ ਵੀ ਅਦਾਲਤ ਨੇ ਭਗੌੜਾ ਐਲਾਨ ਕੀਤਾ ਹੋਇਆ ਹੈ। ਡੀ ਸੀ ਪੀ ਭੁੱਲਰ ਨੇ ਦੱਸਿਆ ਕਿ ਫੜੇ ਗਏ ਕੁਲਵੰਤ ਸਿੰਘ ਵਲੈਤੀਏ ਦੇ ਖਿਲਾਫ ਵੱਖ-ਵੱਖ ਥਾਣਿਆਂ ਵਿਚ ਕਤਲ, ਡਕੈਤੀ ਅਤੇ ਲੁੱਟਾਂ ਖੋਹਾਂ ਦੇ 17 ਕੇਸ ਹਨ। ਪੁਲਸ ਨੇ ਉਸ ਦੀ ਗ੍ਰਿਫਤਾਰੀ ਪਿੱਛੋਂ ਨਵਾਂ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਕਾਰ-ਟਰੱਕ ਦੀ ਟੱਕਰ ਵਿੱਚ ਦੋ ਨੌਜਵਾਨਾਂ ਦੀ ਮੌਤ

ਬਠਿੰਡਾ, 26 ਮਈ, (ਪੋਸਟ ਬਿਊਰੋ)- ਗੋਨਿਆਣਾ-ਬਾਜ਼ਾਖਾਨਾ ਸੜਕੀ ਮਾਰਗ ਉੱਤੇ ਪਿੰਡ ਗੋਨਿਆਣਾ ਖੁਰਦ ਨੇੜੇ ਇਕ ਕਾਰ ਅਤੇ ਟਰੱਕ ਦੀ ਟੱਕਰ ਵਿਚ ਕਾਰ ਸਵਾਰ ਦੋ ਨੌਜਵਾਨਾਂ ਦੀ ਮੌਕੇ ਉੱਤੇ ਮੌਤ ਹੋ ਗਈ ਅਤੇ ਕਾਰ ਚਾਲਕ ਦੇ ਗੰਭੀਰ ਸੱਟਾਂ ਲੱਗੀਆਂ ਹਨ। ਜ਼ਖ਼ਮੀ ਕਾਰ ਚਾਲਕ ਦੀ ਗੰਭੀਰ ਹਾਲਤ ਵੇਖਦੇ ਹੋਏ ਉਸ ਨੂੰ ਸਿਵਲ ਹਸਪਤਾਲ ਬਠਿੰਡਾ ਰੈਫ਼ਰ ਕਰ ਦਿੱਤਾ ਗਿਆ। ਤਿੰਨੇ ਨੌਜਵਾਨ ਜ਼ਿਲ੍ਹਾ ਫਿਰੋਜ਼ਪੁਰ ਦੇ ਸ਼ਹਿਰ ਜ਼ੀਰਾ ਦੇ ਦੱਸੇ ਗਏ ਹਨ।




ਇਸ ਘਟਨਾ ਬਾਰੇ ਸਥਾਨਕ ਸਿਵਲ ਹਸਪਤਾਲ ਵਿੱਚ ਜ਼ੇਰੇ ਇਲਾਜ ਕਾਰ ਚਾਲਕ ਨੌਜਵਾਨ ਵਿਸ਼ਾਲ ਨੇ ਦੱਸਿਆ ਕਿ ਉਹ ਅਤੇ ਉਸ ਦੇ ਦੋਸਤ ਦਵਿੰਦਰ ਅਤੇ ਸਤਵੀਰ ਆਪਣੀ ਕਾਰ ਉੱਤੇ ਬਠਿੰਡਾ ਵੱਲ ਆ ਰਹੇ ਸਨ। ਪਿੰਡ ਗੋਨਿਆਣਾ ਖੁਰਦ ਕੋਲ ਅਚਾਨਕ ਉਨ੍ਹਾਂ ਦੀ ਕਾਰ ਦੀ ਇਕ ਟਰਾਲੇ ਨਾਲ ਟੱਕਰ ਹੋ ਜਾਣ ਨਾਲ ਦੋ ਨੌਜਵਾਨ ਕਾਰ ਮੌਕੇ ਉੱਤੇ ਦਮ ਤੋੜ ਗਏ। ਬੁਰੀ ਤਰ੍ਹਾਂ ਜ਼ਖ਼ਮੀ ਹੋਏ ਕਾਰ ਚਾਲਕ ਵਿਸ਼ਾਲ ਨੂੰ ਲੋਕਾਂ ਨੇ ਇਲਾਜ ਲਈ ਗੋਨਿਆਣਾ ਦੇ ਸਿਵਲ ਹਸਪਤਾਲ ਦਾਖ਼ਲ ਕਰਵਾਇਆ, ਜਿੱਥੋਂ ਉਸ ਸਿਵਲ ਹਸਪਤਾਲ ਬਠਿੰਡਾ ਭੇਜ ਦਿਤਾ ਗਿਆ। ਮ੍ਰਿਤਕਾਂ ਦੀ ਪਛਾਣ ਦਵਿੰਦਰ ਅਤੇ ਸਤਵੀਰ ਵਾਸੀ ਜ਼ੀਰਾ ਵਜੋਂ ਹੋਈ ਹੈ। ਜਾਣਕਾਰ ਸੂਤਰਾਂ ਅਨੁਸਾਰ ਤਿੰਨੇ ਨੌਜਵਾਨ ਬਠਿੰਡਾ ਵਿਖੇ ਆਪਣੇ ਇਕ ਮਿੱਤਰ ਦੇ ਜਨਮ ਦਿਨ ਦੀ ਪਾਰਟੀ ਵਿਚ ਸ਼ਾਮਲ ਹੋਣ ਜਾ ਰਹੇ ਸਨ।

## ਸੜਕ ਹਾਦਸੇ ਵਿੱਚ ਪਤੀ ਦੀ ਮੌਤ, ਪਤਨੀ ਫੱਟੜ

ਜਲੰਧਰ, 26 ਮਈ (ਪੋਸਟ ਬਿਊਰੋ)- ਟਰਾਂਸਪੋਰਟ ਨਗਰ ਦੇ ਫਲਾਈਓਵਰ ਉੱਤੇ ਇੱਕ ਮੋਟਰ ਸਾਈਕਲ 'ਤੇ ਜਾ ਰਹੇ ਪਤੀ-ਪਤਨੀ ਨੂੰ ਇੱਕ ਤੇਜ਼ ਰਫਤਾਰ ਵਾਹਨ ਨੇ ਟੱਕਰ ਮਾਰ ਦਿੱਤੀ। ਇਸ ਨਾਲ ਮੋਟਰ ਸਾਈਕਲ ਸਮੇਤ ਪਤੀ ਪਤਨੀ ਫਲਾਈਓਵਰ ਤੋਂ ਹੇਠਾਂ ਡਿੱਗ ਪਏ ਤਾਂ ਪਤੀ ਦੀ ਮੌਕੇ 'ਤੇ ਮੌਤ ਹੋ ਗਈ, ਪਰ ਪਤਨੀ ਗੰਭੀਰ ਜ਼ਖ਼ਮੀ ਹੋਈ ਹੈ, ਜਿਸ ਨੂੰ ਨੇੜਲੇ ਨਿੱਜੀ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ।

ਪਤਾ ਲੱਗਾ ਹੈ ਕਿ ਅਮਰਜੀਤ ਸਿੰਘ (55) ਪੁੱਤਰ ਕਰਨੈਲ ਸਿੰਘ ਵਾਸੀ ਬਾਬਾ ਬਕਾਲਾ ਅਤੇ ਉਸ ਦੀ ਪਤਨੀ ਸੁਖਵਿੰਦਰ ਕੌਰ ਮੋਟਰ ਸਾਈਕਲ 'ਤੇ ਜਲੰਧਰ ਰਿਸ਼ਤੇਦਾਰਾਂ ਨੂੰ ਮਿਲਣ ਆਏ ਸਨ। ਜਦੋਂ ਉਹ ਵਾਪਸ ਬਾਬਾ ਬਕਾਲਾ ਜਾ ਰਹੇ ਸਨ ਤਾਂ ਟਰਾਂਸਪੋਰਟ ਨਗਰ ਫਲਾਈਓਵਰ ਉੱਤੇ ਪਿੱਛੋਂ ਆਏ ਤੇਜ਼ ਰਫਤਾਰ ਵਾਹਨ ਨੇ ਟੱਕਰ ਮਾਰ ਦਿੱਤੀ। ਇਸ ਦੇ ਨਾਲ ਮੋਟਰ ਸਾਈਕਲ ਫਲਾਈਓਵਰ ਤੋਂ ਹੇਠਾਂ ਜਾ ਡਿੱਗਾ ਅਤੇ ਅਮਰਜੀਤ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ। ਸੁਖਵਿੰਦਰ ਕੌਰ ਗੰਭੀਰ ਜ਼ਖਮੀ ਹੋਈ ਹੈ, ਜਿਸ ਨੂੰ ਨਿੱਜੀ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ। ਮੌਕੇ ਉੱਤੇ ਪੁੱਜੇ ਏ ਐੱਸ ਆਈ ਨਿਰਮਲ ਸਿੰਘ ਨੇ ਕਿਹਾ ਕਿ ਜ਼ਖਮੀ ਔਰਤ ਸੁਖਵਿੰਦਰ ਕੌਰ ਅਧਿਆਪਕਾ ਹੈ ਤੇ ਉਸ ਦਾ ਪਤੀ ਉਸੇ ਸਕੂਲ ਦੀ ਕੰਟੀਨ ਚਲਾਉਂਦਾ ਹੈ।

## ਬਾਡੀ ਬਿਲਡਰ ਸ਼ਮਸ਼ਾਦ ਖਾਨ ਦੀ ਹੱਤਿਆ ਕਰ ਦਿੱਤੀ ਗਈ

ਨਾਭਾ, 26 ਮਈ (ਪੋਸਟ ਬਿਊਰੋ)- ਪਿੰਡ ਢੀਂਗੀ ਨੇੜੇ ਕੱਲ੍ਹ ਰਾਤ ਬਾਡੀ ਬਿਲਡਰ ਸ਼ਮਸ਼ਾਦ ਖਾਨ ਦੀ ਤੇਜ਼ ਹਥਿਆਰਾਂ ਨਾਲ ਹੱਤਿਆ ਕਰ ਦਿੱਤੀ ਗਈ ਹੈ। ਪਰਵਾਰਕ ਮੈਂਬਰਾਂ ਨੇ ਸ਼ਮਸ਼ਾਦ ਦੀ ਲਾਸ਼ ਸੜਕ 'ਤੇ ਰੱਖ ਕੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ। ਮੌਕੇ ਉੱਤੇ ਪੁੱਜੇ ਡੀ ਐੱਸ ਪੀ ਵਰਿੰਦਰਜੀਤ ਸਿੰਘ ਮਾਨ ਵੱਲੋਂ ਦਿੱਤੇ ਭਰੋਸੇ ਪਿੱਛੋਂ ਸ਼ਮਸ਼ਾਦ ਦੇ ਭਰਾ ਦੇ ਬਿਆਨ 'ਤੇ ਦੋ ਜਣਿਆਂ ਉੱਤੇ ਕਤਲ ਦਾ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕੀਤੀ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਨਾਭਾ ਨੇੜਲੇ ਪਿੰਡ ਹਰੀਗੜ੍ਹ ਦਾ ਬਾਡੀ ਬਿਲਡਰ ਸ਼ਮਸ਼ਾਦ ਖਾਨ ਰਾਤ ਆਪਣੇ ਪਿੰਡ ਜਾ ਰਿਹਾ ਸੀ। ਇਸੇ ਦੌਰਾਨ ਪਿੰਡ ਢੀਂਗੀ ਨੇੜੇ ਕੁਝ ਲੋਕਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਉਸ 'ਤੇ ਹਮਲਾ ਕਰ ਕੇ ਉਸ ਨੂੰ ਜ਼ਖਮੀ ਕਰ ਦਿੱਤਾ। ਸ਼ਮਸ਼ਾਦ ਦੇ ਸਾਥੀ ਹਰਵਿੰਦਰ ਹੈਰੀ ਨੇ ਦੱਸਿਆ ਕਿ ਸ਼ਮਸ਼ਾਦ ਨੂੰ ਉਸ ਨੇ ਸਰਕਾਰੀ ਹਸਪਤਾਲ ਤੱਕ ਪਹੁੰਚ-ਾਇਆ ਸੀ, ਜਿੱਥੇ ਡਾਕਟਰਾਂ ਵੱਲੋਂ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਹੈਰੀ ਦੇ ਅਨੁਸਾਰ ਸ਼ਮਸ਼ਾਦ ਦੇ ਸਰੀਰ 'ਤੇ ਤੇਜ਼ਧਾਰ ਹਥਿਆਰਾਂ ਦੇ ਬਹੁਤ ਸਾਰੇ ਨਿਸ਼ਾਨ ਸਨ। ਸ਼ਮਸ਼ਾਦ ਦੇ ਪਿਤਾ ਦਿਲਵਰ ਖਾਨ ਨੇ ਦੱਸਿਆ ਕਿ ਰਾਤ ਸ਼ਮਸ਼ਾਦ ਦਾ ਫੋਨ ਆਇਆ ਸੀ ਕਿ ਉਹ ਰਸਤੇ ਵਿੱਚ ਹੈ ਅਤੇ ਘਰ ਆ ਰਿਹਾ ਹੈ, ਪਰ ਰਸਤੇ ਵਿੱਚ ਹੀ ਉਸ ਦੀ ਹੱਤਿਆ ਹੋ ਗਈ। ਸ਼ਮਸ਼ਾਦ ਦੇ ਭਰਾ ਕਰਮ ਖਾਨ ਨੇ ਦੇ ਬਿਆਨਾਂ 'ਤੇ ਪੁਲਸ ਨੇ ਸੁਰਜੀਤ ਵਰਮਾ ਤੇ ਗੁਰਵਿੰਦਰ ਸਿੰਘ ਗੁਰੀ ਵਿਰੁੱਧ ਹੱਤਿਆ ਦਾ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।


ਸ਼ਮਸ਼ਾਦ ਅਲੀ ਦੀ ਫਾਇਲ ਫੋਟੋ।

ਵਰਨਣ ਯੋਗ ਹੈ ਕਿ ਸ਼ਮਸ਼ਾਦ ਦੀ ਜੇ ਡੀ ਜਿਮ ਦੇ ਮਾਲਕ ਨਾਲ ਜਾਣ ਪਛਾਣ ਸੀ। ਦੋਵਾਂ ਦਾ ਪੈਸਿਆਂ ਦਾ ਲੈਣ-ਦੇਣ ਹੋਇਆ ਸੀ, ਜਿਸ ਬਾਰੇ ਦੋਵਾਂ 'ਚ ਰੰਜਿਸ਼ ਕਾਰਨ ਜਿਮ ਮਾਲਕ ਸੁਰਜੀਤ ਸਿੰਘ ਤੇ ਗੁਰੀ ਨਾਲ ਝਗੜਾ ਹੋਇਆ ਤਾਂ ਦੋਵੇਂ ਵੱਖ-ਵੱਖ ਧੜਿਆਂ ਵਿੱਚ ਸ਼ਾਮਲ ਹੋ ਗਏ। ਗੁਰੀ ਧੜੇ ਨੇ ਪਹਿਲਾਂ ਵੀ ਸ਼ਮਸ਼ਾਦ ਨਾਲ ਝਗੜਾ ਕੀਤਾ ਸੀ ਜਿਸ ਕਾਰਨ ਥਾਣੇ ਵਿੱਚ ਸ਼ਿਕਾਇਤ ਦਿੱਤੀ ਗਈ ਸੀ, ਪਰ ਸਮਝੌਤਾ ਹੋ ਗਿਆ ਸੀ। ਦੋਵਾਂ ਧੜਿਆਂ ਦਾ ਅਕਸਰ ਟਕਰਾਅ ਹੁੰਦਾ ਰਹਿੰਦਾ ਸੀ। ਇਸੇ ਕਰ ਕੇ ਸ਼ੁੱਕਰਵਾਰ ਨੂੰ ਸਕੂਟੀ 'ਤੇ ਘਰ ਮੁੜਨ ਵੇਲੇ ਸ਼ਮਸ਼ਾਦ 'ਤੇ ਹਮਲਾ ਕੀਤਾ ਗਿਆ ਦੱਸਿਆ ਜਾਂਦਾ ਹੈ।

## ਕਪੂਰਥਲਾ ਦੇ ਚਾਚਾ ਗੰਨ ਹਾਊਸ ਦੇ ਮਾਲਕਾਂ ਉੱਤੇ ਕੇਸ ਦਰਜ

ਜਲੰਧਰ, 26 ਮਈ (ਪੋਸਟ ਬਿਊਰੋ)- ਨਕੋਦਰ ਚੌਕ ਨੇੜੇ ਲਵਲੀ ਆਟੋਜ਼ ਦੀ ਦੂਸਰੀ ਮੰਜ਼ਿਲ 'ਤੇ ਬਣੀ ਕੰਟੀਨ ਵਿੱਚ ਛੇ ਮਈ 2019 ਨੂੰ ਮਨਪ੍ਰੀਤ ਸਿੰਘ ਨੇ ਸੀਮਾ ਤਿਵਾੜੀ ਨੂੰ ਗੋਲੀਆਂ ਮਾਰ ਕੇ ਗੰਭੀਰ ਜ਼ਖਮੀ ਕਰ ਦਿੱਤਾ ਤੇ ਆਪਣੇ ਸਿਰ ਵਿੱਚ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ ਸੀ। ਬਾਅਦ ਵਿੱਚ ਸੀਮਾ ਦੀ ਵੀ ਮੌਤ ਹੋ ਗਈ ਸੀ।

ਇਸ ਵਾਰਦਾਤ ਵਿੱਚ ਮਨਪ੍ਰੀਤ ਸਿੰਘ ਵੱਲੋਂ ਵਰਤੀ ਗਈ ਰਿਵਾਲਵਰ ਦੀ ਜਾਂਚ ਪੂਰੀ ਹੋ ਜਾਣ ਪਿੱਛੋਂ ਥਾਣਾ ਨੰਬਰ ਚਾਰ ਦੀ ਪੁਲਸ ਨੇ ਚਾਚਾ ਗੰਨ ਹਾਊਸ, ਕਪੂਰਥਲਾ ਦੇ ਮਾਲਕ ਬਿਕਰਮਜੀਤ ਸਿੰਘ ਤੇ ਉਸ ਦੇ ਪਿਤਾ ਸਵਰਨਜੀਤ ਸਿੰਘ ਖਿਲਾਫ ਕੇਸ ਦਰਜ ਕਰ ਲਿਆ ਹੈ। ਜਾਂਚ ਵਿੱਚ ਪਤਾ ਲੱਗਾ ਕਿ ਮਨਪ੍ਰੀਤ ਸਿੰਘ ਨੇ ਜਿਸ ਰਿਵਾਲਵਰ ਨਾਲ ਗੋਲੀਆਂ ਚਲਾਈਆਂ ਸਨ, ਉਹ ਗੁਰਵਿੰਦਰ ਸਿੰਘ ਕੋਹਲੀ ਵਾਸੀ ਮਖਦੂਮਪੁਰਾ, ਜਲੰਧਰ ਦੇ ਨਾਂਅ ਸੀ ਅਤੇ ਉਸ ਨੇ 13 ਦਸੰਬਰ 2015 ਨੂੰ ਇਹ ਰਿਵਾਲਵਰ ਮਨਜੀਤ ਕੌਰ ਨੂੰ ਵੇਚ ਦਿੱਤਾ ਸੀ। ਮਨਜੀਤ ਕੌਰ ਨੇ 16 ਨਵੰਬਰ 2016 ਨੂੰ ਇਹ ਰਿਵਾਲਵਰ ਚਾਚਾ ਗੰਨ ਹਾਊਸ ਆਰਮਜ਼ ਐਂਡ ਐਮੂਨੇਸ਼ਨ ਡੀਲਰ, ਸੁਖਜੀਤ ਨਗਰ, ਕਪੂਰਥਲਾ ਵਿਖੇ ਜਮ੍ਹਾ ਕਰਵਾ ਦਿੱਤਾ ਸੀ। ਫਿਰ ਮਨਜੀਤ ਕੌਰ ਦੀ ਮਿਤੀ 10 ਫਰਵਰੀ 2017 ਨੂੰ ਮੌਤ ਹੋ ਜਾਣ ਪਿੱਛੋਂ ਉਸ ਦੇ ਰਿਸ਼ਤੇਦਾਰਾਂ ਨੇ ਗੰਨ ਹਾਊਸ ਮਾਲਕ ਨੂੰ ਫੀਸ ਜਮ੍ਹਾ ਕਰਵਾ ਕੇ ਰਿਵਾਲਵਰ 16 ਨਵੰਬਰ 2019 ਤੱਕ ਜਮ੍ਹਾ ਕਰਵਾ ਦਿੱਤਾ ਸੀ। ਗੰਨ ਹਾਊਸ ਦਾ ਮਾਲਕ ਸੰਦੀਪ ਸਿੰਘ ਪੁੱਤਰ ਬਲਬੀਰ ਸਿੰਘ ਪਿੰਡ ਕੁਰਾਲੀ, ਲਾਂਬੜਾ ਸਾਲ 2016 ਵਿੱਚ ਵਿਦੇਸ਼ ਗਿਆ ਤਾਂ ਚਾਚਾ ਗੰਨ ਹਾਊਸ ਦੇ ਬਿਕਰਮਜੀਤ ਸਿੰਘ ਨੂੰ ਸੌਂਪ ਗਿਆ ਸੀ। ਪੁਲਸ ਜਾਂਚ ਦੌਰਾਨ ਪਤਾ ਲੱਗਾ ਕਿ ਬਿਕਰਮਜੀਤ ਸਿੰਘ ਤੇ ਉਸ ਦਾ ਪਿਤਾ ਸਵਰਨਜੀਤ ਸਿੰਘ ਇਹ ਗੰਨ ਹਾਊਸ ਚਲਾ ਰਹੇ ਸਨ ਅਤੇ ਉਨ੍ਹਾਂ ਨੇ ਮਨਪ੍ਰੀਤ ਸਿੰਘ ਨੂੰ ਇਹ ਰਿਵਾਲਵਰ ਦਿੱਤਾ ਸੀ।

## ਕਾਰ ਦੀ ਟੱਕਰ ਨਾਲ ਮੋਟਰ ਸਾਈਕਲ ਚਾਲਕ ਦੀ ਮੌਤ

ਭੋਗਪੁਰ, 26 ਮਈ (ਪੋਸਟ ਬਿਊਰੋ)- ਕੱਲ੍ਹ ਸ਼ਾਮ ਜਲੰਧਰ-ਜੰਮੂ ਨੈਸ਼ਨਲ ਹਾਈਵੇ ਉਪਰ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਲੜੋਆ ਨੇੜੇ ਪੁਲ ਉਤੇ ਇੰਡੀਕਾ ਕਾਰ ਤੇ ਮੋਟਰ ਸਾਈਕਲ ਦੀ ਟੱਕਰ ਹੋ ਗਈ। ਪਤਾ ਲੱਗਾ ਹੈ ਕਿ ਜਲੰਧਰ ਤੋਂ ਪਠਾਨਕੋਟ ਵੱਲ ਜਾਂਦੀ ਇੰਡੀਕਾ ਵਿਸਟਾ ਕਾਰ, ਜਿਸ ਨੂੰ ਇੱਕ ਪੁਲਸ ਵਾਲਾ ਚਲਾ ਰਿਹਾ ਸੀ, ਨੇ ਆਪਣੇ ਅੱਗੇ ਜਾ ਰਹੇ ਮੋਟਰ ਸਾਈਕਲ ਨੂੰ ਪਿੱਛੋਂ ਟੱਕਰ ਮਾਰੀ ਤਾਂ ਮੋਟਰ ਸਾਈਕਲ ਚਾਲਕ ਜ਼ਖਮੀ ਹੋ ਗਿਆ। ਟੱਕਰ ਇੰਨੀ ਵੱਡੀ ਸੀ ਕਿ ਕਾਰ ਨੌਜਵਾਨ ਨੂੰ ਆਪਣੇ ਨਾਲ ਘੜੀਸਦੀ ਦੂਰ ਤੱਕ ਲੈ ਗਈ। ਹਾਦਸੇ ਦਾ ਸ਼ਿਕਾਰ ਹੋਏ ਵਿਅਕਤੀ ਦੇ ਸਿਰ ਅਤੇ ਛਾਤੀ ਉਪਰ ਡੂੰਘੀਆਂ ਸੱਟਾਂ ਲੱਗੀਆਂ ਸਨ। ਰਾਹਗੀਰਾਂ ਨੇ ਉਸ ਨੂੰ ਭੋਗਪੁਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਾਇਆ ਹੈ, ਪਰ ਕਾਰ ਚਾਲਕ ਗੱਡੀ ਨੂੰ ਛੱਡ ਕੇ ਭੱਜ ਗਿਆ। ਜ਼ਖਮੀ ਨੌਜਵਾਨ ਦੀ ਪਛਾਣ ਦੀਪਕ ਪੁੱਤਰ ਹੇਮਰਾਜ ਪਿੰਡ ਜੋੜਾ ਵਜੋਂ ਹੋਈ, ਜਿਹੜਾ ਸੀ ਟੀ ਕਾਲਜ ਜਲੰਧਰ ਵਿੱਚ ਬੀ ਬੀ ਏ ਦੀ ਪੜ੍ਹਾਈ ਕਰ ਰਿਹਾ ਹੈ। ਹਾਦਸੇ ਦਾ ਸ਼ਿਕਾਰ ਵਿਅਕਤੀ ਨੂੰ ਮੁੱਢਲੀ ਸਹਾਇਤਾ ਦੇਣ ਉਪਰੰਤ ਜੌਹਲ ਹਸਪਤਾਲ ਜਲੰਧਰ ਵਿਖੇ ਰੈਫਰ ਕਰ ਦਿੱਤਾ ਸੀ, ਜਿੱਥੇ ਉਸ ਦੀ ਮੌਤ ਹੋ ਗਈ। ਥਾਣਾ ਭੋਗਪੁਰ ਦੇ ਏ ਐੱਸ ਆਈ ਕਰਨੈਲ ਸਿੰਘ ਨੇ ਕਾਰ ਤੇ ਮੋਟਰ ਸਾਈਕਲ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਕਾਰ ਚਾਲਕ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਹਾਦਸਾ ਕਰਨ ਵਾਲੀ ਕਾਰ ਵਿੱਚੋਂ ਪੁਲਸ ਨੂੰ ਪੰਜਾਬ ਪੁਲਸ ਦੀ ਵਰਦੀ, ਖੁੱਲ੍ਹੀ ਪਈ ਸ਼ਰਾਬ, ਮੋਬਾਈਲ, ਨਸ਼ੀਲੀਆਂ ਤੇ ਇਤਰਾਜ਼ ਯੋਗ ਵਸਤੂਆਂ ਵੱਡੀ ਮਾਤਰਾ ਵਿੱਚ ਮਿਲੀਆਂ ਹਨ। ਗੱਡੀ ਵਿੱਚ ਪਈ ਪੁਲਸ ਵਰਦੀ ਉਪਰ ਲੱਗੀ ਪਲੇਟ 'ਤੇ ਮਨਜਿੰਦਰਪਾਲ ਸਿੰਘ ਸਿਪਾਹੀ ਲਿਖਿਆ ਸੀ।

A/Z Drivers Needed/ਡਰਾਈਵਰਾਂ ਦੀ ਲੋੜ



- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job
For Further Information Contact: 6476253344





## ਮੁੱਖ ਮੰਤਰੀ ਦਾ ਅਹੁਦਾ ਛੱਡਣਾ ਚਾਹੁੰਦੀ ਹਾਂ, ਪਾਰਟੀ ਨਹੀਂ ਮੰਨਦੀ: ਮਮਤਾ

ਕੋਲਕਾਤਾ, 26 ਮਈ, (ਪੋਸਟ ਬਿਊਰੋ)- ਲੋਕ ਸਭਾ ਚੋਣਾਂ ਦੇ ਨਤੀਜਿਆਂ ਦੀ ਘੋਖ ਲਈ ਕਾਲੀਘਾਟ ਵਿਚਲੇ ਆਪਣੇ ਘਰ ਅੱਜ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਤੇ ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਨੇ ਪਾਰਟੀ ਨੇਤਾਵਾਂ ਨਾਲ ਬੈਠਕ ਕੀਤੀ ਤੇ ਇਸ ਦੇ ਬਾਅਦ ਪੱਤਰਕਾਰਾਂ ਨੂੰ ਕਿਹਾ: ਮੈਂ ਮੁੱਖ ਮੰਤਰੀ ਦਾ ਅਹੁਦਾ ਛੱਡਣਾ ਚਾਹੁੰਦੀ ਸੀ, ਪਰ ਪਾਰਟੀ ਨੇ ਨਹੀਂ ਮੰਨਿਆ। ਮੈਨੂੰ ਕੁਰਸੀ ਨਹੀਂ ਚਾਹੀਦੀ। ਮੈਂ ਪਾਰਟੀ ਦੇ ਮੁਖੀ ਦਾ ਕੰਮ ਕਰਨਾ ਚਾਹੁੰਦੀ ਹਾਂ।'

ਇਸ ਮੌਕੇ ਮਮਤਾ ਬੈਨਰਜੀ ਨੇ ਕਿਹਾ: ਪਿਛਲੇ ਪੰਜ ਮਹੀਨੇ ਮੈਨੂੰ ਕੰਮ ਨਹੀਂ ਕਰਨ ਦਿੱਤਾ ਗਿਆ। ਪੱਛਮੀ ਬੰਗਾਲ ਵਿੱਚ ਐਮਰਜੈਂਸੀ ਵਰਗੇ ਹਾਲਾਤ ਪੈਦਾ ਕੀਤੇ ਗਏ। ਮੈਂ ਖ਼ੁਦ ਨੂੰ ਅਪਮਾਨਤ ਮਹਿਸੂਸ ਕਰਦੀ ਹਾਂ, ਇਸ ਕਰ ਕੇ ਕਹਿਣਾ ਚਾਹੁੰਦੀ ਹਾਂ ਕਿ ਇਸ ਮਾਹੌਲ ਵਿੱਚ ਮੈਨੂੰ ਮੁੱਖ ਮੰਤਰੀ ਬਣੇ ਰਹਿਣ ਦੀ ਇੱਛਾ ਨਹੀਂ। ਪਾਰਟੀ ਨੇ ਅਹੁਦਾ ਛੱਡਣ ਦੀ ਗੱਲ ਨਹੀਂ ਮੰਨੀ, ਇਸ ਲਈ ਅਹੁਦੇ ਉੱਤੇ ਹਾਂ, ਪਰ ਮੈਂ ਇਸ ਅਹੁਦੇ ਉੱਤੇ ਓਦੋਂ ਹੀ ਰਹਾਂਗੀ, ਜਦੋਂ ਸਮੁੱਚੀ ਪਾਰਟੀ ਇਕਜੁੱਟ ਰਹਿਣ ਦਾ ਵਾਅਦਾ ਕਰੇ। ਚੋਣ ਨਤੀਜੇ ਆਉਣ ਪਿੱਛੋਂ ਮਮਤਾ ਪਹਿਲੀ ਵਾਰੀ ਜਨਤਕ ਰੂਪ ਨਾਲ ਸਾਹਮਣੇ ਆਈ ਸੀ।

# ਇਸ ਵਾਰ ਕੁੱਲ ਮਿਲਾ ਕੇ 233 ਦਾਗ਼ੀ ਆਗੂ ਪਾਰਲੀਮੈਂਟ ਮੈਂਬਰ ਚੁਣੇ ਗਏ

ਨਵੀਂ ਦਿੱਲੀ, 26 ਮਈ, (ਪੋਸਟ ਬਿਊਰੋ)- ਸਿਆਸਤ ਨੂੰ ਅਪਰਾਧ ਮੁਕਤ ਕਰਨ ਦੇ ਯਤਨ ਹੋਣ ਦੇ ਬਾਵਜੂਦ ਨਵੀਂ ਲੋਕ ਸਭਾ ਵਿਚ ਪਹੁੰਚਣ ਵਾਲਿਆਂ ਵਿਚ ਦਾਗੀ ਉਮੀਦਵਾਰਾਂ ਨੇ ਇੱਕ ਨਵਾਂ ਰਿਕ-ਾਰਡ ਬਣਾ ਦਿੱਤਾ ਹੈ।



ਮਿਲੀ ਜਾਣਕਾਰੀ ਅਨੁਸਾਰ ਇਸ ਵਾਰ ਪਾਰਲੀਮੈਂਟ ਵਿਚ ਪਹੁੰਚੇ ਨੇਤਾਵਾਂ ਵਿਚੋਂ 233 (43 ਫੀਸਦੀ) ਦੇ ਵਿਰੁੱਧ ਅਪਰਾਧਿਕ ਕੇਸ ਦਰਜ ਹਨ। ਸਾਲ 2014 ਵਿਚ 185 ਦਾਗੀ ਉਮੀਦਵਾਰਾਂ ਜਿੱਤੇ ਸਨ। ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ (ਏ ਡੀ ਆਰ) ਨੇ 3 ਪਾਰਲੀਮੈਂਟ ਮੈਂਬਰਾਂ ਦੇ ਐਫੀਡੇਵਿਟ ਵਿਚ ਸਾਫ ਜਾਣਕਾਰੀ ਨਾ ਮਿਲਣ ਕਾਰਨ 539 ਚੁਣੇ ਜਾ ਚੁੱਕੇ ਪਾਰਲੀਮੈਂਟ ਮੈਂਬਰਾਂ ਦੇ ਵੇਰਵੇ ਦਾ ਵਿਸ਼ਲੇਸ਼ਣ ਕੀਤਾ ਤਾਂ ਇਨ੍ਹਾਂ ਜਿੱਤਣ ਵਾਲੇ ਆਗੂਆਂ ਵਿਚੋਂ 159 (29 ਫੀਸਦੀ) ਦੇ ਵਿਰੁੱਧ ਗੰਭੀਰ ਅਪਰਾਧਿਕ ਕੇਸ ਨਿਕਲੇ ਹਨ, ਜਿਨ੍ਹਾਂ ਵਿਚ ਬਲਾਤਕਾਰ, ਕਤਲ, ਇਰਾਦਾ ਕਤਲ, ਅਗਵਾ ਅਤੇ ਔਰਤਾਂ ਵਿਰੁੱਧ ਅਪਰਾਧ ਸ਼ਾਮਲ ਹਨ। ਭਾਜਪਾ ਦੇ 301 ਪਾਰਲੀਮੈਂਟ ਮੈਂਬਰਾਂ ਵਿਚੋਂ 116, ਕਾਂਗਰਸ ਦੇ 52 ਵਿਚੋਂ 29, ਡੀ ਐਮ ਕੇ ਦੇ 23 ਵਿਚੋ 10, ਤ੍ਰਿਣਮੂਲ ਕਾਂਗਰਸ ਦੇ 22 ਵਿਚੋਂ 10 ਅਤੇ ਜਨਤਾ ਦਲ (ਯੂ) ਦੇ 16 ਵਿਚੋਂ 13 ਪਾਰਲੀਮੈਂਟ ਮੈਂਬਰਾਂ ਉੱਤੇ ਅਪਰਾਧਿਕ ਕੇਸ ਦਰਜ ਹਨ।

ਏ ਡੀ ਆਰ ਦੇ ਸਰਵੇ ਵਿਚ 10 ਪਾਰਲੀਮੈਂਟ ਮੈਂਬਰਾਂ ਨੇ ਅਪਰਾਧਿਕ ਕੇਸਾਂ ਵਿਚ ਸਜ਼ਾ ਹੋਣ ਦੀ ਗੱਲ ਮੰਨੀ ਹੈ। ਇਨ੍ਹਾਂ ਵਿਚੋਂ 5 ਭਾਜਪਾ, 4 ਕਾਂ-ਗਰਸ ਅਤੇ 1 ਵਾਈ ਐੱਸ ਆਰ ਕਾਂਗਰਸ ਦਾ ਮੈਂਬਰ ਹੈ ਅਤੇ ਇਨ੍ਹਾਂ ਵਿਚੋਂ 4 ਕੇਰਲਾ, 2 ਮੱਧ ਪ੍ਰਦੇਸ਼, ਇਕ-ਇਕ ਉਮੀਦਵਾਰ ਉੱਤਰ ਪ੍ਰਦੇਸ਼, ਰਾਜਸਥਾਨ, ਮਹਾਰਾਸ਼ਟਰ ਅਤੇ ਆਂਧਰਾ ਪ੍ਰਦੇਸ਼ ਤੋਂ ਹੈ। ਕਾਂਗਰਸ ਵਲੋਂ ਕੇਰਲ ਦੇ ਇਡੁੱਕੀ ਸੀਟ ਤੋਂ ਜਿੱਤੇ ਡੀਨ ਕੁਰਿਕਯਾਕੋਸੇ ਉੱਤੇ ਕੁਲ 204 ਕੇਸ ਹਨ। 30 ਪਾਰਲੀਮੈਂਟ ਮੈਂਬਰਾਂ ਨੇ ਐਫੀਡੇਵਿਟ ਵਿਚ ਇਰਾਦਾ ਕਤਲ ਦੇ ਕੇਸ ਦਰਜ ਹੋਣਾ ਮੰਨਿਆ ਹੈ, 19 ਮੈਂਬਰਾਂ ਨੇ ਔਰਤਾਂ ਵਿਰੁੱਧ ਅਪਰਾਧ ਦਾ ਜ਼ਿਕਰ ਕੀਤਾ ਹੈ। ਇਨ੍ਹਾਂ ਵਿਚੋਂ 3 ਨੇ ਬਲਾਤਕਾਰ ਦਾ ਕੇਸ ਮੰਨਿਆ ਅਤੇ ਪਾਰਲੀਮੈਂਟ ਦੇ 6 ਮੈਂਬਰਾਂ ਉੱਤੇ ਅਗਵਾ ਦੇ ਕੇਸ ਹਨ।

ਨਵੀਂ ਲੋਕ ਸਭਾ ਵਿਚ ਦੁਬਾਰਾ ਚੁਣੇ ਗਏ 225 ਪਾਰਲੀਮੈਂਟ ਮੈਂਬਰਾਂ ਦੀ 5 ਸਾਲ ਦੀ ਜਾਇਦਾਦ ਵਿਚ ਵਾਧੇ ਦਾ ਮੁਲਾਂਕਣ ਕੀਤਾ ਗਿਆ ਤਾਂ 2014 ਵਿਚ ਪਾਰਲੀਮੈਂਟ ਮੈਂਬਰਾਂ ਦੀ ਔਸਤ ਜਾਇਦਾਦ 17.07 ਕਰੋੜ ਸੀ, ਜੋ 2019 ਵਿਚ 21.94 ਕਰੋੜ ਉੱਤੇ ਪਹੁੰਚ ਗਈ ਹੈ। ਨਵੀਂ ਲੋਕ ਸਭਾ ਵਿਚ 475 ਉਮੀਦਵਾਰ ਕਰੋੜਪਤੀ ਹਨ। ਇਨ੍ਹਾਂ ਵਿਚੋਂ ਪਾਰਟੀ ਅਨੁਸਾਰ ਭਾਜਪਾ ਦੇ ਸਭ ਤੋਂ ਵੱਧ 265, ਕਾਂਗਰਸ ਦੇ 43, ਡੀ ਐਮ ਕੇ ਦੇ 22, ਤ੍ਰਿਣਮੂਲ ਕਾਂਗਰਸ ਦੇ 20, ਵਾਈ ਐੱਸ ਆਰ ਕਾਂਗਰਸ ਦੇ 19 ਅਤੇ ਸ਼ਿਵ ਸੈਨਾ ਦੇ 18 ਪਾਰਲੀਮੈਂਟ ਮੈਂਬਰ ਹਨ। ਮੱਧ ਪ੍ਰਦੇਸ਼ ਦੀ ਛਿੰਦਵਾੜਾ ਸੀਟ ਤੋਂ ਚੁਣੇ ਗਏ ਮੈਂਬਰ ਨਕੁਲ ਨਾਥ ਦੀ ਸਭ ਤੋਂ ਵੱਧ 660 ਕਰੋੜ ਰੁਪਏ ਦੀ ਜਾਇਦਾਦ ਹੈ। ਸਭ ਤੋਂ ਘੱਟ ਆਂਧਰਾ ਪ੍ਰਦੇਸ਼ ਦੇ ਵਾਈ ਐੱਸ ਆਰ ਦੇ ਪਾਰਲੀਮੈਂਟ ਮੈਂਬਰ ਗੋਦਿਤੀ ਮਦਾਹਾਵੀ ਦੀ 1.4 ਲੱਖ ਹੈ। ਪੰਜਾਬ, ਦਿੱਲੀ, ਮਹਾਰਾਸ਼ਟਰ ਅਤੇ ਹਿਮਾਚਲ ਪ੍ਰਦੇਸ਼ ਸਣੇ 15 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਚੁਣੇ ਗਏ ਸਾਰੇ ਪਾਰਲੀਮੈਂਟ ਮੈਂਬਰ ਕਰੋੜਪਤੀ ਹਨ। ਓਡਿਸ਼ਾ ਤੋਂ ਸਭ ਤੋਂ ਘੱਟ (67 ਫੀਸਦੀ) ਕਰੋੜਪਤੀ ਪਾਰਲੀਮੈਂਟ ਮੈਂਬਰ ਬਣੇ ਹਨ।

## ਮੇਘਾਲਿਆ ਹਾਈ ਕੋਰਟ ਨੇ ਵਿਵਾਦਤ ਹਿੰਦੀ ਰਾਸ਼ਟਰ ਦਾ ਫੈਸਲਾ ਰੱਦ ਕੀਤਾ

ਸ਼ਿਲਾਂਗ, 26 ਮਈ (ਪੋਸਟ ਬਿਊਰੋ)- ਮੇਘਾਲਿਆ ਹਾਈ ਕੋਰਟ ਨੇ ਆਪਣੇ ਇੱਕ ਸਾਬਕਾ ਜੱਜ ਐੱਸ ਆਰ ਸੇਨ ਦੇ ਉਸ ਵਿਵਾਦਤ ਫੈਸਲੇ ਨੂੰ ਰੱਦ ਕਰ ਦਿੱਤਾ ਹੈ, ਜਿਸ ਵਿੱਚ ਇਹ ਲਿਖਿਆ ਗਿਆ ਸੀ ਕਿ ਭਾਰਤ-ਪਾਕਿ ਦੇ ਬਾਅਦ ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨ ਕੀਤਾ ਜਾਣਾ ਚਾਹੀਦਾ ਸੀ। ਇਸ ਉੱਤੇ ਵਿਵਾਦ ਪੈਦਾ ਹੋ ਗਿਆ ਸੀ।



ਚੀਫ ਜਸਟਿਸ ਮੁਹੰਮਦ ਯਾਕੂਬ ਮੀਰ ਦੀ ਅਗਵਾਈ ਵਾਲੀ ਤਿੰਨ ਮੈਂਬਰੀ ਬੈਂਚ ਨੇ ਪਾਇਆ ਕਿ ਹੁਕਮ ਕਾਨੂੰਨ ਦੇ ਪੱਖ ਤੋਂ ਨੁਕਸ ਵਾਲਾ ਹੈ। ਪਿਛਲੇ ਸਾਲ ਦਸੰਬਰ ਵਿੱਚ ਜਸਟਿਸ ਸੇਨ ਦੀ ਸਿੰਗਲ ਬੈਂਚ ਨੇ ਆਪਣੇ ਫੈਸਲੇ ਵਿੱਚ ਕਿਹਾ ਸੀ ਕਿ ਜੇ ਧਰਮ ਦੇ ਆਧਾਰ ਉੱਤੇ ਭਾਰਤ ਦੀ ਵੰਡ ਹੋਈ ਹੈ ਤਾਂ ਇਸ ਨੂੰ ਹਿੰਦੂ ਰਾਸ਼ਟਰ ਐਲਾਨ ਕਰ ਦਿੱਤਾ ਜਾਣਾ ਚਾਹੀਦਾ ਹੈ। ਚੀਫ ਜਸਟਿਸ ਮੁਹੰਮਦ ਯਾਕੂਬ ਮੀਰ ਦੀ ਬੈਂਚ ਨੇ ਕਿਹਾ ਕਿ ਸਿੱਧੇ ਜਾਂ ਅਸਿੱਧੇ ਰੂਪ ਤੋਂ ਸੰਵਿਧਾਨ ਦੀ ਪ੍ਰਸਤਾਵਨਾ ਨੂੰ ਠੇਸ ਪਹੁੰਚਾਉਣ ਵਾਲੇ ਕਿਸੇ ਵੀ ਹੁਕਮ ਨੂੰ ਕਾਇਮ ਨਹੀਂ ਰੱਖਿਆ ਜਾ ਸਕਦਾ ਅਤੇ ਸਿੰਗਲ ਬੈਂਚ ਦੇ ਹੁਕਮਾਂ ਨੇ 'ਦੇਸ਼ ਦੀ ਧਰਮ ਨਿਰਪੱਖ ਭਾਵਨਾ ਅਤੇ ਭਾਰਤੀ ਸੰਵਿਧਾਨ ਦੇ ਨਿਯਮਾਂ' ਨੂੰ ਠੇਸ ਪਹੁੰਚਾਈ ਹੈ।

ਇਸ ਦੌਰਾਨ ਭਾਰਤ ਦੇ ਦੱਖਣੀ ਰਾਜ ਤਾਮਿਲ ਨਾਡੂ ਵਿੱਚ ਇੱਕ ਸਮੇਂ ਹਿੰਦੀ ਦਾ ਵਿਰੋਧ ਕਰਨ ਵਾਲੀ ਡੀ ਐੱਮ ਕੇ ਪਾਰਟੀ ਦੇ ਮੁਖੀ ਐੱਮ ਕੇ ਸਟਾਲਿਨ ਨੇ ਕਿਹਾ ਹੈ ਕਿ ਭਾਰਤ ਕੇਵਲ ਹਿੰਦੀ ਬੋਲਣ ਵਾਲਿਆਂ ਦਾ ਹੀ ਦੇਸ਼ ਨਹੀਂ ਹੈ, ਇਸ ਲਈ ਕੇਂਦਰ ਨੂੰ ਦੇਸ਼ ਦੇ ਕਿਸੇ ਵੀ ਸੂਬੇ ਦੀ ਅਣਦੇਖੀ ਨਹੀਂ ਕਰਨੀ ਚਾਹੀਦੀ। ਸਟਾਲਿਨ ਨੇ ਕੱਲ੍ਹ ਏਥੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਭਾਜਪਾ ਦਾ ਵਿਰੋਧ ਕਰਨਾ ਜਾਰੀ ਰੱਖੇਗੀ। ਇਸ ਦਾ ਐਲਾਨ ਕਰਦੇ ਹੋਏ ਡੀ ਐੱਮ ਕੇ ਮੁਖੀ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਦੂਸਰੇ ਰਾਜਾਂ ਵਿੱਚ ਵੀ ਭਾਜਪਾ ਦਾ ਵਿਰੋਧ ਕਰੇਗੀ। ਪਾਰਟੀ ਕਾਰਕੁਨਾਂ ਦੇ ਨਾਂਅ ਸੰਬੋਧਨ ਆਪਣੇ ਇੱਕ ਖੁੱਲ੍ਹੇ ਪੱਤਰ ਵਿੱਚ ਉਨ੍ਹਾਂ ਨੇ ਕਿਹਾ ਕਿ ਇਹ ਸਮਾਂ ਦੇਸ਼ ਦੇ ਸਾਰੇ ਵਰਗਾਂ ਤੇ ਧਰਮਾਂ ਦੇ ਲੋਕਾਂ ਨੂੰ ਗਲੇ ਲਾਉਣ ਅਤੇ ਉਨ੍ਹਾਂ ਨੂੰ ਨਾਲ ਲੈ ਕੇ ਚੱਲਣ ਦਾ ਹੈ। ਕੇਂਦਰ ਵਿੱਚ ਕਿਸੇ ਵੀ ਦਲ ਦੀ ਸਰਕਾਰ ਬਣੇ ਉਸ ਨੂੰ ਕਿਸੇ ਵੀ ਸੂਬੇ ਦੀ ਅਣਦੇਖੀ ਨਹੀਂ ਕਰਨੀ ਚਾਹੀਦੀ, ਕਿਉਂਕਿ ਇਹ ਦੇਸ਼ ਕੇਵਲ ਹਿੰਦੀ ਭਾਸ਼ੀ ਲੋਕਾਂ ਦਾ ਨਹੀਂ ਹੈ।

## ਧਰਮਾਂ ਨਾਲ ਜੁੜੀਆਂ ਪਾਰਟੀਆਂ ਬਾਰੇ ਦਿੱਲੀ ਹਾਈ ਕੋਰਟ ਦਾ ਚੋਣ ਕਮਿਸ਼ਨ ਨੂੰ ਨੋਟਿਸ

ਨਵੀਂ ਦਿੱਲੀ, 26 ਮਈ (ਪੋਸਟ ਬਿਊਰੋ)- ਲੋਕ ਸਭਾ ਦੀਆਂ ਚੋਣਾਂ ਦੇ ਨਤੀਜੇ ਆਉਣ ਤੋਂ ਇੱਕ ਦਿਨ ਪਿੱਛੋਂ ਦਿੱਲੀ ਹਾਈ ਕੋਰਟ ਨੇ ਚੋਣ ਕਮਿਸ਼ਨ ਅਤੇ ਕੇਂਦਰ ਨੂੰ ਨੋਟਿਸ ਜਾਰੀ ਕੀਤਾ ਹੈ।




ਵਰਨਣ ਯੋਗ ਹੈ ਕਿ ਦਿੱਲੀ ਹਾਈ ਕੋਰਟ 'ਚ ਇੱਕ ਪਟੀਸ਼ਨ ਦਾਇਰ ਕਰ ਕੇ ਚੋਣ ਕਮਿਸ਼ਨ ਨੂੰ ਧਰਮਾਂ ਨਾਲ ਜੁੜੇ ਨਾਵਾਂ ਵਾਲੀਆਂ ਜਾਂ ਕੌਮੀ ਝੰਡੇ ਵਰਗੇ ਪ੍ਰਤੀਕਾਂ ਦੀ ਵਰਤੋਂ ਕਰਨ ਵਾਲੀਆਂ ਸਿਆਸੀ ਪਾਰਟੀਆਂ ਦੀ ਸਮੀਖਿਆ ਕਰਨ ਦਾ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਹੈ। ਇਸ ਵਿੱਚ ਅਪੀਲ ਕੀਤੀ ਗਈ ਹੈ ਕਿ ਜੇ ਉਕਤ ਪਾਰਟੀਆਂ ਤਿੰਨ ਮਹੀਨਿਆਂ ਅੰਦਰ ਤਬਦੀਲ ਨਹੀਂ ਕਰਦੀਆਂ ਤਾਂ ਉਨ੍ਹਾਂ ਦੀ ਰਜਿਸਟਰੇਸ਼ਨ ਰੱਦ ਕੀਤੀ ਜਾਏ। ਭਾਜਪਾ ਨੇਤਾ ਅਸ਼ਵਨੀ ਕੁਮਾਰ ਵੱਲੋਂ ਦਾਇਰ ਇਸ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਧਰਮਾਂ ਨਾਲ ਜੁੜੇ ਨਾਵਾਂ ਜਾਂ ਕੌਮੀ ਝੰਡੇ ਵਰਗੇ ਪ੍ਰਤੀਕਾਂ ਦੀ ਵਰਤੋਂ ਚੋਣਾਂ ਵਿੱਚ ਉਮੀਦਵਾਰ ਦੀ ਸੰਭਾਵਨਾ ਨੂੰ ਪ੍ਰਭਾਵਤ ਕਰ ਸਕਦੀ ਹੈ। ਇਹ ਲੋਕ ਪ੍ਰਤੀਨਿਧਤਾ ਐਕਟ 1951 ਹੇਠ ਭ੍ਰਿਸ਼ਟ ਸਰਗਰਮੀਆਂ ਦੇ ਬਰਾਬਰ ਹੈ। ਪਟੀਸ਼ਨ ਵਿੱਚ ਹਾਈ ਕੋਰਟ ਨੂੰ ਬੇਨਤੀ ਕੀਤੀ ਗਈ ਹੈ ਕਿ ਧਰਮ, ਜਾਤ, ਨਸਲ ਅਤੇ ਭਾਸ਼ਾ ਦੇ ਅਰਥ ਵਾਲੀਆਂ ਸਿਆਸੀ ਪਾਰਟੀਆਂ ਦੀ ਸਮੀਖਿਆ ਕਰਨੀ ਚਾਹੀਦੀ ਹੈ। ਉਨ੍ਹਾਂ ਆਪਣੀ ਪਟੀਸ਼ਨ ਵਿੱਚ ਹਿੰਦੂ ਸੈਨਾ, ਆਲ ਇੰਡੀਆ ਮਜਲਿਸ ਏ ਇਤਿਹਾਦੁਲ ਮੁਸਲਮੀਨ ਅਤੇ ਇੰਡੀਅਨ ਯੂਨੀਅਨ ਮੁਸਲਿਮ ਲੀਗ ਆਦਿ ਪਾਰਟੀਆਂ ਦਾ ਜ਼ਿਕਰ ਕੀਤਾ ਅਤੇ ਕਿਹਾ ਹੈ ਕਿ ਕਾਂਗਰਸ ਸਮੇਤ ਕਈ ਅਜਿਹੀਆਂ ਪਾਰਟੀਆਂ ਹਨ, ਜੋ ਕੌਮੀ ਝੰਡੇ ਵਰਗੇ ਪ੍ਰਤੀਕ ਦੀ ਵਰਤੋਂ ਕਰ ਰਹੀਆਂ ਹਨ। ਅਜਿਹਾ ਕਰਨਾ ਲੋਕ ਪ੍ਰਤੀਨਿਧਤਾ ਐਕਟ ਦੀ ਉਲੰਘਣਾ ਕਰਨ ਵਿਰੁੱਧ ਹੈ।

## ਪੱਛਮੀ ਬੰਗਾਲ 'ਚ ਸਿਰਫ ਇੱਕ ਖੱਬੇ ਪੱਖੀ ਉਮੀਦਵਾਰ ਦੀ ਜ਼ਮਾਨਤ ਬਚ ਸਕੀ

ਨਵੀਂ ਦਿੱਲੀ, 26 ਮਈ (ਪੋਸਟ ਬਿਊਰੋ)- ਲੋਕ ਸਭਾ ਚੋਣਾਂ ਵਿੱਚ ਖੱਬੇ ਪੱਖੀਆਂ ਨੂੰ ਆਪਣੇ ਸਭ ਤੋਂ ਪੱਕੇ ਗੜ੍ਹ ਪੱਛਮੀ ਬੰਗਾਲ 'ਚ ਕਰਾਰਾ ਝਟਕਾ ਲੱਗਾ ਹੈ। ਉਸ ਦੇ ਸਿਰਫ ਇੱਕ ਉਮੀਦਵਾਰ ਨੂੰ ਛੱਡ ਕੇ ਬਾਕੀ ਸਭ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਹਨ। ਚੋਣ ਨਤੀਜੇ ਅਨੁਸਾਰ ਸੀ ਪੀ ਐੱਮ ਦੇ ਜਾਧਵਪੁਰ ਤੋਂ ਉਮੀਦਵਾਰ ਵਿਕਾਸ ਰੰਜਨ ਭੱਟਾਚਾਰੀਆ ਹੀ ਆਪਣੀ ਜ਼ਮਾਨਤ ਬਚਾਉਣ ਜੋਗੀਆਂ ਵੋਟਾਂ ਹਾਸਲ ਕਰਨ ਵਿੱਚ ਕਾਮਯਾਬ ਰਹੇ।

ਵਰਨਣ ਯੋਗ ਹੈ ਕਿ ਲੋਕ ਸਭਾ ਚੋਣਾਂ 'ਚ ਹਰ ਉਮੀਦਵਾਰ ਨੂੰ ਜ਼ਮਾਨਤ ਬਚਾਉਣ ਲਈ ਕੁੱਲ ਪਈਆਂ ਵੋਟਾਂ ਦਾ ਘੱਟ ਤੋਂ ਘੱਟ 16 ਫੀਸਦੀ ਹਿੱਸਾ ਲੈਣਾ ਜ਼ਰੂਰੀ ਹੁੰਦਾ ਹੈ। ਜਨਰਲ ਕੈਟੇਗਰੀ ਉਮੀਦਵਾਰ ਦੀ ਜ਼ਮਾਨਤ ਰਾਸ਼ੀ 25 ਹਜ਼ਾਰ ਰੁਪਏ, ਐੱਸ ਸੀ ਉਮੀਦਵਾਰ ਲਈ 12500 ਅਤੇ ਐੱਸ ਟੀ ਉਮੀਦਵਾਰ ਲਈ ਜ਼ਮਾਨਤ ਰਾਸ਼ੀ 5000 ਰੁਪਏ ਹੈ। ਇਸ ਤੋਂ ਪਹਿਲਾਂ ਪੱਛਮੀ ਬੰਗਾਲ ਵਿੱਚ 2011 ਤੱਕ 34 ਸਾਲ ਸੱਤਾ ਵਿੱਚ ਰਹੇ ਖੱਬੇ ਪੱਖੀਆਂ ਲਈ ਸੀ ਪੀ ਐੱਮ ਦੇ ਸੀਨੀਅਰ ਆਗੂ ਮੁਹੰਮਦ ਸਲੀਮ ਦੀ ਜ਼ਮਾਨਤ ਜ਼ਬਤ ਹੋਣਾ ਸਭ ਤੋਂ ਹੈਰਾਨੀ ਵਾਲੀ ਗੱਲ ਹੈ। ਰਾਇਗੰਜ ਤੋਂ ਪਾਰਲੀਮੈਂਟ ਮੈਂਬਰ ਰਹੇ ਸਲੀਮ ਨੂੰ ਸਿਰਫ 14.25 ਫੀਸਦੀ ਵੋਟਾਂ ਮਿਲੀਆਂ। ਜ਼ਮਾਨਤ ਗੁਆਉਣ ਵਾਲੇ ਸੀ ਪੀ ਐਮ ਦੇ ਮੁੱਖ ਉਮੀਦਵਾਰਾਂ ਵਿੱਚ ਡਮਡਮ ਤੋਂ ਨੇਪਾਲਦੇਵ ਭੱਟਾਚਾਰੀਆ, ਮੁਰਸ਼ਿਦਾਬਾਦ ਤੋਂ ਬਦਰੂਦੋਜਾ ਖਾਨ ਤੇ ਦੱਖਣੀ ਕੋਲਕ-ੱਤਾ ਤੋਂ ਉਮੀਦਵਾਰ ਨੰਦਿਨੀ ਮੁਖਰਜੀ ਸ਼ਾਮਲ ਹਨ।

## ਉਘੀਆਂ ਸਿਆਸੀ ਹਸਤੀਆਂ ਦੇ ਪੁੱਤਰਾਂ ਦੇ ਪੱਲੇ ਨਮੋਸ਼ੀ ਪਈ

ਨਵੀਂ ਦਿੱਲੀ, 26 ਮਈ (ਪੋਸਟ ਬਿਊਰੋ)- ਸਿਆਸੀ ਵਿਰਾਸਤ ਬਾਰੇ ਇਹ ਭਾਵ ਰਿਹਾ ਹੈ ਕਿ ਬੇਟਾ ਵੀ ਪਿਤਾ ਦੇ ਪੈੜ ਉੱਤੇ ਚੱਲ ਕੇ ਸਫਲਤਾ ਹਾਸਲ ਕਰੇਗਾ, ਪਰ ਇਸ ਵਾਰ ਚੋਣਾਂ ਵਿੱਚ ਇਹ ਗਲਤ ਸਾਬਤ ਹੋਇਆ ਹੈ। ਪ੍ਰਸਿੱਧ ਸਿਆਸੀ ਹਸਤੀਆਂ ਦੇ ਪੁੱਤਰਾਂ ਨੂੰ ਲੋਕ ਸਭਾ ਚੋਣਾਂ ਵਿੱਚ ਹਾਰ ਦਾ ਸਾਹਮਣਾ ਕਰਨਾ ਪਿਆ ਹੈ, ਪਰ ਬੇਟੀਆਂ ਨੇ ਆਪਣੀ ਸਿਆਸੀ ਵਿਰਾਸਤ ਨੂੰ ਸਾਂਭ ਲਿਆ ਹੈ। ਸਭ ਤੋਂ ਵੱਡੀ ਮਿਸਾਲ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਪੁੱਤਰ ਰਾਹੁਲ ਗਾਂਧੀ ਹਨ, ਜੋ ਆਪਣੀ ਰਵਾਇਤੀ ਸੀਟ ਅਮੇਠੀ ਗੁਆ ਬੈਠੇ ਹਨ।



ਰਾਜਸਥਾਨ ਦੇ ਮੌਜੂਦਾ ਮੁੱਖ ਮੰਤਰੀ ਅਸ਼ੋਕ ਗਹਿਲੋਤ ਦੇ ਬੇਟੇ ਵੈਭਵ ਗਹਿਲੋਤ ਜੋਧਪੁਰ ਸੀਟ ਤੋਂ ਹਾਰ ਗਏ ਹਨ। ਰਾਹੁਲ ਗਾਂਧੀ ਨੂੰ ਭਾਜਪੀ ਦੀ ਸਮ੍ਰਿਤੀ ਇਰਾਨੀ ਨੇ ਕਰੀਬ 55 ਹਜ਼ਾਰ ਵੋਟਾਂ ਨਾਲ ਅਤੇ ਵੈਭਵ ਗਹਿਲੋਤ ਨੂੰ ਭਾਜਪਾ ਦੇ ਗਜੇਂਦਰ ਸਿੰਘ ਸ਼ੇਖਾਵਤ ਨੇ 2.7 ਲੱਖ ਵੋਟਾਂ ਦੇ ਫਰਕ ਨਾਲ ਹਰਾਇਆ ਹੈ। ਮਰਹੂਮ ਸਾਬਕਾ ਕੇਂਦਰੀ ਮੰਤਰੀ ਮਾਧਵ ਰਾਓ ਸਿੰਧੀਆ ਦੇ ਪੁੱਤਰ ਜਿਓਤਿਰਦਿੱਤਿਆ ਸਿੰਧੀਆ ਉਨ੍ਹਾਂ ਦਾ ਗੜ੍ਹ ਮੰਨੀ ਜਾਂਦੀ ਮੱਧ ਪ੍ਰਦੇਸ਼ ਦੀ ਗੁਨਾ ਸੀਟ ਤੋਂ ਹਾਰ ਗਏ ਹਨ, ਜਿੱਥੋਂ ਉਹ 1999 ਤੋਂ ਲਗਾਤਾਰ ਜੇਤੂ ਰਹੇ ਸਨ। ਰਾਜਸਥਾਨ ਦੇ ਬਾੜਮੇਰ ਵਿੱਚ ਭਾਜਪਾ ਦੇ ਬਾਨੀ ਮੈਂਬਰ ਜਸਵੰਤ ਸਿੰਘ ਦੇ ਬੇਟੇ ਮਾਨਵੇਂਦਰ ਸਿੰਘ 3.2 ਲੱਖ ਵੋਟਾਂ ਨਾਲ ਹਾਰ ਗਏ ਹਨ। ਮੁੰਬਈ ਵਿੱਚ ਅਜੀਤ ਪਵਾਰ ਦੇ ਬੇਟੇ ਪਾਰਥ ਪਵਾਰ, ਮੁਰਲੀ ਦਿਓੜਾ ਦੇ ਪੁੱਤਰ ਮਿਲਿੰਦ ਦਿਓੜਾ, ਸ਼ੰਕਰਰਾਓ ਚਵਾਨ ਦੇ ਪੁੱਤਰ ਅਸ਼ੋਕ ਚਵਾਨ ਵੀ ਹਾਰ ਗਏ ਹਨ। ਦੱਖਣ ਵਿੱਚ ਕਰਨ-ਾਟਕ ਦੇ ਮੁੱਖ ਮੰਤਰੀ ਐੱਚ ਡੀ ਕੁਮਾਰਸਵਾਮੀ ਦੇ ਪੁੱਤਰ ਨਿਖਿਲ ਕੁਮਾਰਸਵਾਮੀ ਵੀ ਸਵਾ ਲੱਖ ਵੋਟਾਂ ਨਾਲ ਹਾਰ ਗਏ। ਔਰਤਾਂ ਦਾ ਹੱਥ ਇਸ ਪੱਖੋਂ ਉੱਚਾ ਰਿਹਾ। ਸ਼ਰਦ ਪਵਾਰ ਦੀ ਬੇਟੀ ਸੁਪ੍ਰਿਆ ਸੂਲੇ ਤੇ ਤਾਮਿਲ ਨਾਡੂ ਦੇ ਮੁੱਖ ਮੰਤਰੀ ਐੱਮ ਕਰਣਾਨਿਧੀ ਦੀ ਧੀ ਕੰਨੀਮੋਈ ਨੇ ਵੱਡੀਆਂ ਜਿੱਤਾਂ ਹਾਸਲ ਕੀਤੀਆਂ ਹਨ।

## ਵੈੱਬਸਾਈਟ ਉੱਤੇ ਜਾਣ-ਪਛਾਣ ਹੋਈ, ਫਿਰ ਵਿਆਹ ਦਾ ਝਾਂਸਾ ਦੇ ਕੇ 1.13 ਲੱਖ ਠੱਗੇ

ਰਾਇਪੁਰ, 26 ਮਈ, (ਪੋਸਟ ਬਿਊਰੋ)- ਵਿਆਹਾਂ ਨਾਲ ਸੰਬੰਧਤ ਇੱਕ ਵੈੱਬਸਾਈਟ ਉੱਤੇ ਆਨਲਾਈਨ ਰਜਿਸਟ੍ਰੇਸ਼ਨ ਕਰਾਉਣਾ ਇਕ ਲੜਕੀ ਨੂੰ ਮਹਿੰਗਾ ਪੈ ਗਿਆ। ਅਣਪਛਾਤੇ ਵਿਦੇਸ਼ੀ ਠੱਗ ਨੇ ਵਿਆਹ ਦਾ ਝਾਂਸਾ ਦੇ ਕੇ ਲੜਕੀ ਨੂੰ ਯੂ ਕੇ ਲਿਜਾਣ ਦੀ ਗੱਲ ਕਹਿ ਕੇ ਫਸਾਇਆ ਤੇ ਆਪਣੇ ਆਪ ਨੂੰ ਦਿੱਲੀ ਏਅਰਪੋਰਟ ਵਿਖੇ ਫਸਿਆ ਦੱਸ ਦੇ ਕੇ ਖਾਤੇ ਵਿੱਚ 1 ਲੱਖ 13 ਹਜ਼ਾਰ ਰੁਪਏ ਜਮਾ ਕਰਵਾ ਲਏ। ਸ਼ਿਕਾਇਤ ਉੱਤੇ ਪੁਲਿਸ ਨੇ ਕੇਸ ਦਰਜ ਕਰ ਲਿਆ ਹੈ।

ਪੁਲਿਸ ਦੇ ਅਨੁਸਾਰ ਐੱਸ ਆਈ ਸੀ ਕਾਲੋਨੀ ਮੋਵਾ ਦੀ ਲੜਕੀ (32) ਭੈਂਸਥਾਨ ਦੀ ਇਕ ਕੰਪਨੀ ਦੀ ਅਕਾਊਂਟੈਂਟ ਹੈ। ਇੱਕ ਵੈੱਬਸਾਈਟ ਦੇ ਜ਼ਰੀਏ ਉਸ ਦੀ ਡਾ. ਦੀਪਕ ਨਾਮ ਦੇ ਵਿਅਕਤੀ ਨਾਲ 9 ਮਈ ਨੂੰ ਜਾਣ-ਪਛਾਣ ਹੋਈ। ਉਸ ਨੇ ਵਿਆਹ ਕਰਾਉਣ ਦਾ ਝਾਂਸਾ ਦੇ ਕੇ ਲੜਕੀ ਦੇ ਮੋਬਾਈਲ ਉੱਤੇ ਫੋਨ ਕਰ ਕੇ ਵਿਸ਼ਵਾਸ ਵਿੱਚ ਲੈ ਲਿਆ ਕਿ ਉਹ ਭਾਰਤ ਆ ਕੇ ਉਸ ਨੂੰ ਯੂ ਕੇ ਆਪਣੇ ਨਾਲ ਲੈ ਜਾਵੇਗਾ। 20 ਮਈ ਦੀ ਸਵੇਰ ਲੜਕੀ ਦੇ ਮੋਬਾਈਲ ਉੱਤੇ ਇਕ ਲੜਕੀ ਨੇ ਫੋਨ ਕਰ ਕੇ ਕਿਹਾ ਕਿ ਡਾ. ਜਾਨ ਦੀਪਕ ਦਿੱਲੀ ਏਅਰਪੋਰਟ ਵਿਖੇ ਫਸ ਗਏ ਹਨ। ਉਨ੍ਹਾਂ ਕੋਲ ਭਾਰਤੀ ਕਰੰਸੀ ਨਾ ਹੋਣ ਕਾਰਨ ਦਸਤਾਵੇਜ਼ ਦੇ ਚਾਰਜਿਜ਼ ਨਹੀਂ ਦੇ ਪਾ ਰਹੇ ਅਤੇ ਉਨ੍ਹਾਂ ਨੂੰ 48 ਹਜ਼ਾਰ 500 ਰੁਪਏ ਦੀ ਲੋੜ ਹੈ। ਜਦੋਂ ਤਕ ਪੈਸਾ ਜਮ੍ਹਾ ਨਹੀਂ ਹੋਵੇਗਾ, ਉਹ ਬਾਹਰ ਜਾ ਸਕਦੇ। ਇਸ ਤਰ੍ਹਾਂ ਉਸ ਨੇ ਖਾਤਾ ਨੰਬਰ ਦੱਸ ਕੇ ਪੈਸੇ ਜਮਾ ਕਰਵਾਉਣ ਨੂੰ ਕਿਹਾ। ਝਾਂਸੇ ਵਿੱਚ ਆ ਕੇ ਲੜਕੀ ਨੇ ਕਿਸ਼ਤਾਂ ਵਿੱਚ 1 ਲੱਖ 13 ਹਜ਼ਾਰ ਰੁਪਏ ਜਮ੍ਹਾ ਕਰਵਾ ਦਿੱਤੇ। ਉਸ ਤੋਂ ਬਾਅਦ ਡਾ. ਜਾਨ ਦੀਪਕ ਦਾ ਮੋਬਾਈਲ ਫੋਨ ਲਗਾਤਾਰ ਬੰਦ ਆ ਰਿਹਾ ਹੈ।

## ਗਊ ਮਾਸ ਬਹਾਨੇ ਲੋਕਾਂ ਦੀ ਕੁੱਟਮਾਰ ਕਰਨ ਵਾਲੇ ਪੰਜ ਜਣੇ ਕਾਬੂ

ਸਿਓਨੀ (ਮੱਧ ਪ੍ਰਦੇਸ਼), 26 ਮਈ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਸਿਓਨੀ ਜ਼ਿਲ੍ਹੇ ਵਿੱਚ ਗਊ ਮਾਸ ਲਿਜਾਣ ਦਾ ਦੋਸ਼ ਲਾ ਕੇ ਦੋ ਵਿਅਕਤੀਆਂ ਦੀ ਕੁੱਟਮਾਰ ਕਰਨ ਦੇ ਮਾਮਲੇ ਵਿੱਚ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਵੀਡੀਓ ਮਗਰੋਂ ਪੁਲਸ ਨੇ ਪੰਜ ਗਊ ਰੱਖਿਅਕਾਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲਸ ਅਧਿਕਾਰੀ ਦੇ ਅਨੁਸਾਰ ਇਨ੍ਹਾਂ ਪੰਜਾਂ ਨੇ ਇੱਕ ਪੀੜਤ ਨੂੰ ਆਪਣੇ ਨਾਲ ਜਾ ਰਹੀ ਮਹਿਲਾ ਦੀ ਚੱਪਲਾਂ ਨਾਲ ਕੁੱਟਮਾਰ ਕਰਨ ਲਈ ਵੀ ਮਜਬੂਰ ਕੀਤਾ। ਪੁਲਸ ਨੇ ਦੱਸਿਆ ਕਿ ਜਿਨ੍ਹਾਂ ਲੋਕਾਂ ਦੀ ਕੁੱਟਮਾਰ ਕੀਤੀ ਗਈ ਹੈ, ਉਨ੍ਹਾਂ ਨੂੰ 22 ਮਈ ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਕਿਉਂਕਿ ਮੱਧ ਪ੍ਰਦੇਸ਼ ਵਿੱਚ ਗਊ ਮਾਸ ਰੱਖਣਾ, ਲਿਜਾਣਾ ਤੇ ਵੇਚਣਾ ਗੈਰ ਕਾਨੂੰਨੀ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਕਲਿੱਪ ਵਿੱਚ ਪੰਜ ਜਣਿਆਂ ਵੱਲੋਂ ਦੋ ਮਰਦਾਂ ਤੇ ਦੀ ਡੰਡਿਆਂ ਨਾਲ ਕੁੱਟ



ਮਾਰ ਕੀਤੀ ਗਈ ਹੈ। ਬਾਅਦ ਵਿੱਚ ਉਨ੍ਹਾਂ ਨੇ ਇੱਕ ਵਿਅਕਤੀ ਨੂੰ ਨਾਲ ਦੀ ਔਰਤ ਨੂੰ ਕੁੱਟਣ ਲਈ ਅਤੇ ਵੀਡੀਓ ਅਨੁਸਾਰ ਹਮਲਾਵਰਾਂ ਨੇ ਇੱਕ ਵਿਅਕਤੀ ਨੂੰ 'ਜੈ ਸ੍ਰੀ ਰਾਮ' ਦੇ ਨਾਅਰੇ ਲਾਉਣ ਲਈ ਵੀ ਮਜਬੂਰ ਕੀਤਾ। ਪੁਲਸ ਅਨੁਸਾਰ ਇਹ ਘਟਨਾ 22 ਮਈ ਨੂੰ ਮੰਡਲਾ ਰੋਡ 'ਤੇ ਵਾਪਰੀ ਸੀ। ਇਸ ਦੇ ਮੁੱਖ ਦੋਸ਼ੀ ਸ਼ੁਭਮ ਬਘੇਲ ਵੱਲੋਂ ਸੋਸ਼ਲ ਮੀਡੀਆ ਉਤੇ ਪਾਈ ਵੀਡੀਓ ਵਿੱਚ ਗਊ ਰੱਖਿਅਕਾਂ, ਜਿਨ੍ਹਾਂ ਆਪਣੇ ਗਲ ਦੁਆਲੇ ਭਗਵੇਂ ਗਮਛੇ ਲਪੇਟੇ ਹੋਏ ਸਨ, ਨੇ ਦੋ ਵਿਅਕਤੀਆਂ ਦੀ ਡੰਡਿਆਂ ਨਾਲ ਕੁੱਟਮਾਰ ਕੀਤੀ ਸੀ ਹੈ। ਉਨ੍ਹਾਂ ਦੀ ਪਛਾਣ ਸ਼ੁਭਮ ਬਘੇਲ, ਯੋਗੇਸ਼ ਓਆਈਕ, ਦਿਲੀਪ ਨਾਮਦੇਵ, ਰੋਹਿਤ ਯਾਦਵ ਅਤੇ ਸ਼ਿਆਮ ਲਾਲ ਵਜੋਂ ਹੋਈ ਹੈ। ਪੀੜਤਾਂ ਵਿੱਚ ਦਿਲੀਪ ਮਾਲਵੀਆ, ਸ਼ਮਾ ਅੰਸਾਰੀ ਅਤੇ ਤੌਸੀਫ ਖਾਨ ਸ਼ਾਮਲ ਹਨ। ਘਟਨਾ ਤੋਂ ਬਾਅਦ ਪੁਲਸ ਨੇ ਤਿੰਨ ਜਣਿਆਂ ਨੂੰ ਆਟੋ ਰਿਕਸ਼ਾ ਵਿੱਚ 140 ਕਿਲੋ ਗਊ ਮਾਸ ਲਿਜਾਣ ਦੇ ਦੋਸ਼ ਹੇਠ ਕਾਬੂ ਕੀਤਾ ਸੀ। ਪੁਲਸ ਨੇ ਗਊ ਰੱਖਿਅਕਾਂ ਨੂੰ ਵੀਡੀਓ ਦੇ ਵਾਇਰਲ ਹੋਣ ਤੋਂ ਬਾਅਦ ਹੀ ਗ੍ਰਿਫਤਾਰ ਕੀਤਾ ਹੈ।

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

## ਭਾਜਪਾ ਨੇ ਅਰੁਣਾਚਲ ਪ੍ਰਦੇਸ਼ ਵਿਧਾਨ ਸਭਾ ਦੀਆਂ 60 ਦੀਆਂ 41 ਸੀਟਾਂ ਜਿੱਤੀਆਂ

ਈਟਾਨਗਰ, 26 ਮਈ (ਪੋਸਟ ਬਿਊਰੋ)- ਅਰੁਣਾਚਲ ਪ੍ਰਦੇਸ਼ ਵਿੱਚ 60 ਮੈਂਬਰੀ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਵਿੱਚ ਭਾਜਪਾ ਨੇ 41 ਸੀਟਾਂ 'ਤੇ ਸ਼ਾਨਦਾਰ ਜਿੱਤ ਹਾਸਲ ਕੀਤੀ ਹੈ।

ਇਸ ਰਾਜ ਦੇ ਚੋਣ ਅਧਿਕਾਰੀ ਨੇ ਦੱਸਿਆ ਕਿ ਅਰੁਣਾਚਲ ਪ੍ਰਦੇਸ਼ 'ਚ ਵਿਧਾਨ ਸਭਾ ਦੀਆਂ 57 ਸੀਟਾਂ 'ਤੇ ਚੋਣਾਂ ਹੋਈਆਂ ਹਨ, ਜਦ ਕਿ ਤਿੰਨ ਸੀਟਾਂ 'ਤੇ ਭਾਜਪਾ ਉਮੀਦਵਾਰ ਨਿਰਵਿਰੋਧ ਜੇਤੂ ਰਹੇ ਹਨ। ਇਨ੍ਹਾਂ ਚੋਣਾਂ ਵਿੱਚ ਜਨਤਾ ਦਲ (ਯੂ) ਨੂੰ 7 ਸੀਟਾਂ, ਐੱਨ ਪੀ ਪੀ ਨੂੰ5, ਕਾਂਗਰਸ ਨੂੰ 4, ਅਰੁਣਾਚਲ ਪ੍ਰਦੇਸ਼ ਪੀਪਲਜ਼ ਪਾਰਟੀ ਨੂੰ 1 ਅਤੇ ਦੋ ਸੀਟਾਂ ਆਜ਼ਾਦ ਉਮੀਦਵਾਰਾਂ ਨੂੰ ਮਿਲੀਆਂ ਹਨ। ਸੁਬਾਨਸਿਰੀ ਜ਼ਿਲ੍ਹੇ ਦੇ ਡਪਾਰੀਜੋ, ਡੰਪਾਰੀਜੋ ਅਤੇ ਰਾਗਾ ਵਿਧਾਨ ਸਭਾ ਹਲਕਿਆਂ ਵਿੱਚ ਵੋਟਾਂ ਦੀ ਗਿਣਤੀ ਵਿੱਚ ਦੇਰੀ ਹੋ ਗਈ ਸੀ ਤਾਂ ਡਪਾਰੀਜੋ ਸੀਟ ਦਾ ਨਤੀਜਾ ਕੱਲ੍ਹ ਐਲਾਨਿਆ ਗਿਆ, ਭਾਜਪਾ ਉਮੀਦਵਾਰ ਤਾਨਿਕੀ ਸੋਕੀ ਨੇ ਆਪਣੇ ਵਿਰੋਧੀ ਕਾਂਗਰਸੀ ਉਮੀਦਵਾਰ ਰੀਵਰ ਤੋਗਾਮ ਤਾਮਿਮ ਨੂੰ ਹਰਾ ਦਿੱਤਾ। ਇਨ੍ਹਾਂ 'ਚੋਂ ਦੋ ਸੀਟਾਂ ਭਾਜਪਾ ਤੇ ਇੱਕ ਸੀਟ ਐੱਨ ਪੀ ਪੀ ਨੇ ਜਿੱਤੀ। ਜੇਤੂਆਂ ਵਿੱਚ ਭਾਜਪਾ ਦੇ ਪ੍ਰਮੁੱਖ ਚਿਹਰੇ ਤੇ ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਰਹੇ ਪੇਮਾ ਖਾਂਡੂ ਨੇ ਚੀਨ ਸਰਹੱਦ ਨਾਲ ਲੱਗਦੇ ਮੁਕਤੋ ਮੁਕਤੋ ਹਲਕੇ ਤੋਂ ਲਗਾਤਾਰ ਤੀਸਰੀ ਜਿੱਤ ਜਿੱਤੀ ਹੈ।



UPPAL LAW
FREE CONSULTATION !
Avtar Uppal
Manager
Aman Uppal
BARRISTER, SOLICITOR

IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201

Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6



## ਭਾਰਤ ਦੀ ਨਵੀਂ ਸਰਕਾਰ ਨਾਲ ਪਾਕਿ ਗੱਲਬਾਤ ਲਈ ਤਿਆਰ ਹੈ: ਕੁਰੈਸ਼ੀ



ਇਸਲਾਮਾਬਾਦ, 26 ਮਈ, (ਪੋਸਟ ਬਿਊਰੋ)- ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਿਹਾ ਹੈ ਕਿ ਉਨ੍ਹਾਂ ਦਾ ਦੇਸ਼ ਭਾਰਤ ਦੀ ਨਵੀਂ ਸਰਕਾਰ ਨਾਲ ਸਾਰੇ ਲਟਕਦੇ ਮੁੱਦਿਆਂ ਉੱਤੇ ਗੱਲਬਾਤ ਨੂੰ ਤਿਆਰ ਹੈ।

ਸਰਕਾਰੀ ਰੇਡੀਉ ਪਾਕਿਸਤਾਨ ਦੀ ਖ਼ਬਰ ਅਨੁਸਾਰ ਕੁਰੈਸ਼ੀ ਨੇ ਕੱਲ੍ਹ ਰਾਤ ਮੁਲਤਾਨ ਵਿਚ ਇਕ ਇਫਤਾਰ ਪਾਰਟੀ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਭਾਰਤ ਤੇ ਪਾਕਿਸਤਾਨ ਦੋਨਾਂ ਨੂੰ ਖੇਤਰ ਦੀ ਖ਼ੁਸ਼ਹਾਲੀ ਤੇ ਸ਼ਾਂਤੀ ਲਈ ਗੱਲਬਾਤ ਕਰ ਕੇ ਮੁੱਦਿਆਂ ਨੂੰ ਨਿਬੇੜਨਾ ਚਾਹੀਦਾ ਹੈ। ਇਸ ਤੋਂ ਦੋ ਦਿਨ ਪਹਿਲਾਂ ਭਾਰਤੀ ਜਨਤਾ ਪਾਰਟੀ ਨੇ ਭਾਰੀ ਬਹੁਮਤ ਨਾਲ ਲੋਕ ਸਭਾ ਚੋਣਾਂ ਵਿਚ ਜਿੱਤ ਜਿੱਤੀ ਤੇ ਨਰਿੰਦਰ ਮੋਦੀ ਦੂਜੀ ਵਾਰ ਪ੍ਰਧਾਨ ਮੰਤਰੀ ਅਹੁਦੇ ਦੀ ਸਹੁੰ ਚੁੱਕਣ ਵਾਲੇ ਹਨ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਵੀਰਵਾਰ ਨੂੰ ਮੋਦੀ ਦੀ ਜਿੱਤ ਉੱਤੇ ਉਨ੍ਹਾਂ ਨੂੰ ਵਧਾਈ ਦਿੱਤੀ ਤੇ ਇਸ ਖੇਤਰ ਦੀ ਸ਼ਾਂਤੀ ਅਤੇ ਖ਼ੁਸ਼ਹਾਲੀ ਲਈ ਮਿਲ ਕੇ ਕੰਮ ਕਰਨ ਦੀ ਇੱਛਾ ਪ੍ਰਗਟ ਕੀਤੀ ਸੀ। ਉਨ੍ਹਾਂ ਨੇ ਅੰਗਰੇਜ਼ੀ ਤੇ ਉਰਦੂ ਵਿੱਚ ਟਵੀਟ ਕਰ ਕੇ ਕਿਹਾ ਸੀ ਕਿ ਮੈਂ ਭਾਜਪਾ ਤੇ ਸਹਿਯੋਗੀ ਪਾਰਟੀਆਂ ਦੀ ਜਿੱਤ ਉੱਤੇ ਪ੍ਰਧਾਨ ਮੰਤਰੀ ਮੋਦੀ ਨੂੰ ਵਧਾਈ ਦਿੰਦਾ ਹਾਂ। ਦੱਖਣੀ ਏਸ਼ੀਆ ਵਿਚ ਸ਼ਾਂਤੀ, ਤਰੱਕੀ ਅਤੇ ਖ਼ੁਸ਼ਹਾਲੀ ਲਈ ਉਨ੍ਹਾਂ ਨਾਲ ਕੰਮ ਕਰਨ ਨੂੰ ਲੈ ਕੇ ਆਸਵੰਦ ਹਾਂ।

ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨੇ ਅਪਰੈਲ ਵਿੱਚ ਕਿਹਾ ਸੀ ਕਿ ਉਨ੍ਹਾਂ ਨੂੰ ਯਕੀਨ ਹੈ ਕਿ ਜੇ ਆਮ ਚੋਣਾਂ ਦੌਰਾਨ ਮੋਦੀ ਜਿੱਤਦੇ ਹਨ ਤਾਂ ਭਾਰਤ ਨਾਲ ਸ਼ਾਂਤੀ ਵਾਰਤਾ ਕਰਨ ਅਤੇ ਕਸ਼ਮੀਰ ਮੁੱਦੇ ਦੇ ਹੱਲ ਲਈ ਬਿਹਤਰ ਮੌਕਾ ਮਿਲ ਸਕਦਾ ਹੈ। ਭਾਰਤ ਵਿਚ ਆਮ ਚੋਣਾਂ ਦੇ ਨਤੀਜੇ ਪਾਕਿਸਤਾਨ ਲਈ ਬਹੁਤ ਮਹੱਤਵ ਪੂਰਨ ਹਨ, ਕਿਉਂਕਿ ਨਵੀਂ ਦਿੱਲੀ ਵਿਚ ਨਵੀਂ ਸਰਕਾਰ ਭਾਰਤ-ਪਾਕਿਸਤਾਨ ਦੇ ਸਬੰਧਾਂ ਦੇ ਭਵਿੱਖ ਦੀ ਦਿਸ਼ਾ ਉੱਤੇ ਵਿਚਾਰ ਕਰੇਗੀ। ਪੁਲਵਾਮਾ ਅੱਤਵਾਦੀ ਹਮਲੇ ਪਿੱਛੋਂ ਦੋਵਾਂ ਦੇਸ਼ਾਂ ਦੇ ਸਬੰਧਾਂ ਵਿਚ ਦਰਾੜ ਹੋਰ ਵਧ ਗਈ ਹੈ।

## ਵੈਨਜ਼ੁਏਲਾ ਵਿੱਚ ਪੁਲਸ ਤੇ ਕੈਦੀਆਂ ਦਾ ਟਕਰਾਅ, 29 ਮੌਤਾਂ



ਕਾਰਾਕਸ, 26 ਮਈ (ਪੋਸਟ ਬਿਊਰੋ)- ਵੈਨਜ਼ੁਏਲਾ ਦੇ ਪੱਛਮੀ ਇਲਾਕੇ ਦੀ ਇੱਕ ਜੇਲ੍ਹ ਵਿੱਚ ਹਿੰਸਕ ਟਕਰਾਅ ਵਿੱਚ ਕਰੀਬ 29 ਕੈਦੀ ਮਾਰੇ ਗਏ ਹਨ। ਇਸ ਘਟਨਾ ਵਿੱਚ 19 ਪੁਲਸ ਮੁਲਾਜ਼ਮ ਜ਼ਖਮੀ ਹੋਏ ਹਨ।

ਮਿਲੇ ਵੇਰਵੇ ਮੁਤਾਬਕ ਘਟਨਾ ਉਸ ਵੇਲੇ ਵਾਪਰੀ, ਜਦ ਪੁਲਸ ਨੇ ਵੱਡੀ ਗਿਣਤੀ ਵਿੱਚ ਜੇਲ੍ਹ ਤੋੜ ਕੇ ਭੱਜ ਰਹੇ ਕੈਦੀਆਂ ਨੂੰ ਰੋਕਣ ਦਾ ਯਤਨ ਕੀਤਾ। ਸੁਰੱਖਿਆ ਅਧਿਕਾਰੀ ਔਸਕਰ ਵਲੈਰੋ ਨੇ ਦੱਸਿਆ ਕਿ ਕੈਦੀਆਂ ਨੇ ਪੁਲਸ ਉੱਤੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ ਤੇ ਤਿੰਨ ਗ੍ਰਨੇਡ ਵੀ ਵਰਤੇ। ਕੈਦੀਆਂ ਦੇ ਹੱਕਾਂ ਲਈ ਕੰਮ ਕਰਦੇ ਇੱਕ ਸਥਾਨਕ ਐਨ ਜੀ ਓ ਦੇ ਡਾਇਰੈਕਟਰ ਕਾਰਲੋਸ ਨੀਏਟੋ ਦਾ ਪੁਲਸ ਦੇ ਦਾਅਵੇ ਤੋਂ ਉਲਟ ਕਹਿਣਾ ਹੈ ਕਿ ਕੈਦੀਆਂ ਦੇ ਆਗੂ ਬਣੇ ਇੱਕ ਵਿਅਕਤੀ ਨੇ ਜੇਲ੍ਹ ਵਿੱਚ ਮਿਲਣ ਆਏ ਹੋਰ ਕੈਦੀਆਂ ਦੇ ਜਾਣਕਾਰਾਂ ਨੂੰ ਬੰਦੀ ਬਣਾ ਲਿਆ ਤੇ ਉਨ੍ਹਾਂ ਨੂੰ ਛੁਡਾਉਣ ਤੋਂ ਪੁਲਸ ਦੇ ਵਿਸ਼ੇਸ਼ ਬਲ ਨਾਲ ਕੈਦੀਆਂ ਦਾ ਟਕਰਾਅ ਹੋ ਗਿਆ। ਉਨ੍ਹਾਂ ਨੇ ਵੀ ਕੈਦੀਆਂ ਕੋਲ ਹਥਿਆਰ ਤੇ ਗ੍ਰਨੇਡ ਹੋਣ ਦੀ ਗੱਲ ਮੰਨੀ ਹੈ। ਕੈਦੀਆਂ ਦੀ ਅਗਵਾਈ ਕਰ ਰਿਹਾ ਵਿਲਫ੍ਰੈਡੋ ਰਾਮੋਸ ਇਸ ਘਟਨਾ ਵਿੱਚ ਮਾਰਿਆ ਗਿਆ ਹੈ। ਇਸ ਦੀ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੈ। ਏਦਾਂ ਦੀਆਂ ਘਟਨਾਵਾਂ ਇਥੇ ਜੇਲ੍ਹਾਂ ਵਿੱਚ ਆਮ ਵਾਪਰਦੀਆਂ ਹਨ। ਇਨ੍ਹਾਂ 500 ਜੇਲ੍ਹਾਂ ਦੀ ਸਮਰੱਥਾ 8000 ਹੈ, ਪਰ 55000 ਕੈਦੀਆਂ ਨੂੰ ਰੱਖਿਆ ਗਿਆ ਹੈ।

## ਸਾਢੇ ਸੱਤ ਕਰੋੜ ਦੀ ਜਾਅਲੀ ਭਾਰਤੀ ਕਰੰਸੀ ਨਾਲ ਨੇਪਾਲ ਵਿੱਚ ਦਾਊਦ ਦੇ ਛੇ ਬੰਦੇ ਗ੍ਰਿਫਤਾਰ



ਕਾਠਮੰਡੂ, 26 ਮਈ (ਪੋਸਟ ਬਿਊਰੋ)- ਭਾਰਤ ਦੀਆਂ ਖੁਫੀਆ ਏਜੰਸੀਆਂ ਤੋਂ ਇਨਪੁਟ ਦੇ ਬਾਅਦ ਨੇਪਾਲ ਦੀ ਪੁਲਸ ਨੇ ਅੰਡਰਵਰਲਡ ਡਾਨ ਦਾਊਦ ਇਬਰਾਹੀਮ ਦੇ ਇੱਕ ਬੰਦੇ ਨੂੰ ਫੜ ਲਿਆ। ਉਸ ਦਾ ਨਾਂਅ ਯੂਨਸ ਅੰਸਾਰੀ ਹੈ। ਪੁਲਸ ਨੇ ਅੰਸਾਰੀ ਕੋਲੋਂ ਲਗਭਗ ਸਾਢੇ ਸੱਤ ਕਰੋੜ ਦੇ ਨਕਲੀ ਭਾਰਤੀ ਨੋਟ ਬਰਾਮਦ ਕੀਤੇ ਹਨ।

ਇਸ ਸੰਬੰਧ ਵਿੱਚ ਪੁਲਸ ਦੇ ਦੱਸਣ ਅਨੁਸਾਰ ਯੂਨਸ ਅੰਸਾਰੀ ਦਾਊਦ ਦੇ ਗੈਂਗ ਦਾ ਨੇਪਾਲ ਚੀਫ ਹੈ। ਗ੍ਰਿਫਤਾਰ ਕੀਤੇ ਗਏ ਇਨ੍ਹਾਂ ਵਿਅਕਤੀਆਂ ਵਿੱਚ ਯੂਨਸ ਦੇ ਨਾਲ ਤਿੰਨ ਪਾਕਿਸਤਾਨੀ ਤੇ ਦੋ ਨੇਪਾਲੀ ਨਾਗਰਿਕ ਸ਼ਾਮਲ ਹਨ। ਇਹ ਸਾਰੇ ਦੋ ਵੱਡੇ ਸੂਟਕੇਸਾਂ ਵਿੱਚ ਜਾਅਲੀ ਕਰੰਸੀ ਭਰ ਕੇ ਕਤਰ ਤੋਂ ਦੋਹਾ ਹੁੰਦੇ ਹੋਏ ਕਾਠਮੰਡੂ ਪਹੁੰਚੇ ਸਨ। ਸੂਚਨਾ ਹੈ ਕਿ ਤਿੰਨੇ ਪਾਕਿਸਤਾਨੀ ਨਾਗਰਿਕ ਮੁਹੰਮਦ ਨਸੀਰੂਦੀਨ, ਮੁਹੰਮਦ ਅਖਤਰ ਅਤੇ ਨਾਦੀਆ ਅਨਵਰ ਹੀ ਪੈਸਿਆਂ ਦੀ ਖੇਪ ਲੈ ਕੇ ਨੇਪਾਲ ਪਹੁੰਚੇ ਸਨ। ਯੂਨਸ ਆਪਣੇ ਦੋ ਕਰੀਬੀਆਂ ਸੁਜਾਨ ਰਾਣਾ ਭੱਟ ਅਤੇ ਸੋਇਰ ਖਾਨ ਨਾਲ ਪੈਸੇ ਰਿਸੀਵ ਕਰਨ ਆਇਆ ਸੀ। ਪੁਲਸ ਨੇ ਉਥੋਂ ਸਭ ਨੂੰ ਗ੍ਰਿਫਤਾਰ ਕਰ ਲਿਆ। ਵਰਨਣ ਯੋਗ ਹੈ ਕਿ ਦਾਊਦ ਇਬਰਾਹੀਮ ਦਾ ਨੇਪਾਲ ਚੀਫ ਕਿਹਾ ਜਾਣ ਵਾਲਾ ਯੂਨਸ ਅੰਸਾਰੀ ਨੇਪਾਲ ਦੇ ਸਾਬਕਾ ਮੰਤਰੀ ਸਲੀਮ ਅੰਸਾਰੀ ਦਾ ਲੜਕਾ ਹੈ। ਯੂਨਸ ਕਈ ਸਾਲਾਂ ਤੋਂ ਨੇਪਾਲ ਵਿੱਚ ਜਾਅਲੀ ਭਾਰਤੀ ਕਰੰਸੀ ਅਤੇ ਡਰੱਗਜ ਦੀ ਸਮੱਗਲਿੰਗ ਕਰ ਰਿਹਾ ਹੈ ਅਤੇ ਪੁਲਸ ਉਸ ਨੂੰ ਦੋ ਵਾਰ ਗ੍ਰਿਫਤਾਰ ਕਰ ਕੇ ਜੇਲ੍ਹ ਵੀ ਭੇਜ ਚੁੱਕੀ ਹੈ।

## ਅਮਰੀਕਾ ਨੇ ਭਾਰਤ ਨੂੰ ਮੁੱਢਲੀ ਨਿਗਰਾਨੀ ਸੂਚੀ ਵਿੱਚ ਰੱਖਿਆ

ਵਾਸ਼ਿੰਗਟਨ, 26 ਮਈ (ਪੋਸਟ ਬਿਊਰੋ)- ਅਮਰੀਕਾ ਨੇ ਭਾਰਤ ਨੂੰ ਬੌਧਿਕ ਜਾਇਦਾਦ (ਆਈ ਪੀ) ਅਧਿਕਾਰਾਂ ਦੀ ਉਲੰਘਣਾ ਲਈ ਉਨ੍ਹਾਂ ਦੇਸ਼ਾਂ ਦੀ ਸੂਚੀ ਵਿੱਚ ਰੱਖਿਆ ਹੈ, ਜਿਨ੍ਹਾਂ ਦੀ ਉਹ ਇਸ ਪੱਖੋਂ ਪਹਿਲ ਦੇ ਆਧਾਰ 'ਤੇ ਨਿਗਰਾਨੀ ਕਰੇਗਾ। ਉਸ ਦਾ ਕਹਿਣਾ ਹੈ ਕਿ ਭਾਰਤ ਨੇ ਆਪਣੇ ਦੇਸ਼ ਵਿੱਚ ਬੌਧਿਕ ਜਾਇਦਾਦ ਦੀ ਰਾਖੀ ਵਿਵਸਥਾ ਬਾਰੇ ਲੰਮੇ ਸਮੇਂ ਤੋਂ ਚੱਲੀਆਂ ਆ ਰਹੀਆਂ ਸ਼ਿਕਾਇਤਾਂ ਨਾਲ ਨਜਿੱਠਣ ਵਿੱਚ ਅਜੇ ਕੋਈ ਜ਼ਿਕਰ ਯੋਗ ਸੁਧਾਰ ਨਹੀਂ ਕੀਤਾ ਤੇ ਇਸ ਨਾਲ ਅਮਰੀਕੀ ਪੇਟੈਂਟ ਹੋਲਡਰਾਂ ਦਾ ਅਧਿਕਾਰ ਪ੍ਰਭਾਵਤ ਹੋਇਆ ਹੈ।

ਮਿਲੀ ਜਾਣਕਾਰੀ ਅਨੁਸਾਰ ਅਮਰੀਕੀ ਵਪਾਰ ਦੇ ਬੁਲਾਰੇ (ਯੂ ਐੱਸ ਟੀ ਆਰ) ਨੇ ਇੱਕ ਰਿਪੋਰਟ ਵਿੱਚ ਭਾਰਤ ਸਮੇਤ 11 ਦੇਸ਼ਾਂ ਨੂੰ ਮੁੱਢਲੀ ਨਿਗਰਾਨੀ ਸੂਚੀ ਵਿੱਚ ਰੱਖਿਆ ਹੈ। ਇਸ ਦੇ ਹੋਰ ਦੇਸ਼ਾਂ ਵਿੱਚ ਚੀਨ, ਇੰਡੋਨੇਸ਼ੀਆ, ਰੂਸ, ਸਾਊਦੀ ਅਰਬ ਅਤੇ ਵੈਨੇਜ਼ੁਏਲਾ ਸ਼ਾਮਲ ਹਨ। ਇਸ ਤੋਂ ਇਲਾਵਾ ਯੂ ਐੱਸ ਟੀ ਆਰ ਨੇ ਪਾਕਿਸਤਾਨ ਅਤੇ ਤੁਰਕੀ ਸਮੇਤ 25 ਦੇਸ਼ਾਂ ਨੂੰ ਨਿਗਰਾਨੀ ਸੂਚੀ ਵਿੱਚ ਰੱਖਿਆ ਹੈ। ਇੱਕ ਅਧਿਕਾਰੀ ਨੇ ਕਿਹਾ ਕਿ ਪਿਛਲੇ ਸਾਲ ਦੌਰਾਨ ਭਾਰਤ ਨੇ ਬੌਧਿਕ ਜਾਇਦਾਦ ਚੁਣੌਤੀਆਂ ਨਾਲ ਨਜਿੱਠਣ ਅਤੇ ਆਈ ਪੀ ਦੀ ਰਾਖੀ ਅਤੇ ਪਰਿਵਰਤਨ ਦੇ ਕਦਮ ਚੁੱਕੇ ਹਨ। ਇਨ੍ਹਾਂ ਨਾਲ ਇਨੋਵੇਟਰਾਂ ਅਤੇ ਉਤਪਾਦਕਾਂ ਨੂੰ ਕੋਈ ਠੋਸ ਲਾਭ ਨਹੀਂ ਹੋਇਆ। ਅਧਿਕਾਰੀ ਨੇ ਕਿਹਾ ਕਿ ਬੌਧਿਕ ਜਾਇਦਾਦ ਦੇ ਰਾਖੀ ਅਤੇ ਤਬਾਦਲੇ ਦੇ ਪੱਖ ਤੋਂ ਭਾਰਤ ਦੁਨੀਆ ਦੀ ਸਭ ਤੋਂ ਚੁਣੌਤੀ ਭਰਪੂਰ ਪ੍ਰਮੁੱਖ ਅਰਥ ਵਿਵਸਥਾ 'ਚੋਂ ਹੈ।

ਇਹੀ ਨਹੀਂ, ਅਮਰੀਕਾ ਨੇ ਕਿਹਾ ਕਿ ਆਈ ਪੀ ਨਾਲ ਸੰਬੰਧਤ ਚਿੰਤਾਵਾਂ ਦੂਰ ਕਰਨ ਲਈ ਇਨ੍ਹਾਂ ਦੇਸ਼ਾਂ ਨੂੰ ਯੂ ਐੱਸ ਟੀ ਆਰ ਵੱਲੋਂ ਦੋ-ਪੱਖੀ ਸੰਪਰਕ ਵਧਾਉਣਾ ਹੋਵੇਗਾ। ਅਗਲੇ ਹਫਤਿਆਂ ਵਿੱਚ ਅਮਰੀਕਾ ਕਈ ਸਾਲਾਂ ਤੋਂ ਮੁੱਢਲੀ ਨਿਗਰਾਨੀ ਸੂਚੀ ਵਿੱਚ ਸ਼ਾਮਲ ਦੇਸ਼ਾਂ ਦੇ ਪ੍ਰਬੰਧਾਂ ਨੂੰ ਆਪਣੇ ਵਪਾਰ ਕਾਨੂੰਨ ਵਿਸ਼ੇਸ਼ 301 ਦੀ ਕਮੇਟੀ ਉੱਤੇ ਪਰਖੇਗਾ।

## ਜਾਪਾਨ ਵਿੱਚ ਰਿਕਾਰਡ 45,600 ਡਾਲਰ ਵਿੱਚ ਦੋ ਖਰਬੂਜਿਆਂ ਦੀ ਨੀਲਾਮੀ

ਟੋਕੀਓ, 26 ਮਈ (ਪੋਸਟ ਬਿਊਰੋ)- ਇਸ ਸਾਲ ਪਹਿਲੇ ਸੀਜ਼ਨ ਦੀ ਪਹਿਲੀ ਨੀਲਾਮੀ ਤੋਂ ਜਾਪਾਨੀ ਸ਼ਹਿਰ ਯੂਬਾਰੀ ਵਿੱਚ ਦੋ ਖਰਬੂਜਿਆਂ ਦੀ ਰਿਕਾਰਡ ਪੰਜ ਮਿਲੀਅਨ ਯੇਨ (45,600 ਅਮਰੀਕੀ ਡਾਲਰ) ਦੀ ਕੀਮਤ ਲੱਗੀ ਹੈ।

ਦੱਸਣਾ ਬਣਦਾ ਹੈ ਕਿ ਨਾਰੰਗੀ ਲੁਗਦੀ (ਗੁੱਦੇ) ਤੇ ਮਿਠਾਸ ਦੀ ਵਿਸ਼ੇਸ਼ ਵਾਲੇ ਦੋ ਨਾਰੰਗੀ ਖਰਬੂਜਿਆਂ ਨੂੰ ਵਿਸ਼ੇਸ਼ ਤੌਰ ਉੱਤੇ ਚੰਗੀ ਗੁਣਵੱਤਾ ਵਾਲਾ ਮੰਨਿਆ ਜਾਂਦਾ ਹੈ। ਜਾਪਾਨ ਵਿੱਚ ਇਸ ਫਲ ਨੂੰ ਮਾਣ ਦਾ ਪ੍ਰਤੀਕ ਸਮਝਿਆ ਜਾਂਦਾ ਹੈ। ਓਥੇ ਸਮਾਜਕ ਵੱਕਾਰ ਦੀ ਇੱਛਾ ਵਾਲੇ ਖਰੀਦਾਰਾਂ ਨੂੰ ਮੌਸਮੀ ਫਲ ਲਗਾਤਾਰ ਆਕਰਸ਼ਿਤ ਕਰਦੇ ਹਨ। ਅਧਿਕਾਰੀਆਂ ਦੇ ਮੁਤਾਬਕ ਖਰਬੂਜੇ ਦੀ ਪੈਦਾਵਾਰ ਇਸ ਸਾਲ ਚੰਗੀ ਹੋ ਰਹੀ ਹੈ ਕਿਉਂਕਿ ਮਈ ਦੀ ਸ਼ੁਰੂਆਤ ਤੋਂ ਚੰਗੀ ਧੁੱਪ ਨਿਕਲ ਰਹੀ ਹੈ। ਜਾਪਾਨ ਵਿੱਚ ਕਈ ਲੋਕ ਇਨ੍ਹਾਂ ਖਰਬੂਜਿਆਂ ਨੂੰ ਦੋਸਤਾਂ ਅਤੇ ਰਿਸ਼ਤੇਦਾਰਾਂ ਨੂੰ ਤੋਹਫੇ ਵਿੱਚ ਵੀ ਦਿੰਦੇ ਹਨ।

## ਜੰਗੀ ਅਪਰਾਧੀ ਨੂੰ ਅਮਰੀਕੀ ਅਦਾਲਤ ਨੇ 38 ਸਾਲ ਬਾਅਦ ਸਜ਼ਾ ਸੁਣਾਈ



ਰਿਚਮੰਡ, 26 ਮਈ, (ਪੋਸਟ ਬਿਊਰੋ)- ਸਾਲ 2017 ਵਿਚ ਵਰਜੀਨੀਆ ਵਿਚ ਇਕ ਡਰਾਈਵਰ ਯੂਸੁਫ ਅਬਦੀ ਅਲੀ ਦੀ ਪਛਾਣ ਇਕ ਚੰਗੇ ਲਿਫਟ ਕੈਬ ਡਰਾਈਵਰ ਦੇ ਤੌਰ ਉੱਤੇ ਹੁੰਦੀ ਸੀ। ਬੀਤੇ ਸਾਲ ਸਤੰਬਰ ਤੱਕ ਇਕ ਰਾਈਡ ਐਪ ਉੱਤੇ ਅਲੀ ਦੀ ਰੇਟਿੰਗ ਕਾਫੀ ਚੰਗੀ ਸੀ। ਉਬਅਰ ਚਲਾਉਣ ਵਾਲੇ ਇਸ ਸ਼ਖਸ ਦਾ ਇਕ ਖੌਫਨਾਕ ਪਿਛੋਕੜ ਸੀ। ਉਹ 80 ਦੇ ਦਹਾਕੇ ਵਿਚ ਸੋਮਾਲੀਆ ਵਿਚ ਗ੍ਰਹਿ ਯੁੱਧ ਦੇ ਹਾਲਾਤ ਵਿਚ ਅਲੀ ਆਰਮੀ ਦਾ ਕਮਾਂਡਰ ਸੀ। ਇਸ ਦੌਰਾਨ ਉਸ ਨੇ ਕੁਝ ਲੋਕਾਂ ਨੂੰ ਪਰੇਸ਼ਾਨ ਕੀਤਾ ਅਤੇ ਥੋੜ੍ਹੇ ਸਮੇਂ ਬਾਅਦ ਅਮਰੀਕਾ ਚਲਾ ਗਿਆ ਸੀ।

ਲੱਗਭਗ 4 ਦਹਾਕੇ ਬਾਅਦ ਅਮਰੀਕੀ ਅਦਾਲਤ ਨੇ ਉਸ ਨੂੰ ਯੁੱਧ ਦੌਰਾਨ ਪਰੇਸ਼ਾਨ ਕਰਨ ਦਾ ਦੋਸ਼ੀ ਕਰਾਰ ਦਿੱਤਾ ਕਿ ਅਲੀ ਸੋਮਾਲੀ ਨੈਸ਼ਨਲ ਆਰਮੀ ਦੇ ਸਾਬਕਾ ਕਮਾਂਡਰ ਬਣੇ ਰਹੇ ਸਨ। ਉਨ੍ਹਾਂ ਉੱਤੇ ਕਾਨੂੰਨ ਤੋਂ ਬਾਹਰ ਜਾ ਕੇ ਲੋਕਾਂ ਨੂੰ ਮਾਰਨ ਦਾ ਦੋਸ਼ ਲਾਇਆ ਗਿਆ ਹੈ। ਸਾਲ 2004 ਵਿਚ ਉਸ ਦੇ ਵਿਰੁੱਧ ਵਰਜੀਨੀਆ ਵਿਚ ਸ਼ਿਕਾਇਤ ਦਰਜ ਹੋਈ ਸੀ। ਅਮਰੀਕਾ ਦੀ ਇਕ ਜ਼ਿਲਾ ਕੋਰਟ ਦੇ ਜੱਜ ਨੇ ਅਲੀ ਨੂੰ ਪਰੇਸ਼ਾਨ ਕਰਨ ਦਾ ਦੋਸ਼ੀ ਮੰਨ ਕੇ ਫੈਸਲਾ ਦਿੱਤਾ ਤੇ ਸਾਲ 1980 ਵਿਚ ਸੋਮਾਲੀਆ ਦੇ ਇਕ ਪੇਂਡੂ ਫਰਹਾਨ ਮੁਹੰਮਦ ਤਾਨੀ ਵਾਰਫਾ ਨੂੰ ਪਰੇਸ਼ਾਨ ਕਰਨ ਦਾ ਦੋਸ਼ੀ ਪਾਇਆ। ਪੀੜਤ ਸ਼ਖਸ ਸੋਮਾਲੀਆ ਵਿਚ ਹੈ ਅਤੇ ਅਲੀ ਦੀ ਪਛਾਣ ਲਈ ਬੀਤੇ ਮਹੀਨੇ ਅਮਰੀਕਾ ਆਇਆ ਸੀ। ਉਸ ਦੀ ਉਮਰ ਇਸ ਸਮੇਂ 48 ਸਾਲ ਹੈ ਤੇ ਅਲੀ 60 ਸਾਲ ਤੋਂ ਵੱਧ ਹੈ। ਕੋਰਟ ਨੇ ਅਲੀ ਨੂੰ ਮੁਆਵਜ਼ੇ ਵਜੋਂ 50 ਹਜ਼ਾਰ ਡਾਲਰ ਦੇਣ ਦਾ ਆਦੇਸ਼ ਦਿੱਤਾ ਹੈ। ਅਲੀ ਦੇ ਵਕੀਲ ਨੇ ਕਿਹਾ ਕਿ ਇੰਨੀ ਰਾਸ਼ੀ ਦੇਣ ਦੇ ਉਹ ਯੋਗ ਨਹੀਂ। ਜੂਰੀ ਨੇ ਕੋਰਟ ਨੂੰ ਕਾਨੂੰਨ ਦੇ ਘੇਰੇ ਤੋਂ ਬਾਹਰ ਜਾ ਕੇ ਮਾਰਨ ਦਾ ਦੋਸ਼ੀ ਨਹੀਂ ਮੰਨਿਆ, ਪਰ ਪਰੇਸ਼ਾਨ ਕਰਨ ਦਾ ਦੋਸ਼ੀ ਕਰਾਰ ਦਿੱਤਾ। ਅਲੀ ਉੱਤੇ ਦੋਵੇਂ ਦੋਸ਼ ਲੱਗੇ ਸਨ। ਕੋਰਟ ਨੇ ਇਸ ਉੱਤੇ ਜ਼ੋਰ ਦਿੱਤਾ ਕਿ ਰਾਈਡ ਸ਼ੇਅਰਿੰਗ ਐਪਸ ਵਿਚ ਕੈਬ ਡਰਾਈਵਰਾਂ ਦੇ ਬੀਤੇ ਅਪਰਾਧਿਕ ਰਿਕਾਰਡ ਚੈੱਕ ਕਰਨ ਦੀ ਲੋੜ ਹੈ।

ਵਰਨਣ ਯੋਗ ਹੈ ਕਿ ਅਲੀ ਦੇ ਬਾਰੇ ਪਹਿਲੀ ਵਾਰ ਅਜਿਹਾ ਦੋਸ਼ ਨਹੀਂ ਲੱਗਾ। ਕੈਬ ਡਰਾਈਵਰ ਦੀ ਨੌਕਰੀ ਕਰਨ ਤੋਂ ਪਹਿਲਾਂ ਕੈਨੇਡਾ ਦੀ ਬ੍ਰਾਡਕਾਸਟਿੰਗ ਨਿਊਜ਼ ਏਜੰਸੀ ਨੇ 1992 ਵਿਚ ਉਸ ਉੱਤੇ ਸੋਮਾਲੀਆ ਦੇ ਗ੍ਰਹਿ ਯੁੱਧ ਵੇਲੇ ਲੋਕਾਂ ਨੂੰ ਪਰੇਸ਼ਾਨ ਕਰਨ, ਸਰੀਰਕ ਕਸ਼ਟ ਦੇਣ ਸਬੰਧੀ ਦੋਸ਼ ਲਾਏ ਸਨ। ਕੈਬ ਕੰਪਨੀ ਤੋਂ ਜਾਰੀ ਬਿਆਨ ਵਿਚ ਕਿਹਾ ਗਿਆ ਕਿ ਬੀਤੇ 18 ਮਹੀਨਿਆਂ ਤੋਂ ਅਲੀ ਉਬੇਰ ਕੈਬ ਚਲਾ ਰਿਹਾ ਸੀ। ਸਾਰੇ ਡਰਾਈਵਰਾਂ ਨੂੰ ਲਾਜ਼ਮੀ ਤੌਰ ਉੱਤੇ ਕ੍ਰਿਮੀਨਲ ਅਤੇ ਡਰਾਈਵਿੰਗ ਟੈਸਟ ਚੈਕ ਪ੍ਰਕਿਰਿਆ ਵਿਚੋਂ ਲੰਘਣਾ ਹੋਵੇਗਾ।

## ਐਵਰੈਸਟ ਚੋਟੀ ਉਤੇ ਜਾਮ ਦੇ ਹਾਲਾਤ ਬਣੇ, ਦੋ ਹੋਰ ਭਾਰਤੀਆਂ ਦੀ ਮੌਤ

ਕਾਠਮੰਡੂ, 26 ਮਈ (ਪੋਸਟ ਬਿਊਰੋ)- ਦੁਨੀਆ ਦੀ ਸਭ ਤੋਂ ਉਚੀ ਚੋਟੀ ਮਾਊਂਟ ਐਵਰੈਸਟ 'ਤੇ ਜਾਮ ਵਾਲੀ ਸਥਿਤੀ ਬਣ ਗਈ ਹੈ। ਵੀਰਵਾਰ ਨੂੰ ਵੱਖ ਵੱਖ ਦੇਸ਼ਾਂ ਦੇ 120 ਤੋਂ ਵੱਧ ਪਰਬਤਾਰੋਹੀ ਐਵਰੈਸਟ ਦੀ ਚੜ੍ਹਾਈ ਕਰ ਰਹੇ ਸਨ। ਇਸ ਕਾਰਨ ਐਵਰੈਸਟ ਤੋਂ ਉਤਰਦੇ ਪਰਬਤਾਰੋਹੀਆਂ ਨੂੰ ਵੱਧ ਸਮਾਂ ਲੱਗ ਰਿਹਾ ਸੀ। ਮੁਸ਼ਕਲ ਹਾਲਾਤ ਕਾਰਨ ਐਵਰੈਸਟ ਤੋਂ ਉਤਰਦੇ ਸਮੇਂ ਇੱਕ ਮਹਿਲਾ ਸਮੇਤ ਦੋ ਹੋਰ ਭਾਰਤੀਆਂ ਦੀ ਮੌਤ ਹੋ ਗਈ। ਇਸ ਸਾਲ ਅੱਜ ਤੱਕ 15 ਪਰਬਤਾਰੋਹੀਆਂ ਦੀ ਜਾਨ ਜਾ ਚੁੱਕੀ ਹੈ, ਜਿਨ੍ਹਾਂ ਵਿੱਚ ਸੱਤ ਭਾਰਤੀ ਹਨ।

ਉੜੀਸਾ ਦੀ ਕਲਪਨਾ ਦਾਸ (49) ਅਤੇ ਪੁਣੇ ਦੀ ਨਿਹਾਲ ਏ ਬਗਵਾਨ (27) ਦੀ ਮੌਤ ਓਦੋਂ ਹੋਈ, ਜਦੋਂ 8,848 ਮੀਟਰ ਉਚੀ ਚੋਟੀ ਤੋਂ ਉਤਰ ਰਹੇ ਸਨ। ਇੱਕ ਦਿਨ ਪਹਿਲਾਂ ਮੁੰਬਈ ਦੀ ਅੰਜਲੀ ਸ਼ਰਦ ਕੁਲਕਰਨੀ (54) ਐਵਰੈਸਟ ਤੋਂ ਉਤਰਦੇ ਸਮੇਂ ਬਿਮਾਰ ਹੋ ਗਈ ਤੇ ਫਿਰ ਉਨ੍ਹਾਂ ਦੀ ਮੌਤ ਹੋ ਗਈ। ਜਾਮ ਵਿੱਚ ਫਸਣ ਨਾਲ ਕਈ ਪਰਬਤਾਰੋਹੀ ਥਕਾਵਟ ਅਤੇ ਡੀਹਾਈਡ੍ਰੇਸ਼ਨ ਦਾ ਸ਼ਿਕਾਰ ਹੋ ਰਹੇ ਹਨ। ਪਰਬਤਾਰੋਹਨ ਏਜੰਸੀ ਪੀਕ ਪ੍ਰਮੋਸ਼ਨ ਦੇ ਕੇਸ਼ਵ ਪੌਡੇਲ ਨੇ ਦੱਸਿਆ ਕਿ ਜਾਮ ਵਿੱਚ ਫਸੇ ਰਹਿਣ ਕਾਰਨ ਥਕਾਵਟ ਨਾਲ ਬਗਵਾਨ ਦੀ ਮੌਤ ਹੋਈ ਹੈ। ਨੇਪਾਲ ਸਰਕਾਰ ਨੇ ਇਸ ਸਾਲ 379 ਲੋਕਾਂ ਨੂੰ ਮਾਊਂਟ ਐਵਰੈਸਟ ਦੀ ਚੜ੍ਹਾਈ ਦਾ ਪਰਮਿਟ ਦਿੱਤਾ ਹੈ।

## ਬ੍ਰੈਗਜ਼ਿਟ ਕੇਸ ਵਿੱਚ ਬ੍ਰਿਟਿਸ਼ ਪ੍ਰਧਾਨ ਮੰਤਰੀ ਥੈਰੇਸਾ ਮੇਅ ਵੱਲੋਂ ਅਸਤੀਫ਼ੇ ਦਾ ਐਲਾਨ



ਲੰਦਨ, 26 ਮਈ, (ਪੋਸਟ ਬਿਊਰੋ)- ਬ੍ਰਿਟੇਨ ਦੀ ਪ੍ਰਧਾਨ ਮੰਤਰੀ ਥੈਰੇਸਾ ਮੇਅ ਨੇ ਬ੍ਰੈਗਜ਼ਿਟ ਕੇਸ ਵਿਚ ਅਸਤੀਫ਼ੇ ਦਾ ਐਲਾਨ ਕਰ ਦਿੱਤਾ ਹੈ। ਇਸ ਦੇ ਨਾਲ ਹੀ ਦੇਸ਼ ਦੇ ਨਵੇਂ ਪ੍ਰਧਾਨ ਮੰਤਰੀ ਬਾਰੇ ਕਿਆਸਾਂ ਦਾ ਦੌਰ ਸ਼ੁਰੂ ਹੋ ਗਿਆ ਹੈ। ਅਗਲਾ ਨੇਤਾ ਚੁਣਨ ਤੱਕ ਥੈਰੇਸਾ ਮੇਅ ਇਸ ਅਹੁਦੇ ਉੱਤੇ ਬਣੀ ਰਹੇਗੀ। ਸਮਝਿਆ ਜਾਂਦਾ ਹੈ ਕਿ 7 ਜੂਨ ਨੂੰ ਨਵੇਂ ਨੇਤਾ ਦਾ ਐਲਾਨ ਹੋ ਜਾਵੇਗਾ ਅਤੇ ਓਦੋਂ ਤਕ ਥੈਰੇਸਾ ਮੇਅ ਇਹ ਜ਼ਿੰਮੇਵਾਰੀ ਨਿਭਾਏਗੀ।

ਇਕ ਅੰਗਰੇਜ਼ੀ ਅਖਬਾਰ ਦੀ ਖਬਰ ਮੁਤਾਬਕ ਅਸਤੀਫ਼ਾ ਦੇਣ ਦਾ ਐਲਾਨ ਕਰਨ ਪਿੱਛੋਂ ਥੈਰੇਸਾ ਭਾਵੁਕ ਹੋ ਗਈ ਤੇ ਉਸ ਦੀਆਂ ਅੱਖਾਂ ਵਿਚ ਹੰਝੂ ਆ ਗਏ। ਉਨ੍ਹਾਂ ਕਿਹਾ ਕਿ ਸਾਡੀ ਪਾਰਟੀ ਉੱਤੇ ਕਾਫੀ ਦਬਾਅ ਸੀ। ਇਸ ਮੌਕੇ ਕੀਤੇ ਗਏ ਅਪਣੇ ਸੰਬੋਧਨ ਦੌਰਾਨ ਥੈਰੇਸਾ ਮੇਅ ਕਾਫੀ ਭਾਵੁਕ ਹੋ ਗਈ ਤੇ ਬੜੀ ਮੁਸ਼ਕਲ ਨਾਲ ਉਨ੍ਹਾਂ ਨੇ ਅਪਣੀ ਗੱਲ ਖ਼ਤਮ ਕੀਤੀ। ਵਰਨਣ ਯੋਗ ਹੈ ਕਿ ਉਨ੍ਹਾਂ ਲਈ ਬ੍ਰੈਗਜ਼ਿਟ ਮਾਮਲਾ ਵੱਡਾ ਸੰਕਟ ਸਾਬਤ ਹੋਇਆ ਹੈ।

ਬ੍ਰਿਟੇਨ ਸਰਕਾਰ ਦੇ ਵ੍ਹਿਪ ਸਪੈਂਸਰ ਨੇ ਪਾਰਲੀਮੈਂਟ ਦੇ ਹੇਠਲੇ ਸਦਨ ਹਾਊਸ ਆਫ਼ ਕਾਮਨਜ਼ ਵਿਚ ਐਲਾਨ ਕੀਤਾ ਕਿ ਛੁੱਟੀਆਂ ਪਿੱਛੋਂ ਜੂਨ ਵਿਚ ਪਾਰਲੀਮੈਂਟ ਦਾ ਸੈਸ਼ਨ ਫਿਰ ਸ਼ੁਰੂ ਹੋਣ ਉੱਤੇ ਪ੍ਰਧਾਨ ਮੰਤਰੀ ਥੈਰੇਸਾ ਮੇਅ ਯੂਰਪੀ ਯੂਨੀਅਨ ਤੋਂ ਨਿਕਲਣ (ਬ੍ਰੈਗਜ਼ਿਟ) ਦੇ ਬਿੱਲ ਦੇ ਪ੍ਰਕਾਸ਼ਨ ਤੇ ਚਰਚਾ ਬਾਰੇ ਵਿਚ ਪਾਰਲੀਮੈਂਟ ਮੈਂਬਰਾਂ ਨੂੰ ਸਾਰੇ ਹਾਲਾਤ ਬਾਰੇ ਸੂਚਿਤ ਕਰਨਗੇ। ਇਸ ਤੋਂ ਪਹਿਲਾਂ ਆਸ ਸੀ ਕਿ ਬ੍ਰੈਗਜ਼ਿਟ ਬਿੱਲ ਇਸ ਸ਼ੁਕਰਵਾਰ ਨੂੰ ਪੇਸ਼ ਕੀਤਾ ਜਾਵੇਗਾ। ਇਸ ਬਾਰੇ ਸਪੈਂਸਰ ਨੇ ਕਿਹਾ, 'ਸਾਨੂੰ ਆਸ ਹੈ ਕਿ ਅਸੀਂ ਦੂਜੀ ਵਾਰ ਇਸ ਉੱਤੇ ਸ਼ੁਕਰਵਾਰ 7 ਜੂਨ ਨੂੰ ਵਿਚਾਰ ਕਰ ਸਕਾਂਗੇ।' ਪ੍ਰਧਾਨ ਮੰਤਰੀ ਥੈਰੇਸਾ ਮੇਅ ਨੇ ਯੂਰਪੀ ਯੂਨੀਅਨ ਤੋਂ ਹਟਣ ਦੀ ਅਪਣੀ ਯੋਜਨਾ ਵਿਚ ਸੋਧ ਕਰਨ ਦੀ ਨੀਤੀ ਨਾਲ ਅਪਣੇ ਮੰਤਰੀਆਂ ਦੀ ਹਮਾਇਤ ਲੈਣ ਵਿਚ ਅਸਫ਼ਲ ਰਹਿਣ ਉੱਤੇ ਅਹੁਦਾ ਛੱਡਣ ਦਾ ਐਲਾਨ ਕਰ ਦਿੱਤਾ ਹੈ।


Honesty, Reliability, Commitment

Hira Randhawa
Broker

• 1 yr Home Warranty
• 40% Discount on Brand Name
• Appliances & Furniture
• Free Evaluation & Lowest Commission

www.hirarandhawa.com
hirarandhawa@yahoo.ca

"OPEN HOUSE UNTIL SOLD"

For all your Real Estate needs: 416.319.0551 or 905.913.8585

$634,900
Sandalwood & Conestoga
Stunning Detached Home With Single Car Garage, 3 Bedroom, 2 Washrooms, Fully Renovated Top To Bottom To Thousands Spent On Renovation, Nestled On A Quiet, Family Friendly Street Close To Park, School, Hwy 410, Shopping, School & Other Amenities.

$729,900
Dixie/Octillo
Immaculate 3 Bedroom Semi With 1 Br Fin Basement On A 30 Ft Lot . Hardwood Flooring (No Carpet In Entire House), Separate Living/Family, Eat-In-Kitchen, 2 Full Washrooms On 2nd Floor, Extended Driveway ,Concrete Work On Side And Backyard And Much More!

$739,913
Charleston Side Rd/Main St.
Detached Home On Well Landscaped. Huge Corner Lot W/Private Backyard In Historic Town Of Alton With Finished Double Car Garage. 3 Bedroom Upstairs, 2 Full Washrooms W/4 Pc Bath, Master Bedroom, New Roof 2018 & etc.

$775,000
Charolais/Chinguacousy Rd
Renovated Bungalow, 3 Good Size Bedrooms Plus Den + 2 Bed Finished Basement W/Separate Entrance With Appliances, New Upgraded Kitchen + 3 Newly Renovated Bathrooms + New Hardwood Floors Very Close To Hwy, etc.

Call For:
RESP, SUPER -VISA,& TRAVEL
Insurance
H.Randhawa
416-319-0551

FIRST CHOICE FINANCIAL LIMITED
TRUCK LOANS

ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing

- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424

MICHELIN | Hankook | Continental | ROADLUX | BFGoodrich | AEOLUS | COMPASAL | Chevron | Delo

BEST TRUCK REPAIR & TIRE CENTRE

We also Specialize in Engine, AC, Transmission, Differential Rebuild, Safety Inspection & All Kinds of Electric Work

ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ । ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ

SPECIAL ON TRUCK ALIGNMENT | BRAND NEW MACHINES 2018

Brake & Drum -Made in U.S - On Special Sale!

Special Sale
4 CAT Batteries $550 with Installation

Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca

7 ਦਿਨ ਖੁੱਲਾ
Spring Sale

Special OIL CHANGE Rates

1715 Sismet Rd, Mississauga | Call Ranjit: 416.624.8351 | Tel: 905.625.0055

# ਕਾਂਗਰਸ ਨੂੰ ਵਿਧਾਨ ਸਭਾ ਖੇਤਰਾਂ ਤੋਂ ਲੀਡ ਦਿਵਾਉਣ ਵਿੱਚ ਨਾਕਾਮ ਰਹੇ ਕਈ ਵੱਡੇ ਆਗੂ

## * 69 ਹਲਕਿਆਂ ਤੋਂ ਕਾਂਗਰਸ ਨੂੰ ਲੀਡ ਅਤੇ 35 ਤੋਂ ਅਕਾਲੀ-ਭਾਜਪਾ ਨੂੰ



ਚੰਡੀਗੜ੍ਹ, 26 ਮਈ (ਪੋਸਟ ਬਿਊਰੋ)- ਪਾਰਲੀਮੈਂਟ ਚੋਣਾਂ ਦੇ ਨਤੀਜਿਆਂ 'ਚ ਪੰਜਾਬ ਵਿੱਚ ਵਿਧਾਨ ਸਭਾ ਹਲਕਿਆਂ ਦੇ ਹਿਸਾਬ ਨਾਲ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਲਈ ਵੋਟਰਾਂ ਨੇ ਭਵਿੱਖ ਲਈ ਆਸ ਜਗਾਈ ਅਤੇ ਆਮ ਆਦਮੀ ਪਾਰਟੀ ਲਈ ਫਿਕਰਮੰਦੀ ਦਾ ਸਮਾਂ ਪੇਸ਼ ਕਰ ਦਿੱਤਾ ਹੈ।

ਇਸ ਸੰਬੰਧ ਵਿੱਚ ਮਿਲੀ ਜਾਣਕਾਰੀ ਦੇ ਮੁਤਾਬਕ ਕਾਂਗਰਸ ਪਾਰਟੀ ਦੇ ਲੋਕ ਸਭਾ ਉਮੀਦਵਾਰਾਂ ਨੇ 69 ਵਿਧਾਨ ਸਭਾ ਹਲਕਿਆਂ ਉੱਤੇ ਵਿਰੋਧੀ ਪਾਰਟੀਆਂ ਅਤੇ ਧਿਰਾਂ ਨੂੰ ਪਛਾੜਿਆ, ਅਕਾਲੀ ਦਲ ਦੇ ਉਮੀਦਵਾਰਾਂ ਨੇ 29 ਹਲਕਿਆਂ ਤੋਂ ਅਗੇਤ ਹਾਸਲ ਕੀਤੀ ਅਤੇ ਭਾਜਪਾ ਦੇ ਉਮੀਦਵਾਰਾਂ ਨੇ 12 ਵਿਧਾਨ ਸਭਾ ਹਲਕਿਆਂ ਤੋਂ ਲੀਡ ਲਈ ਹੈ, ਜਦ ਕਿ ਆਮ ਆਦਮੀ ਪਾਰਟੀ ਦੇ ਇੱਕੋ ਇੱਕ ਜੇਤੂ ਉਮੀਦਵਾਰ ਭਗਵੰਤ ਮਾਨ ਨੇ ਸਿਰਫ ਸੰਗਰੂਰ ਪਾਰਲੀਮੈਂਟ ਹਲਕੇ ਦੇ ਸੱਤ ਵਿਧਾਨ ਸਭਾ ਹਲਕਿਆਂ ਤੋਂ ਕਾਂਗਰਸ ਤੇ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਪਛਾੜਿਆ ਹੈ। ਲੁਧਿਆਣਾ ਤੋਂ ਲੋਕ ਇਨਸਾਫ ਪਾਰਟੀ ਦੇ ਉਮੀਦਵਾਰ ਸਿਮਰਜੀਤ ਸਿੰਘ ਬੈਂਸ ਨੇ ਚਾਰ ਵਿਧਾਨ ਸਭਾ ਖੇਤਰਾਂ ਵਿੱਚ ਵਿਰੋਧੀਆਂ ਤੋਂ ਵੱਧ ਵੋਟ ਲਏ ਹਨ। ਇਨ੍ਹਾਂ ਚੋਣਾਂ ਦਾ ਇੱਕ ਪੱਖ ਇਹ ਹੈ ਕਿ ਬਹੁਜਨ ਸਮਾਜ ਪਾਰਟੀ ਦੇ ਜਲੰਧਰ ਤੋਂ ਉਮੀਦਵਾਰ ਨੇ ਆਦਮਪੁਰ ਵਿਧਾਨ ਸਭਾ ਹਲਕੇ ਅਤੇ ਆਨੰਦਪੁਰ ਸਾਹਿਬ ਤੋਂ ਉਮੀਦਵਾਰ ਨੇ ਬੰਗਾ ਵਿਧਾਨ ਸਭਾ ਹਲਕੇ ਤੋਂ ਅਕਾਲੀ ਦਲ ਅਤੇ ਕਾਂਗਰਸ ਦੋਵਾਂ ਪਾਰਟੀਆਂ ਦੇ ਉਮੀਦਵਾਰਾਂ ਤੋਂ ਵੱਧ ਵੋਟਾਂ ਲਈਆਂ ਹਨ। ਕਾਂਗਰਸ ਲਈ ਇਹ ਚਿੰਤਾ ਦਾ ਸਮਾਂ ਹੈ ਕਿ ਬਹੁ ਗਿਣਤੀ ਵਿਧਾਇਕ ਤੇ ਮੰਤਰੀ ਆਪੋ ਆਪਣੇ ਹਲਕੇ ਵਿਚੋਂ ਕਾਂਗਰਸ ਦੇ ਉਮੀਦਵਾਰਾਂ ਨੂੰ ਇਨ੍ਹਾਂ ਚੋਣਾਂ ਵਿੱਚ ਵੱਧ ਵੋਟਾਂ ਦਿਵਾਉਣ ਵਿੱਚ ਕਾਮਯਾਬ ਨਹੀਂ ਹੋਏ। ਵਿਧਾਨ ਸਭਾ ਵਿੱਚ ਕਾਂਗਰਸ ਦੇ 78 ਮੈਂਬਰ ਹਨ ਤੇ 69 ਹਲਕਿਆਂ ਤੋਂ ਉਮੀਦਵਾਰਾਂ ਨੂੰ ਲੀਡ ਮਿਲੀ ਹੈ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ, ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ, ਟਰਾਂਸਪੋਰਟ ਮੰਤਰੀ ਅਰੁਣਾ ਚੌਧਰੀ, ਵਿਧਾਨ ਸਭਾ ਦੇ ਸਪੀਕਰ ਰਾਣਾ ਕੇ ਪੀ ਸਿੰਘ, ਵਿਜੈਇੰਦਰ ਸਿੰਗਲਾ, ਮੰਤਰੀ ਸੁੰਦਰ ਸ਼ਾਮ ਅਰੋੜਾ ਦੇ ਹਲਕਿਆਂ ਵਿੱਚੋਂ ਕਾਂਗਰਸ ਉਮੀਦਵਾਰ ਪੱਛੜ ਗਏ ਹਨ।

ਅਕਾਲੀ ਦਲ ਦੇ ਇਸ ਸਮੇਂ 14 ਵਿਧਾਇਕ ਹਨ ਅਤੇ ਇਸ ਪਾਰਟੀ ਦੇ 10 ਉਮੀਦਵਾਰਾਂ ਨੂੰ 29 ਵਿਧਾਨ ਸਭਾ ਹਲਕਿਆਂ 'ਤੇ ਲੀਡ ਮਿਲ ਜਾਣ ਨਾਲ ਅਕਾਲੀ ਦਲ ਨੇ ਸੁੱਖ ਦਾ ਸਾਹ ਲਿਆ ਹੈ। ਭਾਰਤੀ ਜਨਤਾ ਪਾਰਟੀ ਦੇ ਵਿਧਾਇਕ ਤਿੰਨ ਹਨ, ਜਿਨ੍ਹਾਂ ਵਿੱਚੋਂ ਇੱਕ ਸੋਮ ਪ੍ਰਕਾਸ਼ ਪਾਰਲੀਮੈਂਟ ਮੈਂਬਰ ਚੁਣੇ ਗਏ ਹਨ। ਸੰਨੀ ਦਿਓਲ ਅਤੇ ਸੋਮ ਪ੍ਰਕਾਸ਼ ਨੇ 12 ਵਿਧਾਨ ਸਭਾ ਹਲਕਿਆਂ ਤੋਂ ਕਾਂਗਰਸ ਉਮੀਦਵਾਰਾਂ ਨੂੰ ਪਛਾੜਿਆ ਹੈ। ਪੰਜਾਬ ਵਿੱਚ ਆਮ ਆਦਮੀ ਪਾਰਟੀ ਲਈ ਸਭ ਤੋਂ ਸੰਕਟ ਦਾ ਸਮਾਂ ਹੋਣ ਦੀ ਪੁਸ਼ਟੀ ਇਨ੍ਹਾਂ ਚੋਣਾਂ ਨਤੀਜਿਆਂ ਨੇ ਵੀ ਕਰ ਦਿੱਤੀ ਹੈ। ਸਾਲ 2017 ਦੀਆਂ ਚੋਣਾਂ ਦੌਰਾਨ ਇਸ ਦੇ 20 ਵਿਧਾਇਕ ਜਿੱਤੇ ਸਨ। ਦੋ ਜਣੇ ਕਾਂਗਰਸ ਸ਼ਾਮਲ ਹੋ ਗਏ ਅਤੇ ਪੰਜ ਹੋਰ ਬਾਗੀ ਹੋ ਚੁੱਕੇ ਹਨ। ਲੋਕ ਇਨਸਾਫ ਪਾਰਟੀ ਦੇ ਸਿਰਫ ਦੋ ਵਿਧਾਇਕ ਹਨ, ਪਰ ਪਾਰਲੀਮੈਂਟ ਚੋਣਾਂ ਦੌਰਾਨ ਇਸ ਪਾਰਟੀ ਦੇ ਉਮੀਦਵਾਰ ਨੇ ਲੁਧਿਆਣਾ ਜ਼ਿਲ੍ਹੇ ਦੇ ਚਾਰ ਵਿਧਾਨ ਸਭਾ ਹਲਕਿਆਂ ਤੋਂ ਵਿਰੋਧੀਆਂ ਨੂੰ ਪਛਾੜਿਆ ਹੈ।

ਬਠਿੰਡਾ ਸ਼ਹਿਰੀ, ਗੁਰਦਾਸਪੁਰ, ਬਟਾਲਾ ਆਦਿ ਵਿੱਚ ਭਾਜਪਾ ਨੂੰ ਅਗੇਤ ਮਿਲੀ ਹੈ। ਫਤਿਹਗੜ੍ਹ ਸਾਹਿਬ, ਖਡੂਰ ਸਾਹਿਬ ਅਤੇ ਫਰੀਦਕੋਟ ਵਰਗੇ ਪੰਥਕ ਮੰਨੇ ਜਾਂਦੇ ਲੋਕ ਸਭਾ ਹਲਕਿਆਂ ਵਿੱਚ ਅਕਾਲੀ ਦਲ ਨੂੰ ਨਮੋਸ਼ੀ ਭਰੀ ਹਾਰ ਹੋਈ ਹੈ। ਹੈਰਾਨੀ ਦੀ ਗੱਲ ਹੈ ਕਿ ਖਡੂਰ ਸਾਹਿਬ ਲੋਕ ਸਭਾ ਹਲਕੇ ਵਿੱਚ ਅਕਾਲੀ ਦਲ ਇੱਕ ਵੀ ਅਸੈਂਬਲੀ ਹਲਕੇ ਤੋਂ ਅਗੇਤ ਹਾਸਲ ਨਹੀਂ ਕਰ ਸਕਿਆ ਅਤੇ ਖਡੂਰ ਸਾਹਿਬ ਅਸੈਂਬਲੀ ਹਲਕੇ ਵਿੱਚ ਤੀਜੇ ਥਾਂ ਜਾ ਡਿੱਗਿਆ। ਫਤਿਹਗੜ੍ਹ ਸਾਹਿਬ ਲੋਕ ਸਭਾ ਹਲਕੇ ਵਿੱਚ ਅਕਾਲੀ ਦਲ ਸਿਰਫ ਸਾਹਨੇਵਾਲ ਅਸੈਂਬਲੀ ਹਲਕੇ ਵਿੱਚ ਅੱਗੇ ਰਿਹਾ ਅਤੇ ਅੱਠ ਥਾਂਈਂ ਪਛੜ ਗਿਆ ਹੈ। ਫਰੀਦਕੋਟ ਹਲਕੇ ਦੇ ਸਿਰਫ ਗਿੱਦੜਬਾਹਾ ਅਸੈਂਬਲੀ ਹਲਕੇ ਵਿੱਚ ਅਕਾਲੀ ਉਮੀਦਵਾਰ ਦੀ ਬੜਤ ਰਹੀ, ਬਾਕੀ ਸਭ ਵਿਧਾਨ ਸਭਾ ਹਲਕਿਆਂ ਵਿੱਚ ਪਛੜ ਗਿਆ। ਸੰਗਰੂਰ ਵਿੱਚ ਅਕਾਲੀ ਦਲ ਦੇ ਉਮੀਦਵਾਰ ਪਰਮਿੰਦਰ ਸਿੰਘ ਢੀਂਡਸਾ ਨੂੰ ਸਿਰਫ ਆਪਣੇ ਵਿਧਾਨ ਸਭਾ ਹਲਕਾ ਲਹਿਰਾ ਤੋਂ ਅਗੇਤ ਮਿਲ ਸਕੀ ਹੈ।

# ਫੀਸ ਜਮ੍ਹਾ ਨਾ ਕਰਵਾਉਣ ਵਾਲੇ ਬੱਚੇ ਦੀ ਬਾਂਹ ਉਪਰ ਸਕੂਲ ਵੱਲੋਂ ਮੋਹਰ ਲਾ ਦਿੱਤੀ ਗਈ

ਲੁਧਿਆਣਾ, 26 ਮਈ (ਪੋਸਟ ਬਿਊਰੋ)- ਇਥੋਂ ਦੇ ਇੱਕ ਪ੍ਰਾਈਵੇਟ ਸਕੂਲ ਦੇ ਪ੍ਰਬੰਧਕਾਂ ਨੇ ਫੀਸ ਜਮ੍ਹਾ ਨਾ ਕਰਾਉਣ 'ਤੇ ਬੱਚੇ ਦੀ ਬਾਂਹ 'ਤੇ ਬਕਾਇਆ ਫੀਸ ਦੀ ਮੋਹਰ ਲਾ ਦਿੱਤੀ ਤਾਂ ਮਾਮਲਾ ਭਖ ਗਿਆ ਹੈ। ਇਸ ਨਾਲ ਜਿੱਥੇ ਬੱਚੇ ਦੇ ਮਾਪਿਆਂ ਵਿੱਚ ਰੋਸ ਹੈ, ਉਥੇ ਡੀ ਈ ਓ ਸੈਕੰਡਰੀ ਨੇ ਪ੍ਰਬੰਧਕਾਂ ਖਿਲਾਫ ਕਾਰਵਾਈ ਦਾ ਭਰੋਸਾ ਦਿੱਤਾ ਹੈ।

ਸਕੂਲ ਪ੍ਰਬੰਧਕਾਂ ਵੱਲੋਂ ਬੱਚੇ ਕੋਲ ਕੋਈ ਕਾਪੀ ਨਾ ਹੋਣ ਕਰ ਕੇ ਉਸ ਦੇ ਕਹਿਣ ਉਤੇ ਉਸ ਦੀ ਬਾਂਹ 'ਤੇ ਫੀਸ ਜਮ੍ਹਾ ਕਰਵਾਉਣ ਦੀ ਮੋਹਰ ਲਾਏ ਜਾਣ ਬਾਰੇ ਪਤਾ ਲੱਗਾ ਹੈ। ਮਿਲੀ ਜਾਣਕਾਰੀ ਅਨੁਸਾਰ ਮੁੰਡੀਆਂ ਕਲਾਂ ਦੇ 33 ਫੁੱਟੀ ਰੋਡ 'ਤੇ ਐੱਸ ਡੀ ਐੱਨ ਸਕੂਲ ਵਿੱਚ ਸੱਤਵੀਂ ਜਮਾਤ ਵਿੱਚ ਪੜ੍ਹਦੇ ਹਰਸ਼ਦੀਪ ਸਿੰਘ ਦੀ ਅਪ੍ਰੈਲ ਅਤੇ ਮਈ ਮਹੀਨੇ ਦੀ ਫੀਸ ਜਮ੍ਹਾ ਨਹੀਂ ਹੋਈ ਸੀ। ਇਸ ਬਾਰੇ ਸਕੂਲ ਪ੍ਰਬੰਧਕਾਂ ਨੇ ਵਾਰ-ਵਾਰ ਮਾਪਿਆਂ ਨੂੰ ਸੂਚਿਤ ਕਰਨ ਦਾ ਦਾਅਵਾ ਕੀਤਾ ਹੈ, ਪਰ ਫੀਸ ਬਕਾਏ ਬਾਰੇ ਬੀਤੇ ਸ਼ੁੱਕਰਵਾਰ ਬੱਚੇ ਦੀ ਬਾਂਹ 'ਤੇ ਮੋਹਰ ਲਾ ਦਿੱਤੀ ਗਈ। ਹਰਸ਼ਦੀਪ ਸਿੰਘ ਦੇ ਭਰਾ ਯੁਵਰਾਜ ਸਿੰਘ ਨੇ ਦੱਸਿਆ ਕਿ ਉਸ ਦਾ ਪਿਤਾ ਆਟੋ ਚਲਾਉਂਦਾ ਹੈ, ਮਾਂ ਕਿਸੇ ਫੈਕਟਰੀ ਵਿੱਚ ਨੌਕਰੀ ਕਰਦੀ ਹੈ, ਉਹ ਖੁਦ ਇੱਕ ਜੁੱਤੀਆਂ ਦੀ ਦੁਕਾਨ ਉੱਤੇ ਕੰਮ ਕਰਦਾ ਹੈ। ਗਰੀਬੀ ਕਰ ਕੇ ਉਹ ਦੋ ਮਹੀਨੇ ਹਰਸ਼ਦੀਪ ਦੀ ਫੀਸ ਨਹੀਂ ਸੀ ਦੇ ਸਕੇ। ਯੁਵਰਾਜ ਨੇ ਦੱਸਿਆ ਕਿ ਉਨ੍ਹਾਂ ਨੇ ਸਕੂਲ ਪ੍ਰਬੰਧਕਾਂ ਨੂੰ ਭਰੋਸਾ ਦਿੱਤਾ ਸੀ ਕਿ 25 ਮਈ ਨੂੰ ਫੀਸ ਜਮ੍ਹਾ ਦੇ ਦੇਣਗੇ ਕਿਉਂਕਿ ਉਸ ਦਿਨ ਉਸ ਦੀ ਮਾਂ ਨੂੰ ਫੈਕਟਰੀ ਵਿੱਚੋਂ ਤਨਖਾਹ ਮਿਲਦੀ ਹੈ, ਪਰ ਸਕੂਲ ਵਾਲਿਆਂ ਨੇ ਹਰਸ਼ਦੀਪ ਦੀ ਬਾਂਹ 'ਤੇ ਫੀਸ ਬਕਾਇਆ ਵਾਲੀ ਮੋਹਰ ਲਾ ਦਿੱਤੀ। ਪਤਾ ਲੱਗਾ ਹੈ ਕਿ ਸਕੂਲ ਪ੍ਰਬੰਧਕਾਂ ਨੇ ਪੁਲਸ ਤੱਕ ਪਹੁੰਚ ਕਰ ਕੇ ਉਸ ਦੇ ਮਾਪਿਆਂ ਉੱਤੇ ਸਕੂਲ ਦੇ ਅਧਿਆਪਕਾਂ ਨਾਲ ਦੁਰ-ਵਿਹਾਰ ਕਰਨ ਦੀ ਸ਼ਿਕਾਇਤ ਵੀ ਕਰ ਦਿੱਤੀ ਹੈ। ਸਕੂਲ ਦੇ ਚੇਅਰਮੈਨ ਐੱਸ ਕੇ ਦੁੱਗਲ ਨੇ ਕਿਹਾ ਕਿ ਮਾਪਿਆਂ ਨੇ ਹਾਲੇ ਤੱਕ ਬੱਚੇ ਦਾ ਨਾਂਅ ਤੱਕ ਦਰਜ ਨਹੀਂ ਕਰਵਾਇਆ, ਫਿਰ ਵੀ ਉਹ ਉਸ ਦੇ ਪੇਪਰ ਲੈ ਰਹੇ ਹਨ। ਬੱਚੇ ਦੀ ਭੈਣ ਤੇ ਦੂਜਾ ਭਰਾ ਵੀ ਇਥੇ ਪੜ੍ਹੇ ਸਨ ਅਤੇ ਗਰੀਬੀ ਕਰ ਕੇ ਉਨ੍ਹਾਂ ਦੀ ਸਮੇਂ ਸਮੇਂ 'ਤੇ ਮਦਦ ਕੀਤੀ ਗਈ ਹੈ। ਹਰਸ਼ਦੀਪ ਦੀ ਭੈਣ ਨੇ ਇਸੇ ਸਕੂਲ ਤੋਂ ਦਸਵੀਂ ਕੀਤੀ ਸੀ ਤੇ ਉਸ ਦਾ ਵੀ 6000 ਦੇ ਕਰੀਬ ਬਕਾਇਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਮਾਪਿਆਂ ਨੇ ਸਕੂਲ ਵਿੱਚ ਆ ਕੇ ਪ੍ਰਿੰਸੀਪਲ ਅਤੇ ਹੋਰ ਅਧਿਆਪਕਾਂ ਨਾਲ ਦੁਰ-ਵਿਹਾਰ ਕੀਤਾ ਹੈ।

ਜ਼ਿਲਾ ਸਿੱਖਿਆ ਅਫਸਰ ਸੈਕੰਡਰੀ ਸਵਰਨਜੀਤ ਕੌਰ ਨੇ ਕਿਹਾ ਕਿ ਬੱਚੇ ਦੀ ਬਾਂਹ 'ਤੇ ਫੀਸ ਬਕਾਏ ਦੀ ਮੋਹਰ ਲਾਉਣੀ ਮੰਦਭਾਗੀ ਹੈ। ਇਸ ਮਾਮਲੇ ਦੀ ਜਾਂਚ ਇੱਕ ਸਕੂਲ ਦੇ ਪ੍ਰਿੰਸੀਪਲ ਵੱਲੋਂ ਕਰਵਾ ਕੇ ਰਿਪੋਰਟ ਮੰਗਵਾਈ ਜਾਵੇਗੀ। ਉਨ੍ਹਾਂ ਦਾਅਵਾ ਕੀਤਾ ਕਿ ਸਕੂਲ ਪ੍ਰਬੰਧਕਾਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ।

# ਕ੍ਰਿਕਟਰ ਪਨੇਸਰ ਨੇ ਬਾਲ ਨਾਲ ਛੇੜਛਾੜ ਦੀ ਗੱਲ ਮੰਨੀ

ਲੰਡਨ, 26 ਮਈ (ਪੋਸਟ ਬਿਊਰੋ)- ਇੰਗਲੈਂਡ ਦੀ ਕ੍ਰਿਕਟ ਟੀਮ ਦੇ ਸਾਬਕਾ ਸਪਿੰਨਰ ਮੋਂਟੀ ਪਨੇਸਰ ਨੇ ਮੈਚ ਖੇਡਦੇ ਸਮੇਂ ਬਾਲ ਟੈਂਪਰਿੰਗ 'ਤੇ ਸਨਸਨੀਖੇਜ਼ ਬਿਆਨ ਦਿੱਤਾ ਹੈ ਕਿ ਉਨ੍ਹਾਂ ਨੇ ਗੇਂਦਬਾਜ਼ੀ ਦੌਰਾਨ ਬਾਲ ਨੂੰ ਖੁਰਦੁਰਾ ਕਰਨ ਦੇ ਲਈ ਸਨ-ਸਕਰੀਨ, ਮਿੰਟ ਅਤੇ ਆਪਣੇ ਪੈਂਟ ਦੀ ਜਿਪ ਦੀ ਵਰਤੋਂ ਕੀਤੀ ਸੀ। ਡੇਲੀ ਮੇਲ ਉੱਤੇ ਮੌਜੂਦ ਉਨ੍ਹਾਂ ਦੀ ਕਿਤਾਬ 'ਦ ਫੁਲੀ ਮੋਂਟੀ ਦੇ ਅੰਸ਼' ਵਿੱਚ 37 ਸਾਲਾ ਪਨੇਸਰ ਨੇ ਮੰਨਿਆ ਕਿ ਉਨ੍ਹਾਂ ਨੂੰ ਜੇਮਸ ਐਂਡਰਸਨ ਵਰਗੇ ਖਿਡਾਰੀਆਂ ਨੇ ਗੇਂਦ ਨੂੰ ਜਿੰਨਾ ਹੋ ਸਕੇ, ਓਨਾ ਸੁੱਕਾ ਰੱਖਣ ਲਈ ਕਿਹਾ ਸੀ। ਪਨੇਸਰ ਨੇ ਕਿਹਾ ਕਿ ਕੀ ਅਸੀਂ ਨਿਯਮ ਤੋੜੇ ਹਨ।

# ਸਿੱਖ ਉੱਤੇ ਹਮਲਾ ਕਰਨ ਵਾਲੇ ਨੂੰ ਸਿੱਖੀ ਦਾ ਅਧਿਐਨ ਕਰਨ ਦਾ ਹੁਕਮ

ਸਲੇਮ (ਅਮਰੀਕਾ), 26 ਮਈ (ਪੋਸਟ ਬਿਊਰੋ)- ਸਿੱਖ ਭਾਈਚਾਰੇ ਨਾਲ ਸੰਬੰਧਤ ਇੱਕ ਵਿਅਕਤੀ 'ਤੇ ਹਮਲਾ ਕਰਨ ਦੇ ਦੋਸ਼ ਵਿੱਚ ਓਰੇਗਨ ਦੇ ਇੱਕ ਵਿਅਕਤੀ ਨੂੰ ਅਮਰੀਕਾ ਦੀ ਅਦਾਲਤ ਦੇ ਜੱਜ ਨੇ ਇਥੇ ਸਜ਼ਾ ਵਜੋਂ ਸਿੱਖ ਧਰਮ ਦਾ ਅਧਿਐਨ ਕਰਨ ਅਤੇ ਉਸ ਬਾਰੇ ਇੱਕ ਰਿਪੋਰਟ ਪੇਸ਼ ਕਰਨ ਲਈ ਕਿਹਾ ਹੈ। ਅਮਰੀਕਾ 'ਚ ਸਿੱਖ ਨਾਗਰਿਕ ਅਧਿਕਾਰਾਂ ਦੇ ਸੰਗਠਨ 'ਦਿ ਸਿੱਖ ਕੋਲੀਸ਼ਨ' ਨੇ ਕੱਲ੍ਹ ਇੱਕ ਬਿਆਨ ਜਾਰੀ ਕਰ ਕੇ ਦੱਸਿਆ ਕਿ ਦੋਸ਼ੀ ਐਂਡਰਿਊ ਨੇ ਇਸ ਸਾਲ 14 ਜਨਵਰੀ ਨੂੰ ਹਰਵਿੰਦਰ ਸਿੰਘ ਡੋਡ ਨੂੰ ਧਮਕਾਉਣ ਅਤੇ ਉਨ੍ਹਾਂ 'ਤੇ ਹਮਲਾ ਕਰਨ ਦਾ ਜੁਰਮ ਮੰਨਿਆ ਸੀ। ਧਮਕਾਉਣ ਦੇ ਦੋਸ਼ ਨੂੰ ਹੇਟ ਕਰਾਈਮ ਵਜੋਂ ਦੇਖਿਆ ਜਾਂਦਾ ਹੈ। ਗਵਾਹਾਂ ਦੇ ਮੁਤਾਬਕ ਹਰਵਿੰਦਰ ਸਿੰਘ ਨੇ ਬਿਨਾਂ ਪਛਾਣ ਪੱਤਰ ਵਿਖਾਏ ਐਂਡਰਿਊ ਨੂੰ ਸਿਗਰਟ ਵੇਚਣ ਤੋਂ ਇਨਕਾਰ ਕੀਤਾ ਸੀ। ਉਸ ਤੋਂ ਬਾਅਦ ਉਸ ਨੇ ਹਰਵਿੰਦਰ ਸਿੰਘ ਦੀ ਦਾੜ੍ਹੀ ਖਿੱਚੀ, ਘਸੁੰਨ ਮਾਰਿਆ ਅਤੇ ਜ਼ਮੀਨ ਉੱਤੇ ਸੁੱਟ ਦਿੱਤਾ।

ਹਰਵਿੰਦਰ ਸਿੰਘ ਭਾਰਤ ਤੋਂ ਅਮਰੀਕਾ ਆਏ ਅਨ ਅਤੇ ਇਥੇ ਉਨ੍ਹਾਂ ਦੀ ਦੁਕਾਨ ਹੈ। ਉਨ੍ਹਾਂ ਅਦਾਲਤ ਨੂੰ ਦਿੱਤੇ ਲਿਖਤੀ ਬਿਆਨ ਵਿੱਚ ਕਿਹਾ ਕਿ ਅਮਰੀਕਾ ਵਿੱਚ ਹੇਟ ਕਰਾਈਮ ਤੇਜ਼ੀ ਨਾਲ ਵਧ ਰਹੇ ਹਨ। ਐਫ ਬੀ ਆਈ ਦਾ ਇਹ ਮੰਨਣਾ ਹੈ ਕਿ ਓਰੇਗਨ ਵਿੱਚ 2016 ਦੇ ਮੁਕਾਬਲੇ 2017 ਵਿੱਚ ਹੇਟ ਕਰਾਈਮ ਦੀ ਗਿਣਤੀ ਵਿੱਚ ਚਾਲੀ ਫੀਸਦੀ ਦਾ ਵਾਧਾ ਹੋਇਆ ਹੈ। ਸਥਾਨਕ 'ਦਿ ਸਟੇਟਮੈਨ ਜਰਨਲ' ਨੇ ਆਪਣੀ ਖਬਰ ਵਿੱਚ ਕਿਹਾ ਹੈ ਕਿ ਜੱਜ ਲਿੰਡਸੇ ਨੇ ਐਂਡਰਿਊ ਨੂੰ ਅਗਲੇ ਮਹੀਨੇ ਸਲੇਮ ਵਿੱਚ ਹੋਣ ਵਾਲੀ ਸਾਲਾਨਾ ਸਿੱਖ ਪਰੇਡ ਵਿੱਚ ਸ਼ਾਮਲ ਹੋਣ ਦਾ ਹੁਕਮ ਦਿੱਤਾ ਹੈ ਤੇ ਕਿਹਾ ਕਿ ਉਹ ਅਦਾਲਤ ਨੂੰ ਦੱਸੇ ਕਿ ਉਸ ਨੇ ਸਿੱਖ ਭਾਈਚਾਰੇ ਤੇ ਉਨਾਂ ਦੀ ਸੰਸਕ੍ਰਿਤੀ ਬਾਰੇ ਕਿੰਨੀ ਜਾਣਕਾਰੀ ਹਾਸਲ ਕੀਤੀ ਹੈ। ਉਨ੍ਹਾਂ ਕਿਹਾ ਕਿ ਕੱਟੜਤਾ ਅਗਿਆਨਤਾ ਦਾ ਸਿੱਟਾ ਹੈ। ਅਸੀਂ ਆਪਣੇ ਭਾਈਚਾਰੇ ਦੀ ਸੰਸਕ੍ਰਿਤੀ ਨੂੰ ਸਿੱਖਣ ਤੇ ਸਮਝਣ ਦੀ ਸਮਰੱਥਾ ਰੱਖਦੇ ਹਾਂ।


AL EMPLOYMENT SERVICES INC

ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!

- General Labour
- Machine Operators
- Millwright's
- Forklift Driver
- AZ-DZ Drivers
- Machine Mechanic
- Shift Supervisor
- Office Admin

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1



ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Homely Environment
- Biweekly payment
- ਵਧੀਆ ਤਨਖਾਹ

Minimum 1 year experience & Trained mechanic



ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)





Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋ ਲੜਕਾ, ਉਮਰ 25 ਸਾਲ, ਕੱਦ 5'-11", ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /Study ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804


Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਜੱਟ ਸਿੱਖ, ਉਮਰ 27 ਸਾਲ, ਕੱਦ 5'-11", ਪੜ੍ਹਿਆ-ਲਿਖਿਆ, ਵੈਸ਼ਣੂ ਤੇ ਕੈਨੇਡਾ ਵਿੱਚ ਵੈਲ-ਸੈਟਲ ਲੱੜਕੇ ਲਈ ਪੜ੍ਹੀ-ਲਿਖੀ ਕੈਨੇਡੀਅਨ ਸਿਟੀਜ਼ਨ ਜਾਂ ਫ੍ਰ ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-290-8872 । 905-963-9134 ਜਾਂ ਈ-ਮੇਲ : mdeol84@yahoo.com

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10", Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੌਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 । 306-612-4093 ਜਾਂ ਇ ਮੇਲ ਕਰੋ: kaurindergrewal@gmail.com


YOUR AD HERE
Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202


## ਲੜਕੇ ਦੀ ਲੋੜ

Canadian born punjabi tonk kshatriya girl, 35 yrs old, 5'3", certificate in accounting. Boy should be hindu punjabi (36 to 39 yrs), (5'9" to 5'11"), attractive, athletic, vegetarian, educated. Plz send biodata with recent pictures. E -mail: matri.response2018@gmail. com 1 mnth

ਸਿੱਧੂ ਗੁਰਸਿਖ, ਉਮਰ 33 ਸਾਲ, B.Sc Science,ਇੰਡੀਆ, ਲੁਧਿਆਣਾ ਵਿੱਚ ਅਧਿਆਪਕ ਦੀ ਜੋਬ ਕਰ ਰਹੀ ਲੜਕੀ ਲਈ ਲੜਕੇ ਦੀ ਲੋੜ ਹੈ। Divorcee ਤੇ ਵੀ ਗੋਰ ਕੀਤੀ ਜਾ ਸਕਦੀ ਹੈ; ਸੰਪਰਕ ਕਰੋ: 416-358-9294 । 204-583-3970 । 9815410050 1 mnth

ਜੱਟ ਸਿੱਖ ਲੱੜਕੀ, ਉਮਰ 27 ਸਾਲ, ਕੱਦ 5'-5", ਡਾਕਟਰ (M.D), ਕਨੇਡੀਅਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਡਾਕਟਰ ਜਾਂ ਵਧੀਆ ਨੌਕਰੀ ਕਰਦਾ ਸਿਟੀਜ਼ਨ ਲੜਕੇ ਦੀ ਚਾਹੀਦਾ ਹੈ। ਸੰਪਰਕ ਕਰੋ: 647-701-9163, 905-915-3043

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜਟ ਸਿਖ ਪਰਿਵਾਰਕ ਲੜਕੀ, ਉਮਰ 28 ਸਾਲ, ਕਦ 5'-4", +2 ਕੀਤੀ ਹੋਨਹਾਰ ਲੜਕੀ ਲਈ P.R or Divorcee ਲੜਕਾ ਚਾਹੀਦਾ ਹੈ। ਲੜਕੀ ਇਥੇ ਕਨੇਡਾ ਆਈ ਹੋਈ ਹੈ। ਕਾਲ ਕਰੋ : 289-489-9321 ਜਾਂ 1-204-951-7136

## ਲੜਕੇ ਦੀ ਲੋੜ

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6", Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +91 9872665678 । 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਦਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3", ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076


Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post



Cell n Tell Distribution Inc.
1-401 Traders Blvd E, Mississauga, ON

Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.

- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com



ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)



Cell n Tell Distribution Inc.
1-401 Traders Blvd E, Mississauga, ON

Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.

- $50 per hr
- Experience: 5 years or more
- Education: Bachelors Degree Business/Commerce

Email Resume at umar.w@cellntell.com



STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੇ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



416.230.4000 • 647.409.1092
www.STARLANEPAINTING.com
ਹਰਜੀਤ ਘਨੋਆ

# ਕੀ ਰਾਖਵਾਂਕਰਨ ਹਮੇਸ਼ਾ ਬਣਿਆ ਰਹੇਗਾ

-ਪੂਨਮ ਆਈ ਕੌਸ਼ਿਸ਼




ਭਾਰਤੀ ਲੋਕ ਤਮਾਸ਼ਬੀਨ ਹਨ ਅਤੇ ਯਕੀਨ ਕਰੋ, ਸਾਡੇ ਨੇਤਾ ਰਾਖਵੇਂਕਰਨ ਨੂੰ ਇੱਕ ਵੱਡੀ ਸਰਕਸ ਵਿੱਚ ਬਦਲ ਦੇਣਗੇ। ਪਿਛਲੇ ਹਫਤੇ ਸੁਪਰੀਮ ਕੋਰਟ ਇਸ ਗੁੰਝਲਦਾਰ ਮੁੱਦੇ 'ਤੇ ਮੁੜ ਵਿਚਾਰ ਕਰ ਰਹੀ ਸੀ ਕਿ ਸਰਕਾਰੀ ਨੌਕਰੀਆਂ ਵਿੱਚ ਅਨੁਸੂਚਿਤ ਜਾਤਾਂ ਅਤੇ ਜਨਜਾਤਾਂ ਨੂੰ ਤਰੱਕੀ ਵਿੱਚ ਰਾਖਵਾਂਕਰਨ ਦਿੱਤਾ ਜਾਵੇ ਜਾਂ ਨਾ? ਇਸ ਨਾਲ ਸਵਾਲ ਉਠਦਾ ਹੈ ਕਿ ਕੀ ਰਾਖਵਾਂਕਰਨ ਹਮੇਸ਼ਾ ਬਣਿਆ ਰਹੇਗਾ? ਯੋਗਤਾ ਦੀ ਪ੍ਰਵਾਹ ਨਹੀਂ ਕੀਤੀ ਜਾਵੇਗੀ?

ਅਦਾਲਤ ਨੇ ਇਸ ਗੱਲ 'ਤੇ ਬਹਿਸ ਨੂੰ ਸੁਣਦਿਆਂ ਕਿ ਕੀ ਅਨੁਸੂਚਿਤ ਜਾਤਾਂ ਅਤੇ ਜਨਜਾਤਾਂ ਦਾ ਪੱਛੜਿਆਪਣ ਹਮੇਸ਼ਾ ਬਣਿਆ ਰਹੇਗਾ ਅਤੇ ਉਨ੍ਹਾਂ ਨੂੰ ਰਾਖਵਾਂਕਰਨ ਦਿੱਤਾ ਜਾਂਦਾ ਰਹੇਗਾ, ਦੌਰਾਨ ਪੁੱਛਿਆ, 'ਮੰਨਿਆ ਇੱਕ ਵਿਅਕਤੀ ਰਾਖਵੇਂਕਰਨ ਦੇ ਦਮ 'ਤੇ ਆਈ ਏ ਐੱਸ ਅਧਿਕਾਰੀ ਬਣਦਾ ਹੈ ਅਤੇ ਤਰੱਕੀ ਵਿੱਚ ਰਾਖਵੇਂਕਰਨ ਦੇ ਜ਼ਰੀਏ ਸਕੱਤਰ ਬਣ ਜਾਂਦਾ ਹੈ, ਤਾਂ ਕੀ ਇਹ ਬਹੁਤ ਸੀਨੀਅਰ ਨੌਕਰਸ਼ਾਹ ਦੇ ਦੋਹਤਿਆਂ-ਪੋਤਿਆਂ ਨੂੰ ਵੀ ਰੋਜ਼ਗਾਰ ਵਿੱਚ ਤਰੱਕੀ ਲਈ ਪਛੜੇ ਮੰਨਿਆ ਜਾਵੇਗਾ ਅਤੇ ਉਹ ਵੀ ਹਮੇਸ਼ਾ ਲਈ?"

ਅਨੁਸੂਚਿਤ ਜਾਤਾਂ ਤੇ ਜਨਜਾਤਾਂ ਨੂੰ ਤਰੱਕੀ ਵਿੱਚ ਰਾਖਵੇਂਕਰਨ ਦਾ ਪੁਰਜ਼ੋਰ ਸਮਰਥਨ ਕਰ ਕੇ ਸਰਕਾਰ ਚਾਹੁੰਦੀ ਹੈ ਕਿ ਅਦਾਲਤ 2006 ਵਾਲੇ ਨਾਗਰਾਜ ਫੈਸਲੇ ਦੀ ਸਮੀਖਿਆ ਕਰੇ, ਜਿਸ ਨਾਲ ਅਦਾਲਤ ਨੇ ਤਰੱਕੀ ਦੇ ਰਾਖਵੇਂਕਰਨ ਲਈ ਮਾਪਦੰਡ ਤੈਅ ਕੀਤੇ ਸਨ। ਪਹਿਲਾ: ਤਰੱਕੀ ਵਿੱਚ ਰਾਖਵਾਂਕਰਨ ਤਦੇ ਦਿੱਤਾ ਜਾਵੇ, ਜੇ ਕਰਮਚਾਰੀ ਦੇ ਪਛੜੇਪਨ ਨੂੰ ਮਿਥਣ ਲਈ ਮੁਕੰਮਲ ਅੰਕੜੇ ਹੋਣ ਤੇ ਦੂਜਾ, ਨੌਕਰੀ ਵਿੱਚ ਅਨੁਸੂਚਿਤ ਜਾਤਾਂ ਅਤੇ ਜਨਜਾਤਾਂ ਦੀ ਨੁਮਾਇੰਦਗੀ ਹੋਵੇ, ਤੀਜਾ; ਰਾਖਵੇਂਕਰਨ ਨਾਲ ਤਰੱਕੀ ਦਿੰਦੇ ਸਮੇਂ ਪ੍ਰਸ਼ਾਸਨ ਦੀ ਸਮੁੱਚੀ ਕਾਰਜਕੁਸ਼ਲਤਾ ਨੂੰ ਧਿਆਨ ਵਿੱਚ ਰੱਖਿਆ ਜਾਵੇ।

ਰਾਖਵੇਂਕਰਨ ਦੇ ਵਿਰੋਧੀ ਲੋਕਾਂ ਦਾ ਕਹਿਣਾ ਹੈ ਕਿ ਕੀ ਰਾਖਵਾਂਕਰਨ ਹਮੇਸ਼ਾ ਰਹੇਗਾ? ਕੀ ਯੋਗ ਵਿਅਕਤੀਆਂ ਨੂੰ ਤਰੱਕੀ ਤੋਂ ਇਸ ਲਈ ਵਾਂਝੇ ਕਰ ਦਿੱਤਾ ਜਾਵੇਗਾ ਕਿ ਕੋਟਾ ਪੂਰਾ ਹੋ ਗਿਆ ਹੈ? ਫਿਰ ਉਹ ਕਿੱਥੇ ਜਾਣ? ਕੀ ਇਹ ਸਹੀ ਹੈ ਕਿ ਇੰਜੀਨੀਅਰਿੰਗ ਵਿੱਚ ਨੱਬੇ ਫੀਸਦੀ ਨੰਬਰ ਲੈਣ ਵਾਲਾ ਵਿਦਿਆਰਥੀ ਦਵਾਈ ਵੇਚੇ ਤੇ ਚਾਲੀ ਫੀਸਦੀ ਨੰਬਰ ਲੈਣ ਵਾਲਾ ਦਲਿਤ ਰਾਖਵੇਂਕਰਨ ਨਾਲ ਡਾਕਟਰ ਜਾ ਬਣੇ? ਉਸ ਰਾਖਵੇਂਕਰਨ ਦਾ ਕੀ ਲਾਭ, ਜਦੋਂ ਇੱਕ ਅਧਿਕਾਰੀ ਫੈਸਲਾ ਲੈਣ ਦੀ ਪ੍ਰਕਿਰਿਆ ਦੇ ਦਬਾਅ ਦਾ ਸਾਹਮਣਾ ਨਾ ਕਰ ਸਕੇ? ਕੀ ਭਾਰਤ ਦੇ ਸਮਾਜਕ ਤਾਣੇ-ਬਾਣੇ ਅਤੇ ਸੁਹਿਰਦਤਾ ਨੂੰ ਬਣਾਉਣ ਲਈ ਜਾਤ 'ਤੇ ਆਧਾਰਤ ਰਾਖਵਾਂਕਰਨ ਜਾਇਜ਼ ਹੈ? ਜੇ ਅਨੁਸੂਚਿਤ ਜਾਤਾਂ ਅਤੇ ਜਨਜਾਤਾਂ ਦੇ ਕੁਝ ਲੋਕਾਂ ਨੂੰ ਨੌਕਰੀ ਮਿਲ ਜਾਂਦੀ ਹੈ ਤਾਂ ਉਸ ਨਾਲ ਇਨ੍ਹਾਂ ਭਾਈਚਾਰਿਆਂ ਦਾ ਭਲਾ ਕਿਵੇਂ ਹੋਵੇਗਾ?

ਸਮਾਜਕ ਨਿਆਂ ਇੱਕ ਲੋੜੀਂਦਾ ਅਤੇ ਸ਼ਲਾਘਾਯੋਗ ਟੀਚਾ ਹੈ ਅਤੇ ਸਰਕਾਰ ਦਾ ਇਹ ਫਰਜ਼ ਹੈ ਕਿ ਉਹ ਗਰੀਬ ਅਤੇ ਪੱਛੜੇ ਵਰਗਾਂ ਦੀ ਭਲਾਈ ਕਰੇ, ਉਨ੍ਹਾਂ ਨੂੰ ਸਿਖਿਆ ਹਾਸਲ ਕਰਵਾਏ ਤੇ ਬਰਾਬਰ ਮੌਕੇ ਦੇਵੇ। ਸਰਕਾਰੀ ਨੌਕਰੀਆਂ ਵਿੱਚ ਅਨੁਸੂਚਿਤ ਜਾਤਾਂ ਤੇ ਜਨਜਾਤਾਂ ਦੀ ਘੱਟ ਨੁਮਾਇੰਦਤਗੀ ਅਤੇ ਸਰਵਿਸ ਵਿੱਚ ਉਚ ਅਹੁਦਿਆਂ 'ਤੇ ਤਰੱਕੀ ਤੋਂ ਵਾਂਝੇ ਕੀਤੇ ਜਾਣ ਦੇ ਮੱਦੇਨਜ਼ਰ ਇਨ੍ਹਾਂ ਭਾਈਚਾਰਿਆਂ ਲਈ ਰਾਖਵਾਂਕਰਨ ਅਹਿਮ ਹੈ, ਪਰ ਸਵਾਲ ਉਠਦਾ ਹੈ ਕਿ ਕੀ ਤਰੱਕੀ ਵਿੱਚ ਅਨੁਸੂਚਿਤ ਜਾਤਾਂ ਤੇ ਜਨਜਾਤਾਂ ਨੂੰ ਰਾਖਵਾਂਕਰਨ ਦੇਣ ਨਾਲ ਉਨ੍ਹਾਂ ਦਾ ਭਲਾ ਹੋਵੇਗਾ? ਕੀ ਤਰੱਕੀ ਵਿੱਚ ਯੋਗਤਾ ਨੂੰ ਘੱਟ ਮਹੱਤਤਾ ਦਿੱਤੀ ਜਾਵੇਗੀ? ਅਜਿਹਾ ਤੁਸੀਂ ਔਸਤਨ ਦਰਜੇ ਦੇ ਅਧਿਕਾਰੀ ਪੈਦਾ ਕਰਨ ਦੀ ਕੀਮਤ 'ਤੇ ਕਰ ਸਕਦੇ ਹੋ। ਜੇ ਤੁਸੀਂ ਪਹਿਲੀ ਸ਼੍ਰੇਣੀ ਦੇ ਅਧਿਕਾਰੀ ਬਣ ਜਾਂਦੇ ਹੋ ਤਾਂ ਫਿਰ ਤੁਸੀਂ ਪਛੜੇ ਨਹੀਂ ਰਹਿ ਜਾਂਦੇ। ਨਾਲ ਹੀ ਤਰੱਕੀ ਵਿੱਚ ਰਾਖਵੇਂਕਰਨ ਦੇ ਮੁੱਦੇ ਨੂੰ ਉਛਾਲਣਾ ਖਤਰਨਾਕ ਹੋ ਸਕਦਾ ਹੈ।

ਸਰਕਾਰੀ ਸੂਤਰਾਂ ਅਨੁਸਾਰ ਵੱਖ-ਵੱਖ ਮਹਿਕਮਿਆਂ ਅਤੇ ਸਰਕਾਰੀ ਅਦਾਰਿਆਂ ਵਿੱਚ ਤਰੱਕੀ ਨਾਲ ਅਹੁਦੇ ਭਰਨ ਲਈ ਯੋਗ ਅਧਿਕਾਰੀ ਨਹੀਂ ਮਿਲ ਰਹੇ। ਰੋਜ਼ਗਾਰ ਖੇਤਰ ਵਿੱਚ ਡਿਪਲੋਮਾ, ਬੀ ਟੈੱਕ ਆਦਿ ਤਕਨੀਕੀ ਸਿਖਿਆ ਦੀ ਲੋੜ ਹੁੰਦੀ ਹੈ, ਪਰ ਅਨੁਸੂਚਿਤ ਜਾਤੀ ਅਤੇ ਜਨਜਾਤੀ ਦੇ ਉਮੀਦਵਾਰ ਲੋੜੀਂਦੇ ਨੰਬਰ ਹਾਸਲ ਕਰਨ ਵਿੱਚ ਸਫਲ ਨਹੀਂ ਹੁੰਦੇ।

ਸਰਕਾਰੀ ਨੌਕਰੀਆਂ ਵਿੱਚ ਤਰੱਕੀ ਲਈ ਸਵੈ ਇੱਛੁਕ ਰਾਖਵਾਂਕਰਨ ਦੇਣ ਦੇ ਤਿੰਨ ਖਤਰੇ ਹਨ; ਇੱਕ, ਇਸ ਨਾਲ ਮਹਿਕਮਿਆਂ ਦੀ ਕਾਰਗੁਜ਼ਾਰੀ ਪ੍ਰਭਾਵਿਤ ਹੋਵੇਗੀ। ਦੂਜਾ, ਯੋਗ ਵਿਅਕਤੀਆਂ ਨੂੰ ਆਕਰਸ਼ਿਤ ਕਰਨਾ ਤੇ ਉਨ੍ਹਾਂ ਨੂੰ ਸਰਵਿਸ ਵਿੱਚ ਬਣਾਈ ਰੱਖਣਾ ਮੁਸ਼ਕਲ ਹੋਵੇਗਾ, ਕਿਉਂਕਿ ਉਹ ਤਰੱਕੀ ਦੀ ਦੌੜ ਤੋਂ ਪਛੜ ਜਾਣਗੇ। ਤੀਜਾ, ਸ਼ਾਸਨ ਦੀ ਗੁਣਵੱਤਾ ਵਿੱਚ ਕਿਸੇ ਵੀ ਗਿਰਾਵਟ ਨਾਲ ਐਨ ਡੀ ਏ ਸਰਕਾਰ ਵੱਲੋਂ 'ਬ੍ਰਾਂਡ ਇੰਡੀਆ' ਦੇ ਆਰਥਿਕ ਵਿਕਾਸ ਦੀ ਮਾਰਕੀਟਿੰਗ ਪ੍ਰਭਾਵਿਤ ਹੋਵੇਗੀ ਕਿਉਂਕਿ ਇਸ ਦੀ ਸਫਲਤਾ ਦਿਮਾਗੀ ਕੁਸ਼ਲਤਾ, ਸਿਖਿਆ ਅਤੇ ਕੁਸ਼ਲ ਜਨ ਸ਼ਕਤੀ 'ਤੇ ਨਿਰਭਰ ਕਰਦੀ ਹੈ। ਲੋਕਤੰਤਰ ਵਿੱਚ ਮੂਲ ਅਧਿਕਾਰਾਂ 'ਚ ਜਾਤ, ਧਰਮ ਅਤੇ ਲਿੰਗ ਨੂੰ ਧਿਆਨ ਵਿੱਚ ਰੱਖੇ ਬਿਨਾਂ ਸਭ ਨੂੰ ਬਰਾਬਰ ਮੌਕਿਆਂ ਦੀ ਵਿਵਸਥਾ ਹੈ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਤੇ ਇਸ ਨਾਲ ਮਨੁੱਖੀ ਵਿਕਾਸ ਨੂੰ ਸੀਮਤ ਨਹੀਂ ਕੀਤਾ ਜਾ ਸਕਦਾ। ਰਾਖਵਾਂਕਰਨ ਨਾ ਗਰੀਬੀ ਹਟਾਉਣ ਦਾ ਰਾਮਬਾਣ ਹੈ ਅਤੇ ਨਾ ਇਸ ਗੱਲ ਦੀ ਗਾਰੰਟੀ ਕਿ ਇਨ੍ਹਾਂ ਜਾਤਾਂ ਦੇ ਲੋਕਾਂ ਨੂੰ ਸਰਕਾਰੀ ਨੌਕਰੀ, ਪਾਰਲੀਮੈਂਟ ਜਾਂ ਵਿਧਾਨ ਸਭਾ ਵਿੱਚ ਸੀਟ ਮਿਲ ਜਾਵੇਗੀ।

ਇਸ ਨਜ਼ਰੀਏ ਤੋਂ ਸਮਾਜ ਸੁਧਾਰ ਅੰਦੋਲਨ ਨਿਰਾਰਥਕ, ਭਾਵ ਫਜ਼ੂਲ ਬਣ ਜਾਵੇਗਾ। ਸਾਡੇ ਨੇਤਾਵਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਰਾਖਵੇਂਕਰਨ ਦੇ ਸਰਵਭੌਮੀਕਰਨ ਦਾ ਭਾਵ ਹੈ ਕਿ ਬਿਹਤਰੀਨ ਪ੍ਰਤਿਭਾ ਨੂੰ ਅਲਵਿਦਾ ਕਹਿਣਾ, ਜਦ ਕਿ ਆਧੁਨਿਕ ਰਾਸ਼ਟਰ ਦੀ ਤਰੱਕੀ ਲਈ ਇਹ ਜ਼ਰੂਰੀ ਹੈ। ਰਾਖਵੇਂਕਰਨ ਦੇ ਹਿਤੈਸ਼ੀ ਇਸ ਗੱਲ ਬਾਰੇ ਪ੍ਰਤੀਕਿਰਿਆ ਦੇਣਗੇ, ਜੇ ਅਨੁਸੂਚਿਤ ਜਾਤੀ/ ਜਨਜਾਤੀ ਅਤੇ ਹੋਰ ਪਛੜੇ ਵਰਗ (ਓ ਬੀ ਸੀ) ਵਾਲੇ ਵੀ ਪਾਰਲੀਮੈਂਟ ਅਤੇ ਵਿਧਾਨ ਸਭਾਵਾਂ ਦੀਆਂ ਸੀਟਾਂ ਵਿੱਚ ਪੰਜਾਹ ਫੀਸਦੀ ਦਾ ਰਾਖਵਾਂਕਰਨ ਮੰਗਣਗੇ? ਜੇ ਉਹ ਮੰਤਰੀ ਅਹੁਦਿਆਂ ਵਿੱਚ 27 ਫੀਸਦੀ ਰਾਖਵਾਂਕਰਨ ਮੰਗਣ ਤਾਂ ਕੀ ਹੋਵੇਗਾ ਅਤੇ ਜੇ ਹਰ ਜਾਤ ਦੇ ਲੋਕ ਸਿਆਸੀ ਪਾਰਟੀਆਂ ਜਾਂ ਸਰਕਾਰੀ ਮਹਿਕਮਿਆਂ ਵਿੱਚ ਨੁਮਾਇੰਦਗੀ ਘਟਣ ਦੀ ਸ਼ਿਕਾਇਤ ਕਰਨ ਲੱਗ ਪਏ, ਤਾਂ ਕੀ ਹੋਵੇਗਾ? ਪਾਰਲੀਮੈਂਟ ਅਤੇ ਵਿਧਾਨ ਸਭਾਵਾਂ ਵਿੱਚ ਔਰਤਾਂ ਨੂੰ 33 ਫੀਸਦੀ ਰਾਖਵਾਂਕਰਨ ਦੇਣ ਦਾ ਮੁੱਦਾ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਲਟਕ ਰਿਹਾ ਹੈ ਤੇ ਸਾਨੂੰ ਇਸ ਦੀ ਸ਼ੁਰੂਆਤ ਇਥੋਂ ਕਰਨੀ ਚਾਹੀਦੀ ਹੈ। ਇਸ ਦਾ ਵਿਰੋਧ ਵੀ ਹੋਣ ਲੱਗਾ ਹੈ। ਫਾਰਵਰਡ ਜਾਤਾਂ ਹਮੇਸ਼ਾ ਲਈ ਰਾਖਵੇਂਕਰਨ ਦਾ ਵਿਰੋਧ ਕਰਨ ਲੱਗੀਆਂ ਅਤੇ ਪੁੱਛਣ ਲੱਗੀਆਂ ਹਨ ਕਿ ਸਰਕਾਰ ਵਿੱਚ ਉਚ ਅਧਿਕਾਰੀ ਦੇ ਬੱਚਿਆਂ ਨੂੰ ਜਾਤ ਦੇ ਆਧਾਰ 'ਤੇ ਰਾਖਵਾਂਕਰਨ ਚਾਹੀਦਾ ਹੈ, ਜਦ ਕਿ ਫਾਰਵਰਡ ਜਾਤਾਂ ਦੇ ਡਰਾਈਵਰਾਂ ਤੇ ਕੰਡਕਟਰਾਂ ਦੇ ਬੱਚਿਆਂ ਨੂੰ ਸੀਮਿਤ ਗੈਰ-ਰਾਖਵੇਂ ਅਹੁਦਿਆਂ ਲਈ ਸੰਘਰਸ਼ ਕਰਨਾ ਪਵੇਗਾ? ਸਰਕਾਰ ਇਸ ਮੁੱਦੇ ਨਾਲ ਕਿਵੇਂ ਨਜਿੱਠੇਗੀ? ਜੇ ਇਹ ਸਥਿਤੀ ਜਾਰੀ ਰਹਿੰਦੀ ਹੈ ਤਾਂ ਇਸ ਨਾਲ ਅਰਥ ਵਿਵਸਥਾ ਵਿੱਚ ਵੀ ਗਿਰਾਵਟ ਆਵੇਗੀ ਤੇ ਆਰਥਿਕ ਖੇਤਰ ਵਿੱਚ ਸਭ ਤੋਂ ਹੇਠਲੇ ਪੱਧਰ 'ਤੇ ਰਹਿਣ ਵਾਲੇ ਲੋਕਾਂ ਦੀ ਭਲਾਈ ਦਾ ਕੰਮ ਪ੍ਰਭਾਵਤ ਹੋਵੇਗਾ। ਇਸ ਤੋਂ ਇਲਾਵਾ ਇਸ ਨਾਲ ਪ੍ਰਤਿਭਾ ਪਲਾਇਨ ਵੀ ਹੋਵੇਗਾ ਅਤੇ ਯੋਗ ਲੋਕਾਂ ਵਿੱਚ ਨਿਰਾਸ਼ਾ ਪੈਦਾ ਹੋਵੇਗੀ।

ਕੁਝ ਲੋਕਾਂ ਦਾ ਮੰਨਣਾ ਹੈ ਕਿ ਰਾਖਵਾਂਕਰਨ ਜਾਤ 'ਤੇ ਆਧਾਰਤ ਨਹੀਂ ਹੋਣਾ ਚਾਹੀਦਾ, ਇਸ ਦਾ ਪੈਮਾਨਾ ਆਰਥਿਕ ਹੋਣਾ ਚਾਹੀਦਾ ਹੈ, ਜਿਸ ਨਾਲ ਗਰੀਬ ਲੋਕਾਂ ਨੂੰ ਇਸ ਦਾ ਲਾਭ ਮਿਲ ਸਕੇ, ਜਦ ਕਿ ਰਾਖਵੇਂਕਰਨ ਦੇ ਹਮਾਇਤੀ ਲੋਕਾਂ ਦਾ ਕਹਿਣਾ ਹੈ ਕਿ ਸਮਾਜ ਵਿੱਚ ਅਜੇ ਛੂਤਛਾਤ ਜਾਰੀ ਹੈ, ਚਾਹੇ ਦਲਿਤ ਪਰਵਾਰ ਕਿੰਨਾ ਵੀ ਖੁਸ਼ਹਾਲ ਕਿਉਂ ਨਾ ਹੋਵੇ, ਉਸ ਨੂੰ ਉਚ ਜਾਤ ਦੇ ਲੋਕ ਸਨਮਾਨ ਨਹੀਂ ਦਿੰਦੇ। ਇਸ ਲਈ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਸਨਮਾਨ ਮਿਲੇ, ਜਿਸ ਵਿੱਚ ਸਰਕਾਰੀ ਨੌਕਰੀ ਵੀ ਸ਼ਾਮਲ ਹੈ। ਸਾਲ 2018 ਦਾ ਭਾਰਤ 1989 ਵਾਲਾ ਭਾਰਤ ਨਹੀਂ ਹੈ, ਜਦੋਂ 18 ਸਾਲਾ ਨੌਜਵਾਨ ਵਿਦਿਆਰਥੀ ਰਾਜੀਵ ਗੋਸਵਾਮੀ ਨੇ ਰਾਖਵੇਂਕਰਨ ਦਾ ਵਿਰੋਧ ਕਰਦਿਆਂ ਆਪਣੀ ਜਾਨ ਦੇ ਦਿੱਤੀ ਸੀ। ਅੱਜ ਸਾਡੇ ਨੇਤਾਵਾਂ ਨੂੰ ਸਮਝਣਾ ਪਵੇਗਾ ਕਿ ਦੇਸ਼ 'ਚ 18 ਤੋਂ 35 ਸਾਲ ਦੀ ਉਮਰ ਦੀ ਪੰਜਾਹ ਫੀਸਦੀ ਆਬਾਦੀ 'ਰੰਗ ਦੇ ਬਸੰਤੀ' ਵਾਲੀ ਪੀੜ੍ਹੀ ਹੈ ਅਤੇ ਉਹ ਪ੍ਰਤੀਕਿਰਿਆ ਦੀ ਬਜਾਏ ਕਾਰਵਾਈ ਵਿੱਚ ਯਕੀਨ ਕਰਦੀ ਹੈ। ਇਹ ਨੌਜਵਾਨ ਭੀੜ ਵਾਲੇ ਰੋਜ਼ਗਾਰ ਬਾਜ਼ਾਰ ਵਿੱਚ ਆਪਣੇ ਲਈ ਯੋਗਤਾ ਦੇ ਆਧਾਰ ਤੇ ਨੌਕਰੀਆਂ ਲੱਭਦੇ ਹਨ।

ਸਾਡੇ ਦੇਸ਼ ਵਿੱਚ ਹਰ ਸਾਲ ਕਿਰਤ ਸ਼ਕਤੀ 'ਚ 3.5 ਫੀਸਦੀ ਦਾ ਵਾਧਾ ਹੋ ਰਿਹਾ ਹੈ, ਜਦ ਕਿ ਰੋਜ਼ਗਾਰ ਦੀ ਵਾਧਾ ਦਰ 2.3 ਫੀਸਦੀ ਹੈ। ਮੋਦੀ ਸਰਕਾਰ ਵੱਲੋਂ ਜਾਇੰਟ ਸਕੱਤਰ ਦੇ 10 ਅਹੁਦਿਆਂ ਲਈ ਮੰਗੀਆਂ ਅਰਜ਼ੀਆਂ ਉਤੇ 6000 ਤੋਂ ਵੱਧ ਲੋਕਾਂ ਨੇ ਅਪਲਾਈ ਕੀਤਾ ਹੈ। ਦੇਸ਼ ਵਿੱਚ ਹਰ ਸਾਲ 1.20 ਕਰੋੜ ਨੌਜਵਾਨ ਰੋਜ਼ਗਾਰ ਬਾਜ਼ਾਰ ਵਿੱਚ ਆ ਰਹੇ ਹਨ। ਇਸ ਸਥਿਤੀ ਵਿੱਚ ਰਾਖਵਾਂਕਰਨ ਕਿੱਥੇ ਫਿੱਟ ਹੁੰਦਾ ਹੈ? ਸਮਾਂ ਆ ਗਿਆ ਹੈ ਕਿ ਸਾਡੇ ਨੇਤਾ ਹਰ ਕਿਸੇ ਨੂੰ ਬਰਾਬਰ ਮੌਕੇ ਲਈ ਸਿਰਜਣਸ਼ੀਲਤਾ ਨਾਲ ਸੋਚਣ। ਸਿਰਫ ਤਰੱਕੀ ਵਿੱਚ ਰਾਖਵਾਂਕਰਨ ਦੇਣ ਨਾਲ ਬਿਹਤਰੀਨ ਪ੍ਰਤਿਭਾ ਨਹੀਂ ਮਿਲ ਸਕੇਗੀ। ਇਸ ਦੇ ਲਈ ਅਨੁਸੂਚਿਤ ਜਾਤਾਂ ਅਤੇ ਜਨਜਾਤਾਂ ਦੇ ਲੋਕਾਂ ਨੂੰ ਯੋਗ ਬਣਾਉਣ ਲਈ ਨਵੇਂ ਤਰੀਕੇ ਲੱਭਣੇ ਪੈਣਗੇ ਤਾਂ ਕਿ ਉਹ ਜਨਰਲ ਸ਼ਰੇਣੀ ਦੇ ਲੋਕਾਂ ਨਾਲ ਮੁਕਾਬਲੇਬਾਜ਼ੀ ਕਰ ਸਕਣ। ਤਰੱਕੀ ਵਿੱਚ ਰਾਖਵਾਂਕਰਨ ਦੇਣਾ ਘੋੜੇ ਅੱਗੇ ਗੱਡੀ ਜੋੜਨ ਵਾਂਗ ਹੈ। ਹਰ ਕੀਮਤ 'ਤੇ ਸੱਤਾ ਪ੍ਰਾਪਤੀ ਦੇ ਚਾਹਵਾਨ ਸਾਡੇ ਨੇਤਾਵਾਂ ਨੂੰ ਵੋਟ ਅਤੇ ਰਾਖਵੇਂਕਰਨ ਦੀ ਸਿਆਸਤ ਤੋਂ ਪਰ੍ਹੇ ਸੋਚਣਾ ਪਵੇਗਾ ਕਿਉਂਕਿ ਇਹ ਫੁੱਟਪਾਊ ਹੈ ਅਤੇ ਇਸ ਨਾਲ ਫਾਰਵਰਡ-ਬੈਕਵਰਡ ਜਾਤਾਂ ਵਿਚਾਲੇ ਸੰਘਰਸ਼ ਵਧ ਰਿਹਾ ਹੈ। ਸਰਕਾਰ ਨੂੰ ਆਪਣੀ ਰਾਖਵਾਂਕਰਨ ਨੀਤੀ 'ਤੇ ਮੁੜ ਵਿਚਾਰ ਕਰਨਾ ਪਵੇਗਾ। ਜੇ ਸਥਿਤੀ ਵਿੱਚ ਸੁਧਾਰ ਨਾ ਕੀਤਾ ਗਿਆ ਤਾਂ ਭਾਰਤ ਛੇਤੀ ਹੀ ਅਯੋਗ ਅਤੇ ਔਸਤਨ ਦਰਜੇ ਦੇ ਲੋਕਾਂ ਦਾ ਰਾਸ਼ਟਰ ਬਣ ਜਾਵੇਗਾ। ਇਸ ਸੰਬੰਧ ਵਿੱਚ ਹੁਣ ਮੋਦੀ ਸਰਕਾਰ ਨੂੰ ਕਦਮ ਚੁੱਕਣੇ ਪੈਣਗੇ।

# ਸ਼ਬਦ ਦੀ ਮਹਿਮਾ

-ਡਾਕਟਰ ਨਰੇਸ਼

ਕਿਸੇ ਵੀ ਭਾਸ਼ਾ ਦਾ ਆਧਾਰ ਉਸ ਦੇ ਸ਼ਬਦ ਹੁੰਦੇ ਹਨ। ਭਾਸ਼ਾ ਦੋ ਇਨਸਾਨਾਂ ਵਿਚਕਾਰ ਸੰਵਾਦ ਦਾ ਮਾਧਿਅਮ ਹੁੰਦੀ ਹੈ। ਇਹੋ ਸਾਧਨ ਹੈ ਜਿਸ ਰਾਹੀਂ ਮਨੁੱਖ ਆਪਣੇ ਭਾਵਾਂ ਨੂੰ ਪ੍ਰਗਟ ਕਰ ਸਕਦਾ ਹੈ। ਇਸ ਦੀ ਅਣਹੋਂਦ ਵਿੱਚ ਵੀ ਸੰਵਾਦ ਸੰਭਵ ਹੈ, ਪਰ ਚੁੱਪ ਦੀ ਭਾਸ਼ਾ ਰਾਹੀਂ ਆਪਣੀ ਗੱਲ ਪੂਰੀ ਜ਼ਾਹਰ ਕਰਨੀ ਸੰਭਵ ਨਹੀਂ। ਇਹ ਵੀ ਜ਼ਰੂਰੀ ਨਹੀਂ ਕਿ ਸੰਕੇਤਾਂ ਰਾਹੀਂ ਕੀਤਾ ਗਿਆ ਇਜ਼ਹਾਰ ਇੱਛਤ ਮੰਜ਼ਿਲ ਤੱਕ ਜਾ ਪੁੱਜੇ। ਇਸ ਲਈ ਸ਼ਬਦਾਂ ਦੀ ਲੋੜ ਹੁੰਦੀ ਹੈ।

ਕੁਦਰਤ ਨੇ ਇਨਸਾਨ ਨੂੰ ਭਾਸ਼ਾ ਨਹੀਂ, ਆਵਾਜ਼ ਬਖਸ਼ੀ ਹੈ। ਜਿਸ ਵਿਅਕਤੀ ਨੂੰ ਕੁਦਰਤ ਨੇ ਆਵਾਜ਼ ਤੋਂ ਵਾਂਝਿਆ ਰੱਖਿਆ ਹੈ, ਉਸ ਨੂੰ ਅਸੀਂ ਬੋਲਣਾ ਨਹੀਂ ਸਿਖਾ ਸਕਦੇ, ਪਰ ਜਿਸ ਦੇ ਕੋਲ ਆਵਾਜ਼ ਹੈ, ਉਸ ਨੇ ਕੀ ਤੇ ਕਿਵੇਂ ਬੋਲਣਾ ਹੈ, ਸਿਖਾ ਸਕਦੇ ਹਾਂ। ਸ਼ਬਦ ਇਨਸਾਨ ਨੇ ਬਣਾਏ ਹਨ। ਇਸ ਲਈ ਇਨ੍ਹਾਂ ਦੀ ਵਰਤੋਂ ਦਾ ਢੰਗ ਇਨਸਾਨ ਤੋਂ ਹੀ ਸਿਖਿਆ ਜਾ ਸਕਦਾ ਹੈ। ਕਿਸੇ ਵੀ ਭਾਸ਼ਾ ਦਾ ਪ੍ਰਚਾਰ ਤੇ ਪਾਸਾਰ ਇਨਸਾਨਾਂ ਦੇ ਹੱਥ ਹੈ।

ਭਾਰਤ ਵਿੱਚ 180 ਤੋਂ ਵੱਧ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਇਨ੍ਹਾਂ ਵਿੱਚੋਂ ਨੱਬੇ ਭਾਸ਼ਾਵਾਂ ਅਜਿਹੀਆਂ ਹਨ ਜਿਨ੍ਹਾਂ 'ਚੋਂ ਹਰ ਭਾਸ਼ਾ ਦੇ ਬੋਲਣ ਵਾਲਿਆਂ ਦੀ ਗਿਣਤੀ ਦਸ ਹਜ਼ਾਰ ਵੀ ਨਹੀਂ। ਦੇਸ਼ ਦੀ ਸੱਤਰ ਫੀਸਦੀ ਆਬਾਦੀ ਮਹਿਜ਼ 20 ਭਾਸ਼ਾਵਾਂ ਬੋਲਦੀ ਹੈ। ਦੇਸ਼ ਦੀਆਂ ਲਗਭਗ 12 ਭਾਸ਼ਾਵਾਂ ਦੇ ਆਪੋ ਆਪਣੇ ਭੂਗੋਲਿਕ ਖੇਤਰ ਹਨ। ਇਹ ਹਨ; ਕਸ਼ਮੀਰੀ, ਪੰਜਾਬੀ, ਹਿੰਦੀ, ਬੰਗਲਾ, ਅਸਮੀ, ਉੜੀਆ, ਗੁਜਰਾਤੀ, ਮਰਾਠੀ, ਕੰਨੜ, ਤੇਲਗੂ, ਤਾਮਿਲ ਅਤੇ ਮਲਿਆਲਮ। ਭਾਰਤ ਦੇ ਆਪਣੇ ਚਾਰ ਭਾਸ਼ਾਈ ਪਰਵਾਰ ਹਨ। ਪਹਿਲਾ ਹੈ ਨਿਸ਼ਾਦ, ਜਿਸ ਦੀਆਂ ਭਾਸ਼ਾਵਾਂ ਸਾਡੀ 1.38 ਫੀਸਦੀ ਆਬਾਦੀ ਬੋਲਦੀ ਹੈ। ਦੂਜਾ ਹੈ ਕਿਰਾਤ, ਜਿਸ ਵਿੱਚ ਤਿੱਬਤੀ, ਬਾਲਤੀ, ਲੱਦਾਖਾ, ਲਾਹੌਲੀ, ਸ਼ੇਰਪਾ, ਮਸ਼ਮੀ ਆਦਿ ਭਾਸ਼ਾਵਾਂ ਹਨ। ਇਨ੍ਹਾਂ ਨੂੰ 5.85 ਫੀਸਦੀ ਲੋਕ ਬੋਲਦੇ ਹਨ। ਤੀਸਰਾ ਦ੍ਰਾਵਿੜ ਹੈ, ਜਿਸ ਵਿੱਚ ਤੇਲਗੂ, ਤਮਿਲ, ਕੰਨੜ ਆਦਿ ਭਾਸ਼ਾਵਾਂ ਸ਼ਾਮਲ ਹਨ। ਇਹ ਭਾਸ਼ਾਵਾਂ ਬੋਲਣ ਵਾਲੇ ਸਾਡੀ ਆਬਾਦੀ ਦਾ 20 ਫੀਸਦੀ ਹਿੱਸਾ ਹਨ। ਚੌਥਾ ਹੈ ਆਰੀਆ ਪਰਵਾਰ; ਜਿਸ ਹੇਠ ਹਿੰਦੀ, ਉਰਦੂ, ਸਿੰਧੀ, ਕੱਛੀ, ਮਰਾਠੀ ਆਦਿ ਭਾਸ਼ਾਵਾਂ ਹਨ। ਸਾਡੀ 73 ਫੀਸਦੀ ਆਬਾਦੀ ਇਸ ਪਰਵਾਰ ਦੀਆਂ ਭਾਸ਼ਾਵਾਂ ਬੋਲਦੀ ਹੈ। ਕਈ ਭਾਸ਼ਾਵਾਂ ਵਿੱਚ ਅਨੇਕ ਸ਼ਬਦ ਇੱਕੋ ਜਿਹੇ ਹਨ ਅਤੇ ਕਈਆਂ ਵਿੱਚ ਰਲਦੇ-ਮਿਲਦੇ ਸ਼ਬਦ ਹਨ।

ਕਈ ਵਾਰ ਸੋਚਦਾ ਹਾਂ ਕਿ ਤੁਰਕੀ ਅਤੇ ਫਾਰਸੀ ਬੋਲਦੇ ਮੁਸਲਮਾਨਾਂ ਦੇ ਭਾਰਤ ਵਿੱਚ ਆ ਵੱਸਣ ਤੋਂ ਪਹਿਲਾਂ ਸਾਡੇ ਦੇਸ਼ ਵਿੱਚ ਤਰਬੂਜ਼, ਦਾਲਾਨ, ਗੁਲਦਸਤਾ, ਦਾਇਰਾ, ਦਾਰੋਗਾ, ਚੋਬਦਾਰ, ਫੌਜਦਾਰ ਜਿਹੇ ਬੇਸ਼ੁਮਾਰ ਸ਼ਬਦਾਂ ਦੀ ਥਾਂ ਕੀ ਬੋਲਿਆ ਜਾਂਦਾ ਹੋਵੇਗਾ। ਰੋਜ਼ਾਨਾ ਜੀਵਨ ਵਿੱਚ ਵਰਤੀਆਂ ਜਾਂਦੀਆਂ ਅਨੇਕਾਂ ਵਸਤਾਂ ਦੇ ਅਸਲੀ ਨਾਂਅ ਗੁੰਮ ਹੋ ਗਏ ਹਨ ਤੇ ਉਨ੍ਹਾਂ ਦੇ ਤੁਰਕੀ, ਅਰਬੀ, ਫਾਰਸੀ ਬਦਲ ਚੱਲ ਪਏ ਹਨ, ਜਿਵੇਂ ਮੁੱਢ ਤੋਂ ਹੀ ਇਹੋ ਨਾਂਅ ਰਹੇ ਹੋਣ। ਇਸੇ ਨੂੰ ਸ਼ਬਦਾਂ ਦੀ ਯਾਤਰਾ ਆਖਿਆ ਜਾਂਦਾ ਹੈ। ਇਸ ਯਾਤਰਾ ਦਾ ਅਧਿਐਨ ਬੜਾ ਦਿਲਚਸਪ ਹੈ। ਪਤਾ ਹੀ ਨਹੀਂ ਲੱਗਦਾ ਕਿ ਕਿਸ ਭਾਸ਼ਾ ਦਾ ਕਿਹੜਾ ਸ਼ਬਦ ਕਦੋਂ ਅਤੇ ਕਿਵੇਂ ਜਾ ਕੇ ਕਿਸੇ ਦੂਸਰੀ ਭਾਸ਼ਾ ਦੇ ਸ਼ਬਦ ਭੰਡਾਰ ਵਿੱਚ ਸ਼ਾਮਲ ਹੋ ਗਿਆ ਹੈ।

ਕਾਗਜ਼ ਦੀ ਕਾਢ ਤੋਂ ਪਹਿਲਾਂ ਭਾਰਤ ਵਿੱਚ ਕਿਤਾਬਾਂ ਭੋਜ ਪੱਤਰ 'ਤੇ ਲਿਖੀਆਂ ਜਾਂਦੀਆਂ ਸਨ। ਭੋਜ ਬਿਰਛ ਦੀ ਛਿੱਲ ਨੂੰ ਵਿਸ਼ੇਸ਼ ਮਾਪ ਨਾਲ ਕੱਟ ਕੇ ਪੱਟੀਆਂ ਬਣਾਈਆਂ ਜਾਂਦੀਆਂ ਸਨ। ਇਨ੍ਹਾਂ ਪੱਟੀਆਂ ਨੂੰ ਧੁੱਪੇ ਸੁਕਾ ਕੇ ਇਨ੍ਹਾਂ ਉਪਰ ਤੇਲ ਮਲ ਦਿੱਤਾ ਜਾਂਦਾ ਸੀ। ਜਦੋਂ ਇਹ ਚਿਕਣੀਆਂ ਹੋ ਜਾਂਦੀਆਂ ਤਾਂ ਇਨ੍ਹਾਂ ਉਪਰ ਸ਼ਬਦ ਉਕੇਰੇ ਜਾਂਦੇ ਸਨ ਜਿਨ੍ਹਾਂ ਉਪਰ ਸਿਆਹੀ ਮਲ ਦਿੱਤੀ ਜਾਂਦੀ ਸੀ। ਅੱਜ ਇਹ ਸੌਖ ਨਾਲ ਪੜ੍ਹਾ ਜਾ ਸਕਦੇ ਹਨ। ਜਦੋਂ ਪੁਸਤਕ ਦਾ ਇੱਕ ਅਧਿਆਇ ਪੂਰਾ ਹੋ ਜਾਂਦਾ ਤਾਂ ਸੂਤਰ ਨਾਲ ਪੱਟੀਆਂ ਨੂੰ ਬੰਨ੍ਹ ਦਿੱਤਾ ਜਾਂਦਾ ਸੀ। ਇਸੇ ਲਈ ਸੰਸਕ੍ਰਿਤ ਵਿੱਚ ਅਧਿਆਇ ਨੂੰ 'ਸੂਤਰ' ਆਖਿਆ ਗਿਆ। ਵਿਭਿੰਨ ਅਧਿਆਵਾਂ ਨੂੰ ਡੋਰੀ ਨਾਲ ਬੰਨ੍ਹ ਕੇ ਗੰਢ ਮਾਰ ਦਿੱਤੀ ਜਾਂਦੀ ਸੀ। ਇਸੇ ਗੰਢ ਕਾਰਨ ਪੁਸਤਕ ਨੂੰ 'ਗ੍ਰੰਥ' ਆਖਿਆ ਗਿਆ।

ਸ਼ਬਦਾਂ ਦੀ ਕਹਾਣੀ ਵੀ ਬੜੀ ਅਜੀਬ ਹੁੰਦੀ ਹੈ। ਸ਼ਬਦ ਪੰਛੀਆਂ ਵਾਂਗ ਉਡਾਰੀਆਂ ਲਾਉਂਦੇ ਹਨ। ਪਤਾ ਨਹੀਂ ਕਿੱਥੋਂ ਕਿੱਥੋਂ ਦੀ ਯਾਤਰਾ ਇਨ੍ਹਾਂ ਦਾ ਨਸੀਬ ਹੈ। ਸ਼ਬਦ ਪੰਛੀ ਜਦੋਂ ਆਪਣੇ ਖੰਭ ਮੋਕਲੇ ਕਰਦੇ ਹਨ ਤਾਂ ਅਰਥ-ਵਿਸਥਾਰ ਹੁੰਦਾ ਹੈ ਅਤੇ ਜਦੋਂ ਖੰਭ ਸਮੇਟਦੇ ਹਨ ਤਾਂ ਅਰਥ-ਸੰਕੋਚ ਕਾਰਨ ਅਰਥ ਇੱਕ ਨੁਕਤੇ 'ਤੇ ਆ ਖਲੋਂਦਾ ਹੈ। ਅਰਥ-ਵਿਸਥਾਰ ਕਾਰਨ 'ਰਾਜਾ' ਦਾ ਅਰਥ 'ਨਾਈ' ਅਤੇ 'ਮਹਾਰਾਜ' ਦਾ ਅਰਥ 'ਰਸੋਈਆ' ਹੋ ਜਾਂਦਾ ਹੈ। ਅਰਥ-ਸੰਕੋਚ ਹੁੰਦਾ ਹੈ ਤਾਂ 'ਮੁਰਗ' (ਪੰਛੀ) 'ਮੁਰਗਾ' ਬਣ ਜਾਂਦਾ ਹੈ। ਫਾਰਸੀ ਵਿੱਚ ਮੁਰਗ ਦਾ ਅਰਥ ਪਰਿੰਦਾ ਹੈ। 'ਮੁਰਗ ਮੁਸੱਲਮ' ਦਾ ਅਰਥ ਹੈ ਭੁੰਨਿਆ ਹੋਇਆ ਕੋਈ ਵੀ ਸਾਲਮ ਪੰਛੀ, ਪਰ ਪੰਜਾਬੀ ਵਿੱਚ ਇਹ 'ਫੁੱਲ ਚਿਕਨ' (ਪੂਰਾ ਮੁਰਗਾ) ਹੋ ਗਿਆ। ਇਸੇ ਤਰ੍ਹਾਂ ਪੰਜਾਬੀ ਦਾ ਇੱਕ ਮੁਹਾਵਰਾ 'ਅੱਖਾਂ ਹਨ ਕਿ ਕੌਲ ਡੋਡੇ' ਆਪਣੀ ਸੁੰਦਰਤਾ ਦੇ ਬਾਵਜੂਦ ਨਾਕਾਰਾਤਮਕ ਬਣ ਗਿਆ। ਵੇਖਿਆ ਜਾਵੇ ਤਾਂ 'ਕੌਲ ਡੋਡੇ' ਜਿਹੀ ਅੱਖ ਬਦਸੂਰਤ ਨਹੀਂ, ਖੂਬਸੂਰਤ ਹੁੰਦੀ ਹੈ। 'ਕੌਲ' ਦਾ ਅਰਥ ਹੈ 'ਕੰਵਲ' ਅਤੇ 'ਡੋਡਾ' ਆਖਦੇ ਹਨ ਅਣਖਿੜੇ ਫੁੱਲ ਨੂੰ। ਅਣਖਿੜਿਆ ਕੰਵਲ ਅੱਖ ਲਈ ਬਿਹਤਰੀਨ ਉਪਮਾ ਹੈ ਜਦੋਂ ਕਿ ਅੱਖਾਂ ਹਨ ਕਿ 'ਕੌਲ ਡੋਡੇ' ਦਾ ਅਰਥ ਹੈ ਤੈਨੂੰ ਦਿਸਦਾ ਨਹੀਂ? ਭਾਰਤ ਵਿੱਚ 'ਕੰਵਲ ਨੈਣ' ਨੂੰ ਸੁੰਦਰਤਾ ਦਾ ਪ੍ਰਤੀਕ ਮੰਨਿਆ ਜਾਂਦਾ ਹੈ, ਪਰ ਮੁਹਾਵਰੇ ਨੇ ਅਰਥ ਬਦਲ ਲਿਆ ਅਤੇ ਨਾਕਾਰ-ਾਤਮਕ ਬਣ ਗਿਆ।

ਦੂਜੇ ਪਾਸੇ 'ਨਰਸਿੰਗੀ ਅੱਖ' ਪੰਜਾਬੀ/ ਉਰਦੂ ਸਾਹਿਤ ਵਿੱਚ ਸੁੰ-ਦਰਤਾ ਦਾ ਪ੍ਰਤੀਕ ਬਣ ਗਈ। ਅੱਖ ਲਈ ਅਸੀਂ ਇਹ ਉਪਮਾ ਫਾਰਸੀ ਤੋਂ ਲਈ ਹੈ। ਸੁੰਦਰ ਅੱਖ ਲਈ ਸਾਡਾ ਆਦਰਸ਼ 'ਮ੍ਰਿਗਨੈਣ', 'ਕੰਵਲ ਨੈਣ' ਅਰਥਾਤ ਸੁਤਵੀਂ ਅੱਖ ਸੀ। ਨਰਗਿਸ ਦਾ ਫੁੱਲ ਕਟੋਰੀ ਵਾਂਗ ਗੋਲ ਹੁੰਦਾ ਹੈ। ਤਿੱਬਤੀ, ਚੀਨੀ ਜਾਂ ਜਾਪਾਨੀ ਅੱਖ ਨੂੰ ਨਰਗਿਸੀ ਅੱਖ ਆਖ ਸਕਦੇ ਹਾਂ, ਭਾਰਤੀ ਅੱਖ ਨੂੰ ਨਹੀਂ। ਕਵਿਤਾ ਵਿੱਚ ਅਸੀਂ ਜ਼ਹਿਨੀ ਤੌਰ 'ਤੇ ਨਰਗਿਸੀ ਅੱਖ ਤੋਂ ਮ੍ਰਿਗਨੈਣੀ ਅਰਥ ਲੈ ਕੇ ਖੁਸ਼ ਹੋ ਜਾਂਦੇ ਹਨ।

ਰਿਸ਼ੀਆਂ ਨੇ ਸ਼ਬਦ ਨੂੰ ਬ੍ਰਹਮ ਕਿਹਾ ਹੈ। ਸ਼ਬਦ ਦੀਆਂ ਪਰਤਾਂ ਖੁੱਲ੍ਹਦੀਆਂ ਹਨ ਤਾਂ ਅਰਥ ਦੇ ਵਿਭਿੰਨ ਪਹਿਲੂ ਰੋਸ਼ਨ ਹੋ ਜਾਂਦੇ ਹਨ। ਇਹ ਭਾਰਤ ਦਾ ਦੁਰਭਾਗ ਹੈ ਕਿ ਭਾਸ਼ਾਵਾਂ ਨੂੰ ਧਰਮਾਂ ਨਾਲ ਜੋੜ ਕੇ ਵੋਟਾਂ ਦੀ ਰਾਜਨੀਤੀ ਕੀਤੀ ਜਾਂਦੀ ਹੈ, ਪਰ ਸ਼ਬਦ ਰਾਜਨੀਤੀ ਦੀ ਅਧੀਨਤਾ ਨਹੀਂ ਮੰਨਦੇ। ਇੱਕ ਮਿਸਾਲ ਦੇ ਕੇ ਗੱਲ ਸਪੱਸ਼ਟ ਕਰਦਾ ਹਾਂ। ਅਰਦਾਸ ਕਰਦਿਆਂ ਹਰ ਸਿੱਖ ਹਿੰਦੀ ਬੋਲਦਾ ਹੈ ਤੇ ਦੇਵੀ ਦੀ ਪੂਜਾ ਕਰਦਿਆਂ ਹਰ ਹਿੰਦੂ ਪੰਜਾਬੀ ਬੋਲਦਾ ਹੈ। ਅਰਦਾਸ ਕਰਦਿਆਂ ਸਿੱਖ ਆਖਦਾ ਹੈ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ'। ਉਹ 'ਵਾਹਿਗੁਰੂ ਜੀ ਦਾ ਖਾਲਸਾ' ਜਾਂ 'ਵਾਹਿਗੁਰੂ ਜੀ ਦੀ ਫਤਿਹ' ਨਹੀਂ ਆਖਦਾ। ਓਧਰ ਹਿੰਦੂ ਪੂਜਾ ਕਰਦਿਆਂ ਆਖਦਾ ਹੈ 'ਜੈ ਮਾਤਾ ਦੀ', ਉਹ 'ਜੈ ਮਾਤਾ ਕੀ' ਨਹੀਂ ਆਖਦਾ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services: • Complete Basement • Tiles • Bathrooms • Plumbing • Laminate • Hardwood Floor • Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
For Canada To US Runs
Local City Drivers @ 22/hr
For Owner Operator upto $1.62/mile
USA Driver $0.60/mile | Canada wide $0.50/mile
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
* Disability Insurance
* Travel Insurance
* Medical Benefits
* Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

## ਅਜੇ ਵਿਆਹ ਨਹੀਂ : ਅਰਜੁਨ ਕਪੂਰ



'ਇਸ਼ਕਜ਼ਾਦੇ', 'ਔਰੰਗਜ਼ੇਬ', 'ਗੁੰਡੇ', 'ਟੂ ਸਟੇਟਸ', 'ਫਾਈਡਿੰਗ ਫੇਨੀ', 'ਕੀ ਐਂਡ ਕਾ', 'ਤੇਵਰ', 'ਨਮਸਤੇ ਲੰਡਨ' ਵਰਗੀਆਂ ਫਿਲਮਾਂ 'ਚ ਕੰਮ ਕਰ ਚੁੱਕੇ ਅਰਜੁਨ ਕਪੂਰ ਅੱਜਕੱਲ੍ਹ ਫਿਲਮਾਂ ਬਦਲੇ ਆਪਣੀ ਪ੍ਰਸਨਲ ਲਾਈਫ ਬਾਰੇ ਜ਼ਿਆਦਾ ਸੁਰਖੀਆਂ ਵਿੱਚ ਹਨ। ਇਸ ਦਾ ਮਤਲਬ ਇਹ ਨਹੀਂ ਕਿ ਉਸ ਦੇ ਹੱਥ ਵਿੱਚ ਫਿਲਮਾਂ ਨਹੀਂ ਹਨ। ਪੇਸ਼ ਹਨ ਉਸ ਨਾਲ ਹੋਈ ਗੱਲਬਾਤ ਦੇ ਮੁੱਖ ਅੰਸ਼ :

* ਤੁਹਾਡਾ ਪਰਵਾਰ ਕਈ ਸਾਲਾਂ ਤੋਂ ਫਿਲਮ ਇੰਡਸਟਰੀ ਨਾਲ ਜੁੜਿਆ ਹੋਇਆ ਹੈ। ਕੀ ਇਸ ਲਈ ਤੁਹਾਡਾ ਰੁਝਾਨ ਫਿਲਮਾਂ ਵੱਲ ਹੋਇਆ ਜਾਂ ਤੁਸੀਂ ਕੁਝ ਹੋਰ ਕਰਨਾ ਚਾਹੁੰਦੇ ਸੀ?

– ਫਿਲਮੀ ਮਾਹੌਲ ਬਚਪਨ ਤੋਂ ਮਿਲਿਆ ਹੈ, ਇਸ ਲਈ ਪਾਸੇ ਅੱਗੇ ਵਧਣ ਬਾਰੇ ਮੈਂ ਸੋਚਿਆ। ਮੈਂ ਸ਼ੁਰੂ 'ਚ ਨਿਰਦੇਸ਼ਕ ਬਣਨਾ ਚਾਹੁੰਦਾ ਸੀ। ਅਸਿਸਟੈਂਟ ਡਾਇਰੈਕਟਰ ਵਜੋਂ 'ਕੱਲ੍ਹ ਹੋ ਨਾ ਹੋ', 'ਸਲਾਮ-ਏ-ਇਸ਼ਕ' ਵਰਗੀਆਂ ਫਿਲਮਾਂ 'ਚ ਕੰਮ ਵੀ ਕੀਤਾ। ਇਸ ਵਿੱਚ ਸਲਮਾਨ ਨਾਲ ਮੁਲਾਕਾਤ ਹੋਈ ਤੇ ਉਨ੍ਹਾਂ ਨੇ ਮੈਨੂੰ ਕਿਹਾ ਕਿ ਤੂੰ ਹੀਰੋ ਕਿਉਂ ਨਹੀਂ ਬਣਦਾ। ਇੰਨੀ ਵੱਡੀ ਹਸਤੀ ਨੂੰ ਮੈਂ 'ਨਾਂਹ' ਨਹੀਂ ਕਹਿ ਸਕਿਆ। ਉਨ੍ਹਾਂ ਦਾ ਮੇਰੇ 'ਤੇ ਵਿਸ਼ਵਾਸ ਦੇਖ ਕੇ ਮੈਂ ਹੈਰਾਨ ਰਹਿ ਗਿਆ। ਮੈਂ ਸੋਚਿਆ ਕਰ ਕੇ ਦੇਖਦੇ ਹਾਂ।

* 'ਇਸ਼ਕਜ਼ਾਦੇ' ਤੋਂ ਲੈ ਕੇ ਅੱਜ ਤੱਕ ਤੁਹਾਡੀ ਰਫ-ਟਫ ਤੇ ਰਾਊਡੀ ਇਮੇਜ਼ ਬਣੀ ਹੈ। ਕੀ ਤੁਸੀਂ ਇੱਕ ਹੀ ਇਮੇਜ਼ 'ਚ ਬੱਝਣਾ ਚਾਹੁੰਦੇ ਹੋ।

– ਜਾਣਬੁੱਝ ਕੇ ਅਜਿਹਾ ਕਦੇ ਨਹੀਂ ਕਰਦਾ, ਪਰ ਗੰਭੀਰਤਾ ਨਾਲ ਕਹਾਂ ਤਾਂ 'ਟੂ ਸਟੇਟਸ' ਵਰਗੀ ਮੇਰੀ ਸਭ ਤੋਂ ਸਫਲ ਫਿਲਮ 'ਚ ਮੇਰੀ ਸਾਫ-ਸੁਥਰੀ ਇਮੇਜ ਸੀ, ਬਹੁਤ ਸਾਰੇ ਲੋਕ ਮੈਨੂੰ ਰਫ-ਟਫ ਲੁੱਕ 'ਚ ਦੇਖਣਾ ਪਸੰਦ ਕਰਦੇ ਹਨ, ਪਰ ਨਾਲ ਹੀ ਉਨ੍ਹਾਂ ਨੇ ਮੈਨੂੰ ਇਸ ਦੇ ਠੀਕ ਆਪੋਜ਼ਿਟ ਕਿਰਦਾਰ ਵਿੱਚ ਵੀ ਓਨਾ ਹੀ ਪਿਆਰ ਦਿੱਤਾ ਹੈ। ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਕਿਸੇ ਵੀ ਤਰ੍ਹਾਂ ਦੀ ਇੱਕ ਇਮੇਜ 'ਚ ਬੱਝਣ ਦੀ ਗੱਲ ਹੋ ਹੀ ਨਹੀਂ ਸਕਦੀ।

* ਕਿਹਾ ਜਾਂਦਾ ਹੈ ਕਿ ਤੁਸੀਂ ਆਪਣੇ ਕਿਰਦਾਰ ਦੇ ਹਿਸਾਬ ਨਾਲ ਟਿਕ ਕੇ ਹੋਮਵਰਕ ਕਰਦੇ ਹੋ?

– ਹਰ ਕਲਾਕਾਰ ਲਈ ਇਹ ਕਰਨਾ ਜ਼ਰੂਰੀ ਹੁੰਦਾ ਹੈ, ਤਦੇ ਤੁਸੀਂ ਕਿਰਦਾਰ ਨਾਲ ਨਿਆਂ ਕਰ ਸਕਦੇ ਹੋ। ਸਭ ਤੋਂ ਪਹਿਲਾਂ ਤੁਹਾਨੂੰ ਆਪਣੀ ਪਿਛਲੀ ਫਿਲਮ ਤੋਂ ਬਾਹਰ ਆਉਣਾ ਹੁੰਦਾ ਹੈ ਤੇ ਇੱਕ ਨਵੇਂ ਵਿਅਕਤੀਗਤ ਨੂੰ ਅਪਣਾਉਣਾ ਹੁੰਦਾ ਹੈ। ਮੈਂ ਫਿਲਮਾਂ 'ਚ ਆਪਣੇ ਕਿਰਦਾਰਾਂ ਦੇ ਹਿਸਾਬ ਨਾਲ ਬੋਲਣ ਦੇ ਲਹਿਜ਼ੇ 'ਤੇ ਵੀ ਕਾਫੀ ਧਿਆਨ ਦਿੰਦਾ ਹਾਂ, ਪਰ ਮੈਨੂੰ ਐਕਸ਼ਨ ਸੀਕਵੈਂਸ ਲਈ ਕਾਫੀ ਮਾਨਸਿਕ ਤਿਆਰੀ ਕਰਨੀ ਪਈ।

* ਤੁਹਾਡੇ ਵਰਗੇ ਸ਼ਾਂਤ ਐਕਟਰ ਲਈ ਹਮਲਾਵਰ ਕਿਰਦਾਰ ਨਿਭਾਉਣਾ ਕਿੰਨਾ ਮੁਸ਼ਕਲ ਹੁੰਦਾ ਹੈ?

– ਅਜਿਹਾ ਕਿਰਦਾਰ ਨਿਭਾਉਣਾ ਮੁਸ਼ਕਲ ਹੁੰਦਾ ਹੈ ਕਿਉਂਕਿ ਮੈਂ ਥੋੜ੍ਹਾ ਸ਼ਾਂਤ ਸੁਭਾਅ ਦਾ ਹਾਂ। ਥੋੜ੍ਹਾ ਰਿਜ਼ਰਵ ਟਾਈਪ ਵੀ ਹਾਂ, ਇਸ ਲਈ ਮੇਰੇ ਵਾਸਤੇ ਇਹ ਕਾਫੀ ਦਿਲਚਸਪ ਹੁੰਦਾ ਹੈ ਕਿ ਮੈਂ ਕੈਮਰੇ ਦੇ ਸਾਹਮਣੇ ਆਪਣੇ ਵਿਅਕਤੀਤਵ ਦਾ ਦੂਜਾ ਪਹਿਲੂ ਪੇਸ਼ ਕਰਾਂ। ਮੈਂ ਹਮਲਾਵਰ ਸੁਭਾਅ ਦਾ ਮਜ਼ਾ ਲੈਂਦਾ ਹਾਂ, ਪਰ ਇਸ ਨਾਲ ਕਦੇ ਖੁਦ ਨੂੰ ਜੋੜ ਕੇ ਨਹੀਂ ਦੇਖਦਾ। ਮੈਂ ਅਜਿਹੇ ਕਿਰਦਾਰ ਨਿਭਾਉਣਾ ਪਸੰਦ ਕਰਦਾ ਹਾਂ ਕਿਉਂਕਿ ਮੈਂ ਅਸਲ ਜ਼ਿੰਦਗੀ ਵਿੱਚ ਅਜਿਹਾ ਨਹੀਂ ਹਾਂ।

* ਮਲਾਇਕਾ ਤੇ ਤੁਸੀਂ ਅੱਜ ਤੱਕ ਦੇ ਆਪਣੇ ਰਿਲੇਸ਼ਨਸ਼ਿਪ ਸਟੇਟਸ ਦਾ ਖੁਲਾਸਾ ਨਹੀਂ ਕੀਤਾ?

– ਸੀਰੀਅਸ ਨੋਟ 'ਤੇ ਗੱਲ ਕਰਾਂ ਤਾਂ ਮੈਂ ਵਿਆਹ ਨਹੀਂ ਕਰ ਰਿਹਾ, ਮੈਂ ਕਦੇ ਕਿਸੇ ਤੋਂ ਕੁਝ ਨਹੀਂ ਲੁਕੋਇਆ, ਪਰ ਮੇਰੀ ਪ੍ਰਸਨਲ ਲਾਈਫ ਵੀ ਸਨਮਾਨ ਦੀ ਹੱਕਦਾਰ ਹੈ। ਮੈਂ ਖੁਸ਼ ਹਾਂ, ਮੇਰੇ ਲਈ ਇਹ ਵੱਡੀ ਗੱਲ ਹੈ। ਮੈਂ ਇਸ 'ਚੁ ਕਝ ਨਹੀਂ ਜੋੜਨਾ ਚਾਹੁੰਦਾ। ਮੇਰੀ ਪ੍ਰਸਨਲ ਤੇ ਪ੍ਰੋਫੈਸ਼ਨਲ ਲਾਈਫ ਮੈਨੂੰ ਰਾਤ ਨੂੰ ਸਕੂਨ ਨਾਲ ਸੌਣ ਦੀ ਵਜ੍ਹਾ ਦਿੰਦੀ ਹੈ ਤੇ ਮੈਂ ਇਸ ਨੂੰ ਇੰਝ ਹੀ ਬਰਕਰਾਰ ਰੱਖਣਾ ਚਾਹੁੰਦਾ ਹਾਂ।

## ਮਾਇਆ ਨਗਰੀ ਵਿੱਚ ਖੁਦ ਨੂੰ ਸਾਬਤ ਕਰਨਾ ਪੈਂਦੈ : ਕ੍ਰਿਤੀ ਸਨਨ



ਕ੍ਰਿਤੀ ਸਨਨ ਨੂੰ ਪਿਛਲੀ ਫਿਲਮ 'ਲੁਕਾ ਛੁਪੀ' ਦੇ ਨਾਲ ਪਿੱਛੇ ਜਿਹੇ ਰਿਲੀਜ਼ ਹੋਈ 'ਕਲੰਕ' ਦੇ ਆਈਟਮ ਨੰਬਰ 'ਐਰਾ ਗੈਰਾ' ਵਿੱਚ ਵੀ ਕਾਫੀ ਪਸੰਦ ਕੀਤਾ ਗਿਆ। ਆਉਣ ਵਾਲੇ ਦਿਨਾਂ ਵਿੱਚ 'ਅਰਜੁਨ ਪਟਿਆਲਾ', 'ਹਾਊਸ ਫੁੱਲ 4' ਤੇ 'ਪਾਣੀਪਤ' ਵਰਗੀਆਂ ਵੱਡੀਆਂ ਫਿਲਮਾਂ ਵਿੱਚ ਨਜ਼ਰ ਆਉਣ ਵਾਲੀ ਕ੍ਰਿਤੀ ਦਾ ਮੰਨਣਾ ਹੈ ਕਿ ਇੰਡਸਟਰੀ 'ਚ ਟਿਕੇ ਰਹਿਣ ਲਈ ਖੁਦ ਨੂੰ ਸਾਬਤ ਕਰਨਾ ਪੈਂਦਾ ਹੈ।

ਉਹ ਕਹਿੰਦੀ ਹੈ, "ਪੱਖਪਾਤ ਹਰ ਇੰਡਸਟਰੀ ਵਿੱਚ ਹੁੰਦਾ ਹੈ, ਪਰ ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਇਸ ਨਾਲ ਮੌਕਾ ਪਹਿਲਾਂ ਜ਼ਰੂਰ ਮਿਲਦਾ ਹੈ, ਪਰ ਬਾਅਦ ਵਿੱਚ ਪ੍ਰਤਿਭਾ ਹੀ ਅੱਗੇ ਆਉਂਦੀ ਹੈ। ਇਹ ਸਹੀ ਹੈ ਕਿ ਇੰਡਸਟਰੀ ਵਿੱਚ ਰਹਿਣ ਵਾਲੇ ਲੋਕਾਂ ਦਾ ਧਿਆਨ ਪਹਿਲਾਂ ਸਟਾਰ ਕਿਡਸ 'ਤੇ ਹੀ ਕੇਂਦਰਿਤ ਹੁੰਦਾ ਹੈ। ਅਜਿਹੇ 'ਚ ਆਊਟਸਾਈਡਰ ਨੂੰ ਆਪਣੇ ਆਪ ਨੂੰ ਸਿੱਧ ਕਰਨ ਦੀ ਲੋੜ ਹੁੰਦੀ ਹੈ ਅਤੇ ਅਜਿਹਾ ਕਰਨ ਵਾਲਿਆਂ ਦੀ ਕੋਈ ਘਾਟ ਵੀ ਨਹੀਂ ਹੈ।"

ਇੱਕ ਤੋਂ ਬਾਅਦ ਇੱਕ ਹਿੱਟ ਫਿਲਮਾਂ ਦੇਣ ਤੋਂ ਬਾਅਦ ਕ੍ਰਿਤੀ ਸਨਨ ਨੇ ਆਪਣੀ ਫੀਸ ਪਹਿਲਾਂ ਦੇ ਮੁਕਾਬਲੇ ਵਧਾ ਦਿੱਤੀ ਹੈ। ਸੂਤਰਾਂ ਅਨੁਸਾਰ ਸਰੋਗੇਸੀ ਆਧਾਰਤ ਆਪਣੀ ਅਗਲੀ ਫਿਲਮ ਲਈ ਉਹ ਵਧੀ ਫੀਸ ਮੰਗ ਰਹੀ ਹੈ। ਫਿਲਮ 'ਬਰੇਲੀ ਕੀ ਬਰਫੀ' ਦੀ ਸਫਲਤਾ ਉਸ ਦੇ ਕਰੀਅਰ ਲਈ ਅਹਿਮ ਸਾਬਤ ਹੋਈ ਹੈ ਤੇ ਅੱਗੋਂ ਫਿਲਮ 'ਲੁਕਾ ਛੁਪੀ' ਦੀ ਸਫਲਤਾ ਨੇ ਬਾਲੀਵੁੱਡ ਵਿੱਚ ਉਸ ਦੀ ਧਾਂਕ ਜਮਾ ਦਿੱਤੀ ਹੈ। ਫਿਲਮ ਵਿੱਚ ਕ੍ਰਿਤੀ ਤੇ ਕਾਰਤਿਕ ਆਰੀਅਨ ਦੀ ਜੋੜੀ ਨੂੰ ਖੂਬ ਪਸੰਦ ਕੀਤਾ ਗਿਆ ਤੇ ਦੋਵਾਂ ਦੀ ਐਕਟਿੰਗ ਨੂੰ ਵੀ ਖੂਬ ਸਲਾਹਿਆ ਗਿਆ।

'ਲੁਕੀ ਛੁਪੀ' ਬਹੁਤ ਘੱਟ ਬਜਟ ਵਿੱਚ ਬਣੀ ਸੀ, ਪਰ ਫਿਲਮ ਨੇ ਖੂਬ ਕਮਾਈ ਕੀਤੀ। ਕਿਹਾ ਜਾਂਦਾ ਹੈ ਕਿ ਕ੍ਰਿਤੀ ਸਾਰਾ ਧਿਆਨ ਆਪਣੀਆਂ ਅਗਲੀਆਂ ਫਿਲਮਾਂ 'ਤੇ ਦੇ ਰਹੀ ਹੈ। ਉਸ ਨੇ ਅਮਰ ਕੌਸ਼ਿਕ ਦੀ ਸਰੋਗੇਸੀ 'ਤੇ ਆਧਾਰਤ ਫਿਲਮ ਵੀ ਸਾਈਨ ਕੀਤੀ ਹੈ, ਜਿਸ ਲਈ ਉਸ ਨੇ ਆਪਣੀ ਫੀਸ ਵਿੱਚ ਚਾਲੀ ਫੀਸਦੀ ਦਾ ਵਾਧਾ ਕਰ ਲਿਆ ਹੈ।

## 12 ਜੁਲਾਈ ਨੂੰ ਆ ਸਕਦੀ ਹੈ ਰਿਤਿਕ ਰੋਸ਼ਨ ਦੀ 'ਸੁਪਰ 30'




ਫਿਲਮ 'ਸੁਪਰ 30' ਦੀ ਰਿਲੀਜ਼ ਡੇਟ ਬਾਰੇ ਅਜੇ ਤੱਕ ਕਨਫਿਊਜ਼ਨ ਬਣੀ ਹੋਈ ਹੈ। ਇਹ ਫਿਲਮ ਪਹਿਲਾਂ 26 ਜੁਲਾਈ ਨੂੰ ਰਿਲੀਜ਼ ਹੋਣ ਵਾਲੀ ਸੀ, ਪਰ ਕੰਗਨਾ ਰਣੌਤ ਦੀ 'ਮੈਂਟਲ ਹੈ ਕਯਾ' ਨਾਲ ਹੋਣ ਵਾਲੇ ਕਲੈਸ਼ ਦੇ ਕਾਰਨ ਰਿਤਿਕ ਨੇ ਇਸ ਨੂੰ ਟਾਲਣ ਦਾ ਫੈਸਲਾ ਕੀਤਾ। ਫਿਲਹਾਲ ਮੇਕਰਸ ਇਸ ਫਿਲਮ ਲਈ ਸਹੀ ਰਿਲੀਜ਼ ਡੇਟ ਤਲਾਸ਼ ਰਹੇ ਹਨ।

ਸੂਤਰਾਂ ਦੀ ਮੰਨੀਏ ਤਾਂ ਰਿਤਿਕ ਚਾਹੁੰਦੇ ਹਨ ਕਿ ਫਿਲਮ ਪੰਜ ਸਤੰਬਰ ਨੂੰ ਟੀਚਰਜ਼ ਡੇਅ 'ਤੇ ਰਿਲੀਜ਼ ਹੋਵੇ, ਪਰੰਤੂ ਨਿਰਮਾਤਾ ਚਾਹੁੰਦੇ ਹਨ ਕਿ ਫਿਲਮ ਸਤੰਬਰ ਤੋਂ ਪਹਿਲਾਂ ਰਿਲੀਜ਼ ਕੀਤੀ ਜਾਏ। ਉਹ ਨਹੀਂ ਚਾਹੁੰਦੇ ਕਿ ਇਸ ਨੂੰ ਸਤੰਬਰ ਤੱਕ ਖਿਚਿਆ ਜਾਏ, ਇਸ ਲਈ ਸਾਰੇ ਨਵੀਂ ਰਿਲੀਜ਼ ਡੇਟ ਲੱਭਣ ਵਿੱਚ ਲੱਗੇ ਹੋਏ ਹਨ।

## 'ਕੁਲੀ ਨੰਬਰ 1' ਦੇ ਰੀਮੇਕ ਤੋਂ ਖੁਸ਼ ਨਹੀਂ ਗੋਵਿੰਦਾ



ਡੇਵਿਡ ਧਵਨ 1995 ਵਿੱਚ ਰਿਲੀਜ਼ ਹੋਈ ਆਪਣੀ ਫਿਲਮ 'ਕੁਲੀ ਨੰਬਰ 1' ਦਾ ਰੀਮੇਕ ਬਣਾਉਣ ਜਾ ਰਹੇ ਨਹ। ਰੀਮੇਕ ਵਿੱਚ ਵਰੁਣ ਨੇ ਗੋਵਿੰਦਾ ਦੀ ਜਗ੍ਹਾ ਲਈ ਹੈ ਅਤੇ ਸਾਰਾ ਅਲੀ ਖਾਨ ਇਸ ਵਿੱਚ ਕ੍ਰਿਸ਼ਮਾ ਕਪੂਰ ਦੀ ਭੂਮਿਕਾ ਨਿਭਾ ਰਹੀ ਹੈ। ਸੂਤਰਾਂ ਦੀ ਮੰਨੀਏ ਤਾਂ ਗੋਵਿੰਦਾ ਫਿਲਮ ਦੇ ਰੀਮੇਕ ਤੋਂ ਖੁਸ਼ ਨਹੀਂ ਹੈ। ਇਹ ਉਨ੍ਹਾਂ ਦੀ ਮਸ਼ਹੂਰ ਫਿਲਮਾਂ ਵਿੱਚੋਂ ਇੱਕ ਹੈ ਅਤੇ ਉਹ ਨਹੀਂ ਚਾਹੁੰਦੇ ਕਿ ਇਸਦਾ ਰੀਮੇਕ ਬਣਾਇਆ ਜਾਏ, ਪ੍ਰੰਤੂ ਉਹ ਇਸ ਦਾ ਵਿਰੋਧ ਨਹੀਂ ਕਰ ਸਕਦੇ।

ਹਾਲ ਹੀ ਵਿੱਚ ਇੱਕ ਪ੍ਰੋਗਰਾਮ ਵਿੱਚ ਜਦ ਗੋਵਿੰਦਾ ਤੋਂ ਅਸੀਂ ਰੀਮੇਕ ਦੇ ਬਾਰੇ ਪੁੱਛਿਆ ਤਾਂ ਉਨ੍ਹਾਂ ਨੇ ਇਸ ਸਵਾਲ ਦਾ ਜਵਾਬ ਦੇਣ ਤੋਂ ਇਨਕਾਰ ਕਰ ਦਿੱਤਾ। ਸੂਤਰਾਂ ਮੁਤਾਬਕ ਡੇਵਿਡ ਧਵਨ ਦੇ ਨਾਲ ਗੋਵਿੰਦੇ ਦੇ ਰਿਸ਼ਤੇ ਚੰਗੇ ਹੁੰਦੇ ਤਾਂ ਗੋਵਿੰਦਾ ਨੂੰ ਰੀਮੇਕ ਵਿੱਚ ਕੈਮੀਓ ਕਰਨਾ ਪਸੰਦ ਹੁੰਦਾ।







